




The Punjabi Newspaper
ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 I Regina/Saskatoon : 639 999 1000 : Winnipeg 431 733 3000

Chief Editor : Harbans Buttar








Vol: 9 No: 210 Website : www.punjabiakhbaar.ca EmaiÍ: editor@punjabiakhbaar.ca Friday, 16 December 2022


## ਅਲਬਰਟਾ ਸਰਕਾਰ ਨੇ ਪ੍ਰਭੂਸੱਤਾ ਕਾਨੂੰਨ ਆਖਿਰ ਪਾਸ ਕਰ ਹੀ ਦਿੱਤਾ ਹੈ



ਅਲਬਰਟਾ ਪ੍ਰੀਮੀਅਰ ਡੈਨੀਅਲ ਸਮਿੱਥ ਐਮ ਐਲ ਏ ਦਵਿੰਦਰ ਤੂਰ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸਰਕਾਰ ਦੁਆਰਾ ਪ੍ਰੀਮੀਅਰ ਡੈਨੀਅਲ ਸਮਿੱਥ ਦੀ ਅਗਵਾਈ ਵਿੱਚ ਆਪਣਾ ਵਿਵਾਦਿਤ ਪ੍ਰਭੂਸੱਤਾ ਐਕਟ ਪਾਸ ਕਰ ਦਿੱਤਾ ਗਿਆ ਹੈ ਇਸ ਐਕਟ ਸਬੰਧੀ ਤੀਜੀ ਤੇ ਫਾਈਨਲ ਰੀਡਿੰਗ ਉਸ ਦਿਨ ਦੇਰ ਰਾਤ ਨੇਪਰੇ ਚੜੀ ਪਰ ਇਸ ਐਕਟ ਨੂੰ ਪਾਸ ਕਰਨ ਤੋਂ ਪਹਿਲਾਂ ਇਸ ਵਿੱਚੋਂ ਉਹ ਮਦ ਹਟਾਉਣੀ ਪਈ ਜਿਸ ਰਾਹੀਂ ਕੈਬਿਨਟ ਨੂੰ ਵਿਧਾਨ ਸਭਾ ਨੂੰ ਬਾਈਪਾਸ ਕਰਕੇ ਕਿਸੇ ਕਾਨੂੰਨ ਨੂੰ ਲਿਖਣ ਜਾਂ ਬਦਲਣ ਦੀਆਂ ਅਸੀਮਤ ਸ਼ਕਤੀਆਂ ਮਿਲਣੀਆਂ ਸਨ। ਸੱਤਾਧਾਰੀ ਯੂਨਾਈਟਿਡ ਕੰਜ਼ਰਵਟਿਵ ਪਾਰਟੀ ਦੇ ਵਿਧਾਇਕ ਦਵਿੰਦਰ ਤੂਰ ਨੇ ਪੰਜਾਬੀ ਅਖ਼ਬਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਬਿਲ ਅਲਬਰਟਾ ਸੂਬੇ ਲਈ ਬਹੁਤ ਜਰੂਰੀ ਸੀ। ਇਸ ਸਬੰਧੀ ਅਲਬਰਟਾ ਸੂਬੇ ਨੇ ਸਾਫ ਸ਼ਬਦਾਵਲੀ ਵਿੱਚ ਇਸ ਦੀਆਂ ਹੱਦਬੰਦੀ ਦੀਆਂ ਸ਼ਰਤਾਂ ਤਹਿ ਕਰ ਦਿੱਤੀਆਂ ਹਨ। ਆਉਣ ਵਾਲੇ ਦਿਨਾਂ ਵਿੱਚ ਇਨਵੈਸਟਰ ਦਾ ਵਿਸਵਾਸ਼ ਵਧੇਗਾ। ਜਿਹੜੇ ਵੀ ਇਨਵੈਸਟਰ ਅਲਬਰਟਾ ਸੂਬੇ ਅੰਦਰ ਇਨਵੈਸਟ ਕਰਨਾ ਚਾਹੁੰਦੇ ਹਨ ਹੁਣ ਉਹਨਾਂ ਨੂੰ ਸਾਫ ਸਾਫ ਜਾਣਕਾਰੀ ਮਿਲੇਗੀ। ਪਰ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਲਬਰਟਾ ਸਰਕਾਰ ਦੁਆਰਾ ਪਾਸ ਕੀਤੇ ਗਏ ਪ੍ਰਭੂਸੱਤਾ ਐਕਟ 'ਤੇ ਟਿੱਪਣੀ ਕਰਦਿਆਂ ਆਖਿਆ ਹੈ ਕਿ ਸਾਡਾ ਸਾਰਾ ਧਿਆਨ ਅਲਬਰਟਾ ਦੇ ਲੋਕਾਂ ਦੀ ਭਲਾਈ ਉੱਪਰ ਕੇਂਦਰਤ ਹੈ। ਜਿਨ੍ਹਾਂ ਵਿਚ ਚਾਈਲਡ ਕੇਅਰ ਅਤੇ ਡੈਂਟਲ ਕੇਅਰ ਆਦਿ ਸ਼ਾਮਿਲ ਹਨ। ਉਨਾਂ ਆਖਿਆ ਕਿ ਅਸੀਂ ਅਲਬਰਟਾ ਸਰਕਾਰ ਨਾਲ ਕਿਸੇ ਬਹਿਸ ਵਿੱਚ ਨਹੀਂ ਪੈਣਾ ਚਾਹੁੰਦੇ।

## ਬਾਦਲਾਂ ਤੇ ਵੱਡੇ ਟਰਾਂਸਪੋਰਟਰਾਂ ਦੀਆਂ ਬੱਸਾਂ ਦਾ ਚੰਡੀਗੜ੍ਹ ’ਚ ਦਾਖਲਾ ਬੰਦ ਹੋਇਆ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਵਿੱਚੋਂ ਪ੍ਰਾਈਵੇਟ ਬੱਸ ਮਾਫ਼ੀਆ ਜੜ੍ਹੋਂ ਖ਼ਤਮ ਕਰਨ ਦੇ ਵਾਅਦੇ ਨਾਲ ਸੱਤਾ ਸੰਭਾਲਣ ਵਾਲੀ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਅਹਿਮ ਫ਼ੈਸਲਾ ਲੈਂਦਿਆਂ ਅੰਤਰ-ਰਾਜੀ ਰੂਟਾਂ ’ਤੇ ਬਾਦਲ ਪਰਿਵਾਰ ਅਤੇ ਵੱਡੇ ਬੱਸ ਅਪਰੇਟਰਾਂ ਦੀਆਂ ਨਿੱਜੀ ਬੱਸਾਂ ਦਾ ਏਕਾਧਿਕਾਰ ਖ਼ਤਮ ਕਰ ਦਿੱਤਾ ਹੈ। ਇਸ ਬਾਰੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਬਾਦਲ ਪਰਿਵਾਰ ਨੇ 2007 ਤੋਂ 2017 ਦੀਆਂ ਆਪਣੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਆਪਣੇ ਨਿੱਜੀ ਕਾਰੋਬਾਰ ਚਲਾਉਣ ਦੀ ਸੌੜੀ ਨੀਤੀ ਤਹਿਤ ਸਕੀਮਾਂ ਬਣਾਈਆਂ, ਜਿਸ ਵਿੱਚ ਉਨ੍ਹਾਂ ਤੋਂ ਬਾਅਦ ਦੀ ਕਾਂਗਰਸ ਸਰਕਾਰ ਨੇ ਵੀ ਬਾਦਲਾਂ ਦੇ ਟਰਾਂਸਪੋਰਟ ਕਾਰੋਬਾਰ ਚਲਾਉਣ ਵਿੱਚ ਮਦਦ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਇਸੇ ਮਨਸ਼ੇ ਤਹਿਤ ‘ਪੰਜਾਬ ਟਰਾਂਸਪੋਰਟ ਸਕੀਮ-2018’ ਬਣਾਈ ਗਈ, ਜਿਸ ਵਿੱਚ ਸੂਬੇ ਦਾ ਹਿੱਸਾ ਘਟਾ ਕੇ ਵੱਡੇ ਬੱਸ ਅਪਰੇਟਰਾਂ ਨੂੰ ਲਾਹਾ ਦਿੱਤਾ ਗਿਆ। ਇਸ ਦਾ ਸਿੱਧਾ ਫ਼ਾਇਦਾ ਬਾਦਲ ਪਰਿਵਾਰ ਨੂੰ ਮਿਲਿਆ, ਸਗੋਂ ਚੰਡੀਗੜ੍ਹ ਵਿੱਚ ਬਾਦਲ ਪਰਿਵਾਰ ਦੀਆਂ ਬੱਸਾਂ ਦਾ ਦਾਖ਼ਲਾ ਬਾਦਸਤੂਰ ਜਾਰੀ ਰਿਹਾ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੱਡੀ ਪੱਧਰ ’ਤੇ ਢਾਹ ਲਾਈ ਜਾਂਦੀ ਰਹੀ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਟਰਾਂਸਪੋਰਟ ਸਕੀਮ-2018 ਵਿੱਚ ਸੋਧ ਕਰਕੇ ਇਸ ਨੂੰ ਪੰਜਾਬ ਟਰਾਂਸਪੋਰਟ (ਸੋਧ) ਸਕੀਮ-2022 ਕਰ ਦਿੱਤਾ ਗਿਆ ਹੈ। ਸਕੀਮ ਦੇ ਕਲਾਜ-3 ਦੇ ਲੜੀ ਨੰਬਰ-ਬੀ ਵਿੱਚ ਤਰਮੀਮ ਨਾਲ ਹੁਣ 100 ਫ਼ੀਸਦੀ ਸ਼ੇਅਰ ਨਾਲ ਸਿਰਫ਼ ਸੂਬਾ ਸਰਕਾਰ ਦੀਆਂ ਬੱਸਾਂ ਹੀ ਚੰਡੀਗੜ੍ਹ ਵਿੱਚ ਦਾਖ਼ਲ ਹੋ ਸਕਣਗੀਆਂ। ਉਨ੍ਹਾਂ ਦੱਸਿਆ ਕਿ ਅੰਤਰ-ਰਾਜੀ ਰੂਟਾਂ ’ਤੇ 39 ਜਾਂ ਇਸ ਤੋਂ ਵੱਧ ਸਵਾਰੀਆਂ ਦੀ ਸਮਰੱਥਾ ਵਾਲੀਆਂ ਏਅਰ-ਕੰਡੀਸ਼ਨਡ ਸਟੇਜ ਕੈਰਿਜ ਬੱਸਾਂ ਸਿਰਫ਼ ਸਟੇਟ ਟਰਾਂਸਪੋਰਟ ਅੰਡਰਟੇਕਿੰਗਜ਼ ਵੱਲੋਂ ਹੀ ਹਰ ਸ਼੍ਰੇਣੀ ਵਿੱਚ ਉਨ੍ਹਾਂ ਦੇ ਸਮੁੱਚੇ ਸ਼ੇਅਰ ਵਿੱਚੋਂ ਹੀ ਚਲਾਈਆਂ ਜਾਣਗੀਆਂ।



## ਕੋਟਕਪੂਰਾ ਗੋਲੀਕਾਂਡ ਕੇਸ ’ਚ ਐੱਸ.ਆਈ.ਟੀ. ਵੱਲੋਂ ਸੁਖਬੀਰ ਬਾਦਲ ਨਾਲ ਕਰੀਬ 3 ਘੰਟੇ ਤਕ ਪੁੱਛਗਿੱਛ

ਚੰਡੀਗੜ੍ਹ(ਪੰਜਾਬੀ ਅਖਬਾਰ ਬਿਊਰੋ)-ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਸੋਮਵਾਰ ਨੂੰ ਸਾਢੇ ਕੁ 11 ਵਜੇ ਐੱਸ.ਆਈ.ਟੀ. ਸਾਹਮਣੇ ਪੇਸ਼ ਹੋਏ। ਕੋਟਕਪੂਰਾ ਗੋਲੀਕਾਂਡ ਕੇਸ ’ਚ ਐੱਲ.ਕੇ. ਯਾਦਵ ਦੀ ਐੱਸ.ਆਈ.ਟੀ. ਨੇ ਉਨ੍ਹਾਂ ਨਾਲ ਕਰੀਬ ਤਿੰਨ ਘੰਟੇ ਸਵਾਲ ਜਵਾਬ ਕੀਤੇ। ਪੁੱਛਗਿੱਛ ਖ਼ਤਮ ਹੋਣ ਤੋਂ ਬਾਅਦ ਸੁਖਬੀਰ ਬਾਦਲ ਬਿਨਾਂ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੱਤੇ ਚਲੇ ਗਏ। ਐੱਸ.ਆਈ.ਟੀ. ਨੇ ਇਸ ਤੋਂ ਪਹਿਲਾਂ 30 ਅਗਸਤ ਤੇ 14 ਸਤੰਬਰ ਨੂੰ ਸੁਖਬੀਰ ਬਾਦਲ ਨੂੰ ਸੰਮਨ ਜਾਰੀ ਕੀਤੇ ਸਨ ਜਿਨ੍ਹਾਂ ਨੂੰ ਸੁਖਬੀਰ ਬਾਦਲ ਨੇ ਰਿਸੀਵ ਨਹੀਂ ਕੀਤਾ ਸੀ ਤੇ ਉਸ ਵੇਲੇ ਦੇਸ਼ ਤੋਂ ਬਾਹਰ ਹੋਣ ਦਾ ਹਵਾਲਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਸਾਲ 2015 ’ਚ ਜਦੋਂ ਕੋਟਕਪੂਰਾ ਗੋਲੀਕਾਂਡ ਹੋਇਆ ਸੀ, ਉਦੋਂ ਸੁਖਬੀਰ ਬਾਦਲ ਪੰਜਾਬ ਦੇ ਉਪ ਮੁੱਖ ਮੰਤਰੀ ਸਨ ਤੇ ਗ੍ਰਹਿ ਵਿਭਾਗ ਉਨ੍ਹਾਂ ਕੋਲ ਹੀ ਸੀ।



## ਵਿਆਹ ਦੌਰਾਨ ਸਿੱਧੂ ਮੂਸੇਵਾਲਾ ਦੇ ਪਿਤਾ ਦੇ ਗੰਨਮੈਨ ਪਾਸੋਂ ਗੋਲ਼ੀ ਚੱਲਣ ਨਾਲ ਇੱਕ ਹੋਰ ਗੰਨਮੈਨ ਜ਼ਖ਼ਮੀ

ਮਾਨਸਾ (ਪੰਜਾਬੀ ਅਖਬਾਰ ਬਿਊਰੋ)- ਮਾਨਸਾ ਕੈਂਚੀਆਂ ਦੇ ਨੇੜੇ ਮੈਰਿਜ ਪੈਲੇਸ ਰਾਇਲ ਗਰੀਨ ’ਚ ਵਿਆਹ ਦੌਰਾਨ ਗੋਲੀ ਚਲਾਉਣ ਵਾਲੇ ਨਵਜੋਤ ਸਿੰਘ ਦੀ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇ ਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੇ ਗੰਨਮੈਨ ਵਜੋਂ ਪਛਾਣ ਹੋਈ ਹੈ। ਗੋਲੀ ਚੱਲਣ ਕਾਰਨ ਇਕ ਵਿਅਕਤੀ ਜ਼ਖ਼ਮੀ ਹੋ ਗਿਆ ਸੀ, ਜਿਸ ਨੂੰ ਮਗਰੋਂ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਅਤੇ ਬਾਅਦ ਵਿੱਚ ਬਠਿੰਡਾ ਲਈ ਰੈਫ਼ਰ ਕਰ ਦਿੱਤਾ ਗਿਆ ਹੈ। ਪੁਲਿਸ ਪੜਤਾਲ ਦੌਰਾਨ ਪਤਾ ਲੱਗਿਆ ਹੈ ਕਿ ਜਿਸ ਨੂੰ ਗੋਲੀ ਲੱਗੀ ਹੈ, ਉਹ ਵੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਦਾ ਗੰਨਮੈਨ ਹੈ। ਇਸ ਦੀ ਪੁਸ਼ਟੀ ਬਾਅਦ ਦੁਪਹਿਰ ਥਾਣਾ ਸਿਟੀ ਮਾਨਸਾ ਦੇ ਮੁਖੀ ਬਲਦੇਵ ਸਿੰਘ ਵਲੋਂ ਕੀਤੀ ਗਈ ਹੈ। ਪੁਲਿਸ ਅਨੁਸਾਰ ਨਵਜੋਤ ਸਿੰਘ ਸਿੱਧੂ, ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦਾ ਗੰਨਮੈਨ ਹੈ, ਜੋ ਛੁੱਟੀ ਲੈ ਕੇ ਹੀ ਵਿਆਹ ਵੇਖਣ ਆਇਆ ਸੀ ਅਤੇ ਉਸ ਪਾਸੋਂ ਬਿਨਾਂ ਕਿਸੇ ਮੰਦਭਾਵਨਾ ਤੋਂ ਗੋਲੀ ਚੱਲ ਗਈ, ਜਿਸ ਦੌਰਾਨ ਗੁਰਵਿੰਦਰ ਸਿੰਘ ਜ਼ਖ਼ਮੀ ਹੋ ਗਿਆ। ਡੀਐੱਸਪੀ ਸੰਜੀਵ ਗੋਇਲ ਨੇ ਦੱਸਿਆ ਕਿ ਮੈਰਿਜ ਪੈਲੇਸ ’ਚ ਬਰਾਤ ਆਈ ਹੋਈ ਸੀ। ਇਸ ਦੌਰਾਨ ਨਵਜੋਤ ਸਿੰਘ ਵੱਲੋਂ ਫ਼ਾਇਰ ਕੀਤਾ ਗਿਆ ਅਤੇ ਗੁਰਵਿੰਦਰ ਸਿੰਘ ਜ਼ਖ਼ਮੀ ਹੋ ਗਿਆ।












## ਤਾਲਿਬਾਨ ਦੇ ਸ਼ਰੀਆ ਕਾਨੂੰਨ ਮੁਤਾਬਿਕ ਕਿਸੇ ਵੀ ਔਰਤ ਲਈ ਇਕੱਲੇ ਬਾਹਰ ਜਾ ਕੇ ਖਰੀਦਦਾਰੀ ਕਰਨ ਦੀ ਸਖਤ ਮਨਾਹੀ ਹੈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫਗਾਨਿਸਤਾਨ ਵਿੱਚ ਪਿਛਲੇ ਸਾਲ ਅਗਸਤ ਵਿੱਚ ਫਿਰ ਤੋਂ ਕਾਬਜ਼ ਹੋਏ ਤਾਲਿਬਾਨ ਦੀ ਬੇਰਹਿਮੀ ਲਗਾਤਾਰ ਵਧਦੀ ਜਾ ਰਹੀ ਹੈ। ਹਰ ਰੋਜ ਅਜਿਹੀਆਂ ਦਰਦਨਾਕ ਵੀਡੀ? ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਵਿੱਚ ਔਰਤਾਂ ’ਤੇ ਅੱਤਿਆਚਾਰ ਹੁੰਦੇ ਨਜਰ ਆ ਰਹੇ ਹਨ। ਅਜਿਹਾ ਹੀ ਇੱਕ ਵੀਡੀ? ਸੋਸਲ ਮੀਡੀਆ ’ਤੇ ਵਾਇਰਲ ਹੋ ਰਿਹਾ ਹੈ। ਵੀਡੀ? ‘ਚ ਦੇਖਿਆ ਜਾ ਸਕਦਾ ਹੈ ਕਿ ਤਾਲਿਬਾਨ ਦੇ ਮੈਂਬਰ ਔਰਤਾਂ ਨੂੰ ਸ਼ਰੇਆਮ ਕੋੜੇ ਮਾਰ ਰਹੇ ਹਨ। ਤਾਲਿਬਾਨ ਦੇ ਸ਼ਰੀਆ ਕਾਨੂੰਨ ਮੁਤਾਬਿਕ ਕਿਸੇ ਵੀ ਔਰਤ ਲਈ ਇਕੱਲੇ ਬਾਹਰ ਜਾ ਕੇ ਖਰੀਦਦਾਰੀ ਕਰਨ ਦੀ ਸਖਤ ਮਨਾਹੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਨ੍ਹਾਂ ਔਰਤਾਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ, ਉਹ ਕਥਿੱਤ ਤੌਰ ’ਤੇ ਬਿਨਾਂ ਕਿਸੇ ਮਰਦ ਦੇ ਇਕੱਲੀਆਂ ਬਾਜ਼ਾਰ ਵਿੱਚ ਗਈਆਂ ਸਨ। ਕਰੀਬ ਦੋ ਮਿੰਟ ਦਾ ਵੀਡੀ? ਤਖਾਰ ਸੂਬੇ ਦਾ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ 23 ਨਵੰਬਰ ਨੂੰ ਤਾਲਿਬਾਨ ਨੇ ਕੁੱਝ ਔਰਤਾਂ ਨੂੰ ਜਨਤਕ ਤੌਰ ’ਤੇ ਕੋੜੇ ਮਾਰੇ ਸਨ। ਇਨ੍ਹਾਂ ਔਰਤਾਂ ’ਤੇ ਨੈਤਿਕ ਗਿਰਾਵਟ ਦਾ ਦੋਸ਼ ਲਗਾਇਆ ਗਿਆ ਸੀ। 24 ਨਵੰਬਰ ਨੂੰ ਵੀ ਤਾਲਿਬਾਨ ਨੇ ਫੁੱਟਬਾਲ ਸਟੇਡੀਅਮ ਵਿੱਚ ਹਜਾਰਾਂ ਦੀ ਭੀੜ ਦੇ ਸਾਹਮਣੇ ਨੈਤਿਕ ਅਪਰਾਧਾਂ ਦੇ ਦੋਸ਼ੀ 12 ਲੋਕਾਂ ਨੂੰ ਕੁੱਟਿਆ ਸੀ। ਇਨ੍ਹਾਂ 12 ਵਿਅਕਤੀਆਂ ਵਿੱਚ ਤਿੰਨ ਔਰਤਾਂ ਵੀ ਸ਼ਾਮਲ ਸਨ।






































# SIZE MATTERS

## ਆਓ $20,000* ਤੱਕ ਦੀ ਬੱਚਤ ਕਰੀਏ !

ਵੱਡੇ ਪ੍ਰਾਇਮਰੀ ਬੈੱਡਰੂਮ,ਵੱਡਾ ਮੇਨ ਫਲੋਰ, ਲਿਵਿੰਗ ਏਰੀਆ,ਵੱਡੇ ਗੈਰਾਜ,ਬੋਨਸ ਹੋਮ ਆਫਿਸ ਅਤੇ ਪਰਾਈਮ ਲੋਕੇਸਨ ਉੱਪਰ ਹੋਰ ਵੀ ਬਹੁਤ ਕੁੱਝ ਤੁਹਾਡੇ ਪੈਸੇ ਦੀ ਕਦਰ ਕਰਦਿਆਂ, ਵੈਸਟਾ ਦੀ ਆਫਰ ਵਿੱਚ ਸਾਮਿਲ ਹਨ!

ਇਹ ਸਾਰਾ ਕੁੱਝ ਮੁਕਾਬਲੇਬਾਜੀ ਵਾਲੀਆਂ ਕੀਮਤਾਂ ਵਿੱਚ ਸਾਮਿਲ ਹੈ!

**ਟਾਊਨ ਹੋਮ**
**$385,000 ਤੋਂ ਸ਼ੁਰੂ**







**ਰੋਅ ਹੋਮ**
**$485,000 ਤੋਂ ਸ਼ੁਰੂ**







| Vesta Townhomes | VS | Other Townhomes |
|---|---|---|
| 1,380 -1,885 sq.ft. | ਕੁੱਲ ਸਕੇਅਰ ਫੁੱਟ | 946 -1,345 sq.ft. |
| 9 ft | ਮੇਨ ਫਲੋਰ ਦੀ ਛੱਤ | 8 ft |
| 17'4 x 10'8 | ਬੈੱਡਰੂਮ | 9'5 x 9'1 |
| 15'2 x 11'1 | ਫਲੈਕਸ ਰੂਮ | 7'9 x 7'3 |
| 14'9 x 15'1 | ਕਿਚਨ | 12'7 x 13'8 |
| 14'4 x 8'2 | ਡੈੱਕ ਸਾਈਜ | 7'5 x 5'6 |

COPPERSTONE AT COPPERFIELD

587.352.4266
COPPERSTONELIVING.COM

SHOWHOMES & SALES CENTRE
1233 Copperfield Blvd SE,
Calgary, AB T2Z 5G1

| Vesta Rowhomes | VS | Other Rowhomes |
|---|---|---|
| 1,599 -1,727 sq.ft. | ਕੁੱਲ ਸਕੇਅਰ ਫੁੱਟ | 1,170 - 1,300 sq.ft. |
| 777 - 833 sq.ft. | ਮੇਨ ਫਲੋਰ ਸਕੇਅਰ ਫੁੱਟ | 585 - 650 sq.ft. |
| 13'4 x 12'5 | ਪ੍ਰਾਇਮਰੀ ਬੈੱਡ ਰੂਮ | 12'5 x 11'5 |
| 9'4 x 6'3 | ਆਫਿਸ ਸਪੇਸ | No |
| 24' x 20' | ਗੈਰਾਜ ਸਾਈਜ | 20' x 20' |
| 2 car garage + 2 car driveway | ਪ੍ਰਾਈਵੇਟ ਪਾਰਕਿੰਗ | 2 car garage |

SOUTHPOINT
A MASTER PLANNED COMMUNITY

403.980.1979
VESTASOUTHPOINT.COM

SHOWHOMES & SALES CENTRE
600 South Point Heath SW
Airdrie AB

VESTA PROPERTIES

* $20,000 off on select homes only. Home prices exclude GST.
All dimensions and sizes are approximate. Renderings and prices and subjects to change without notice. E. & O.E.

# ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ ਐਡਮਿੰਟਨ ਵੱਲੋਂ ਬਜ਼ੁਰਗਾਂ ਨੂੰ ਜਾਗਰੂਕ ਕਰਨ ਸਬੰਧੀ ਵਿਸ਼ੇਸ਼ ਪ੍ਰੋਗਰਾਮ ਰੱਖਿਆ ਗਿਆ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ ਐਡਮਿੰਟਨ ਵੱਲੋ ਮਿਲਵੁਡ ਕਲਚਰਲ ਸੁਸਾਇਟੀ ਆਫ ਦੀ ਰਿਟਾਇਰਡ ਐਡ ਸੈਮੀ ਰਿਟਾਇਰਡ 48 ਸਟਰੀਟ 1560 ਦਫਤਰ ਵਿਖੇ "ਮਾਨਸਿਕ ਸਿਹਤ" ਸਬੰਧੀ ਪ੍ਰੋਗਰਾਮ ਕੀਤਾ ਗਿਆ। ਇਸ ਸਬੰਧੀ ਪੰਜਾਬੀ ਅਖ਼ਬਾਰ ਨੂੰ ਜਾਣਕਾਰੀ ਦਿੰਦੇ ਹੋਏ ਸਤੀਸ਼ ਸਚਦੇਵਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸੁਸਾਇਟੀ ਦੇ ਮੈਬਰਾਂ, ਅਹੁਦੇਦਾਰਾਂ ਅਤੇ ਯੂਨੀਵਰਸਿਟੀ ਆ ਫ ਅਲਬਰਟਾ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ।। ਮੁੱਖ ਮਹਿਮਾਨ ਵੱਜੋ ਸ਼੍ਰੀ ਬਲਦੇਵ ਮੁੱਤਾ ਚੀਫ ਐਗਜੈਕਟਿਵ ਅਫਸਰ ਪੰਜਾਬੀ ਕਮਿਊਨਿਟੀ ਹੈਲਥ ਸਰਵਿਸਜ ਪਹੁੰਚੇ। ਉਹਨਾਂ ਬਜੁਰਗਾਂ, ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਬਾਰੇ ਬੋਲਦਿਆਂ ਦੱਸਿਆ ਕਿ ਬਜੁਰਗਾਂ, ਦਾਦੇ, ਦਾਦੀਆਂ, ਨਾਨੇ ਨਾਨੀਆਂ ਨੂੰ ਇਸ ਉਮਰ ਵਿੱਚ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਜੇਕਰ ਡਾਕਟਰ ਇਹ ਕਹਿਣ ਪੌੜੀਆਂ ਬੱਚੇ, ਬੱਚੀਆਂ ਨੂੰ ਲੈ ਕੇ ਨਹੀ ਚੜ੍ਹਨਾਂ, ਤਾਂ ਇਸ ਦਾ ਮਤਲਬ ਨਹੀਂ ਚੜਨਾ ਚਾਹੀਦਾ ਕਿਉਂਕਿ ਇਸ ਤਰਾਂ ਨਾਲ ਸਰੀਰਿਕ ਅੰਗਾਂ ਦੀ ਟੁੱਟ ਭੱਜ ਹੋ ਸਕਦੀ ਹੈ, ਬਚਾਅ ਰੱਖਣਾਂ ਚਾਹੀਦਾ ਹੈ, ਮਾਹਿਰਾਂ ਦੀ ਗੱਲ ਉੱਪਰ ਅਮਲ ਕਰਨਾ ਚਾਹੀਦਾ ਹੈ। ਅਗਰ ਪਿਛਲੇ ਛੱਡ ਆਏ ਮੁਲਕ ਅਤੇ ਸਮੇਂ ਨੂੰ ਬਾਰ ਬਾਰ ਯਾਦ ਕਰਕੇ ਵਰਤਮਾਨ ਨੂੰ ਝੂਰਦੇ ਰਹੋਗੇ ਤਾਂ ਜ਼ਿੰਦਗੀ ਵਿੱਚ ਸੁਖ ਨਹੀ ਪਾ ਸਕੋਗੇ। ਇਸ ਤੋ ਬਚਣਾਂ ਚਾਹੀਦਾ ਹੈ ਇਸ ਸਮੇ ਸਨੋਅ ਦੇ ਮੌਸਮ ਵਿੱਚ ਬਜੁਰਗਾਂ ਨੂੰ ਖਾਸ ਖਿਆਲ ਰੱਖਣ ਦੀ ਲੋੜ ਹੈ। ਪੌਸ਼ਟਿਕ ਭੋਜਨ ਖਾਣਾ, ਕਸਰਤ ਕਰਨ ਵੱਲ ਵਧੇਰੇ ਧਿਆਨ ਦਿੱਤਾ ਜਾਵੇ, ਮੰਨਿਆ ਕਿ ਉਹਨਾਂ ਉੱਪਰ ਬਹੁਤ ਜਿੰਮੇਵਾਰੀਆਂ ਹਨ, ਪਰ ਰਿਲੈਕਸ ਰਹਿ ਕੇ ਆਪਣਾ ਤੇ ਪਰਿਵਾਰ ਦਾ ਸੰਤੁਲਨ ਬਣਾਈ ਰੱਖਣ। ਬੱਚਿਆ ਵਿੱਚ ਮੋਬਾਇਲ ਸਕਰੀਨ ਦੇ ਵਧਦੇ ਰੁਝਾਣ ਤੇ, ਸੀਮਿਤ ਸਮੇ ਲਈ ਦੇਣਾ ਅਤੇ ਬੱਚਿਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾਵੇ, ਬਾਰੇ ਸਵਾਲ, ਜਵਾਬ ਵੀ ਕੀਤੇ ਗਏ। ਇਸ ਮੌਕੇ ਦੇਸ ਪਰਦੇਸ ਅਖਬਾਰ ਦੇ ਸਹਾਇਕ ਸੰਪਾਦਕ ਸ਼ੀ ਦਵਿੰਦਰ ਦੀਪਤੀ ਵੱਲੋ ਉੱਘੇ ਵਿਦਵਾਨ, ਪਰੋਫੈਸਰ ਤੇ ਮੁਖੀ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ" ਡਾਕਟਰ ਸ਼ਾਮ ਸੁੰਦਰ ਦੀਪਤੀ ਦੀ ਨਵੀ ਕਿਤਾਬ ਇੱਕ ਭਰਿਆ-ਪੂਰਾ ਦਿਨ, ਮੁੱਖ ਮਹਿਮਾਨ ਬਲਦੇਵ ਮੁੱਤਾ ਜੀ, ਐਮ ਐਲ ਏ ਜਸਬੀਰ ਦਿਉਲ, ਸੰਸਥਾ ਮੁਖੀ ਸੁਦਾਗਰ ਸਿੰਘ, ਕੈਸ਼ੀਅਰ ਸੁਰਜੀਤ ਸਿੰਘ, ਜਤਿੰਦਰ ਸਮਰਾ ( ਪੰਜਾਬੀ ਕਮਿਊਨਟੀ ਹੈਲਥ ਐਡਮਿੰਟਨ) ਸਤੀਸ਼ ਸਚਦੇਵਾ ਮੈਬਰ ਨੂੰ ਭੇਟ ਕੀਤੀ ਗਈ।



## ਸ਼ਾਰਟ ਗੰਨ ਅਤੇ ਸ਼ਿਕਾਰ ਲਈ ਵਰਤੀਆਂ ਜਾਂਦੀਆਂ ਬੰਦੂਕਾਂ ਉੱਪਰ ਬੈਨ ਨਹੀਂ ਲੱਗੇਗਾ - ਟਰੂਡੋ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਲੋਕਾਂ ਦੇ ਮਨਾਂ ਅੰਦਰ ਦੇਸ਼ ਵਿੱਚ ਅਸਾਲਟ ਟਾਈਪ ਰਾਈਫਲਾਂ ਉੱਪਰ ਬੈਨ ਨੂੰ ਲੈਕੇ ਕਈ ਤਰਾਂ ਦੇ ਸ਼ੰਕੇ ਪਾਏ ਜਾ ਰਹੇ ਹਨ। ਜਿੰਨਾ ਵਿੱਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਸ਼ਿਕਾਰ ਆਦਿ ਲਈ ਵਰਤੀਆਂ ਜਾਣ ਵਾਲੀਆਂ ਬੰਦੂਕਾਂ ਉੱਪਰ ਵੀ ਰੋਕ ਲਗਾ ਦਿੱਤੀ ਜਾਵੇਗੀ। ਇਸ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਵਿਰੋਧੀ ਧਿਰ ਕੰਜ਼ਰਵਟਿਵ ਪਾਰਟੀ, ਗੰਨ ਲਾਬੀ ਦੇ ਪ੍ਰਭਾਵ ਅਧੀਨ ਲੋਕਾਂ ਨੂੰ ਗ਼ਲਤ ਸੂਚਨਾ ਦੇ ਰਹੀ ਹੈ ਜਦੋਂ ਕਿ ਸੱਚਾਈ ਇਹ ਹੈ ਕਿ ਅਸੀਂ ਸ਼ਾਰਟ ਗੰਨ ਜਾਂ ਸ਼ਿਕਾਰ ਲਈ ਵਰਤੀਆਂ ਜਾਣ ਵਾਲੀਆਂ ਬੰਦੂਕਾਂ ਨੂੰ ਨਹੀਂ ਸਗੋਂ ਅਸਾਲਟ ਟਾਈਪ ਰਾਈਫਲਾਂ ਨੂੰ ਬੈਨ ਕੀਤਾ ਗਿਆ ਹੈ।

## ਆਰ ਸੀ ਐਮ ਪੀ ਨੇ ਚੀਨ ਨਾਲ ਸਬੰਧਤ ਕੈਨੇਡੀਅਨ ਕੰਪਨੀ ਨਾਲ ਕੀਤੇ ਗਏ ਵਿਵਾਦਗ੍ਰਸਤ ਕਾਂਟਰੈਕਟ ਨੂੰ ਰੱਦ ਕੀਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਆਰਸੀਐਮਪੀ ਵੱਲੋਂ ਉਸ ਕੈਨੇਡੀਅਨ ਕੰਪਨੀ ਨਾਲ ਕੀਤੇ ਗਏ ਵਿਵਾਦਗ੍ਰਸਤ ਕਾਂਟਰੈਕਟ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ, ਜਿਸ ਕੰਪਨੀ ਦੀਆਂ ਜੜ੍ਹਾਂ ਚੀਨ ਸਰਕਾਰ ਨਾਲ ਜੁੜਦੀਆਂ ਸਨ। ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਦੇ ਵੱਲੋਂ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਆਰਸੀਐਮਪੀ ਵੱਲੋਂ ਅਕਤੂਬਰ 2021 ਵਿੱਚ 549,637 ਡਾਲਰ ਦਾ ਕਾਂਟਰੈਕਟ ?ਨਟਾਰੀ? ਸਥਿਤ ਸਿਨਕਲੇਅਰ ਟੈਕਨਾਲੋਜੀਜ਼ ਇਨਕਾਰਪੋਰੇਸ਼ਨ ਨਾਲ ਕੀਤਾ ਗਿਆ ਸੀ। ਇਹ ਕਾਂਟਰੈਕਟ ਰੇਡੀ? ਫਰੀਕੁਐਂਸੀ ਫਿਲਟਰਜ਼ ਲਈ ਕੀਤਾ ਗਿਆ ਸੀ, ਪਰ ਹੁਣ ਇਸ ਉੱਤੇ ਰੋਕ ਲਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਦੱਸਿਆ ਕਿ ਇਸ ਕੰਪਨੀ ਵੱਲੋਂ ਜਿਹੜਾ ਇਕਿਉਪਮੈਂਟ ਇਨਸਟਾਲ ਕੀਤਾ ਗਿਆ ਹੈ, ਆਰਸੀਐਮਪੀ ਉਸ ਦੀ ਵੀ ਜਾਂਚ ਕਰ ਰਹੀ ਹੈ। ਅਗਾਂਹ ਵਾਸਤੇ ਜਦੋਂ ਵੀ ਕਿਸੇ ਕੰਪਨੀ ਨਾਲ ਕਾਂਟਰੈਕਟ ਕੀਤਾ ਜਾਵੇਗਾ, ਖਾਸਤੌਰ ਉੱਤੇ ਜਿਸਦਾ ਸਬੰਧ ਨੈਸ਼ਨਲ ਸਕਿਊਰਿਟੀ ਨਾਲ ਹੋਵੇਗਾ, ਤਾਂ ਅਜਿਹੀਆਂ ਗੱਲਾਂ ਦਾ ਖਾਸ ਖਿਆਲ ਰੱਖਿਆ ਜਾਵੇਗਾ।

## ਬੀ ਸੀ 'ਚ ਫ਼ਲੂ ਕਾਰਨ 6 ਬੱਚਿਆਂ ਦੀ ਮੌਤ ਉਪਰੰਤ ਦੇਸ਼ ਭਰ ਵਿੱਚ ਹਾਲਾਤ ਗੰਭੀਰ ਹੋ ਗਏ ਹਨ

ਵੈਨਕੋਵਰ( ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਬੱਚਿਆਂ ਅੰਦਰ ਆਰ ਐਸ ਵੀ ਅਤੇ ਫਲੂ ਦੇ ਮਾਮਲਿਆਂ ਬੀ ਤੇਜ਼ੀ ਨਾਲ ਵਧ ਰਹੀ ਗਿਣਤੀ ਦਾ ਅਸਰ ਪੂਰੇ ਹੈਲਥ ਸਿਸਟਮ ਉਪਰ ਪੈ ਰਿਹਾ ਹੈ। ਸਟਾਫ਼ ਦੀ ਕਮੀ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਰਹੀ ਹੈ ਹਾਲਾਤ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ। ਕੈਨੇਡਾ ਦੇ ਡਾਕਟਰਾਂ ਅਤੇ ਸਿਹਤ ਮਾਹਰਾਂ ਵੱਲੋਂ ਸਰਕਾਰ ਕੋਲੋਂ ਮੰਗ ਕੀਤੀ ਜਾ ਰਹੀ ਹੈ ਕਿ ਜਲਦ ਤੋਂ ਜਲਦ ਇਸ ਗੰਭੀਰ ਸਮੱਸਿਆ ਦੇ ਹੱਲ ਲਈ ਕਦਮ ਚੁੱਕੇ ਜਾਣ। ਇਸੇ ਦੌਰਾਨ ਬ੍ਰਿਟਿਸ਼ ਕੋਲੰਬੀਆ ਦੀ ਮੁੱਖ ਸਿਹਤ ਅਧਿਕਾਰੀ ਡਾਕਟਰ ਬੋਨੀ ਹੈਨਰੀ ਨੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਸੂਬੇ ਚ ਫਲੂ ਕਾਰਨ 6 ਬੱਚਿਆਂ ਦੀ ਮੌਤ ਹੋ ਚੁੱਕੀ ਹੈ । ਇਸੇ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਇੱਕ ਵਾਰ ਫਿਰ ਤੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕੋਲੋਂ ਮੰਗ ਕੀਤੀ ਹੈ ਕਿ ਉਹ ਸੂਬਿਆਂ ਵਿੱਚ ਹੈਲਥ ਕੇਅਰ ਲਈ ਦਿੱਤੀ ਜਾਣ ਵਾਲੀ ਫੰਡਿੰਗ ਵਧਾਉਣ ਲਈ ਸੂਬਿਆਂ ਦੇ ਪ੍ਰੀਮੀਅਰਾਂ ਨਾਲ ਮੀਟਿੰਗ ਕਰਨ ਦਾ ਦਿਨ ਨਿਰਧਾਰਤ ਕਰਨ। ਡਗ ਫੋਰਡ ਨੇ ਆਖਿਆ ਕਿ ਉਹਨਾਂ ਦੀ ਸਰਕਾਰ ਵੱਲੋਂ ਸਿਹਤ ਸੇਵਾਵਾਂ ਦੀ ਬਿਹਤਰੀ ਲਈ ਵੱਡੇ ਪੱਧਰ ਤੇ ਫੰਡਿੰਗ ਕੀਤੀ ਜਾ ਰਹੀ ਹੈ ਇਸ ਲਈ ਹੁਣ ਜਸਟਿਨ ਟਰੂਡੋ ਨੂੰ ਵੀ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਦੀਆਂ ਹੋਈਆਂ ਸੂਬਿਆਂ ਦੇ ਪੱਖ ਨੂੰ ਸੁਣਨਾ ਚਾਹੀਦਾ ਹੈ।

## ਮਰ ਕੇ ਵੀ ਜਿੰਨ੍ਹਾਂ ਜਿਉਣਾ ਸਿੱਖਿਆ, ਉਹ ਦੱਸ ਕਿੱਥੇ ਮਰਦੇ ਨੇ, ਅਜਿਹੇ ਵਿਚਾਰਾਂ ਨਾਲ ਮੰਗਲ ਚੱਠਾ ਨੇ ਸਾਹਿਤ ਸਭਾ ਵਿੱਚ ਹਾਜ਼ਰੀ ਲਗਵਾਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਦੀ ਇਸ ਵਰ੍ਹੇ ਦੀ ਆਖਰੀ ਮੀਟਿੰਗ 11 ਦਸੰਬਰ ਨੂੰ ਜਰਨੈਲ ਤੱਗੜ ਦੀ ਪ੍ਰਧਾਨਗੀ ਹੇਠ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪੰਜਾਬ ਫੇਰੀ ਦਾ ਜ਼ਿਕਰ ਕੀਤਾ। ਗੁਰਦਿਆਲ ਸਿੰਘ ਖਹਿਰਾ ਨੇ ਮਾਨਯੋਗ ਕਵੀ ਬਚਨ ਸਿੰਘ ਗੁਰਮ ਦੀ ਕਵਿਤਾ -ਅਣਕਿਆਸੇ ਵਕਤ- ਦਾ ਉਚਾਰਨ ਕੀਤਾ । ਪ੍ਰਸ਼ੋਤਮ ਭਾਰਦਵਾਜ ਨੇ ਰਾਣਾ ਰਣਬੀਰ ਦੀ ਕਵਿਤਾ - ਖ਼ੁਸ਼ ਰਿਹਾ ਕਰ ਮਿੱਤਰ ਬਣ ਜਾ- ਸੁਣਾ ਕੇ ਮਾਹੌਲ ਖ਼ੁਸ਼ਗਵਾਰ ਬਣਾ ਦਿੱਤਾ। ਸਰਬਜੀਤ ਕੌਰ ਉੱਪਲ ਨੇ ਚੰਗੀ ਸੁਰ ਵਿੱਚ ਗੀਤ ਪੇਸ਼ ਕੀਤਾ - ਬੜਾ ਮਿਲਣ ਨੂੰ ਜੀਅ ਕਰਦਾ ਏ ਕਿੱਦਾਂ ਮਿਲਣ ਮੈਂ ਆਵਾਂ। ਡਾ: ਜੋਗਾ ਸਿੰਘ ਨੇ ਮਰਹੂਮ ਗੁਰਜੰਟ ਘਨੌਰ ਦਾ ਕਿਸਾਨੀ ਅੰਦੋਲਨ ਸਮੇਂ ਲਿਖਿਆ ਚਰਚਿਤ ਗੀਤ ਗਾ ਕੇ ਗੀਤ ਦੀ ਆਤਮਾ ਪ੍ਰਗਟ ਕਰ ਦਿੱਤੀ - ਹੱਕ ਆਪਣੇ ਮੰਗੇ ਤਾਂ ਵੱਖ-ਵਾਦੀ ਹੋ ਗਏ। ਨਾਲ ਹੀ ਸੁਰਿੰਦਰ ਗੀਤ ਦੀ ਗ਼ਜ਼ਲ - ਆਪਣੀ ਪੀੜਾ ਆਪੇ ਪੀ ਕੇ, ਲੋਕਾਂ ਮਰ-ਮਰ ਜੀ ਲੈਣਾ-ਗਾ ਕੇ ਸੰਗੀਤਕ ਰੰਗ ਗੂੜ੍ਹਾ ਕੀਤਾ। ਮਨਜੀਤ ਬਰਾੜ ਨੇ ਕੈਨੇਡਾ ਆਈਆਂ ਕੁੜਮਣੀਆਂ ਨੂੰ ਬੇਰੀਆਂ ਤੋੜਦਿਆਂ ਰੋਅ ਪਿੱਛੇ ਝਗੜਦੀਆਂ ਦੀ ਤਸਵੀਰ ਪੇਸ਼ ਕਰਦੀ ਕਵਿਤਾ ਸੁਣਾ ਕੇ ਮਨੋਰੰਜਨ ਕੀਤਾ। ਮੰਗਲ ਚੱਠਾ ਨੇ ਸ਼ਹੀਦਾਂ ਬਾਰੇ ਬਹੁਤ ਮੁਹਾਰਤ ਵਾਲੀ ਕਵਿਤਾ ਬੜੇ ਵਧੀਆ ਅੰਦਾਜ਼ ਵਿਚ ਪੇਸ਼ ਕੀਤੀ ਜੋ ਸੋਚਣ ਲਈ ਮਜਬੂਰ ਕਰ ਗਈ - ਮਰ ਕੇ ਵੀ ਜਿੰਨ੍ਹਾਂ ਜਿਉਣਾ ਸਿੱਖਿਆ, ਉਹ ਦੱਸ ਕਿੱਥੇ ਮਰਦੇ ਨੇ। ਦਿਲਾਵਰ ਸਮਰਾ ਨੇ ਸਿਆਣਪ ਅਤੇ ਸਚਾਈਆਂ ਨੂੰ ਕਵਿਤਾ ਰਾਹੀਂ ਪੇਸ਼ ਕਰ ਕੇ ਨਵੀਂ ਅਲੰਕ੍ਰਿਤ ਕਾਵਿ-ਵੰਨਗੀ ਦਾ ਮੁਜ਼ਾਹਰਾ ਕੀਤਾ। ਬਹੁ-ਪ੍ਰਤਿਭਾ ਵਾਲੇ ਗਾਇਕ ਸੁਖਵਿੰਦਰ ਤੂਰ ਨੇ ਗੀਤ ਰਾਹੀਂ ਗੰਭੀਰ ਸਰੋਦੀ ਮਾਹੌਲ ਸਿਰਜਿਆ - ਮੈਂ ਜੰਮਿਆਂ ਤੇਰੇ ਲਈ ਅੰਮੀਏ ਤੇਰੇ ਲਈ ਮਰ ਜਾਣਾ। ਜਗਦੇਵ ਸਿੱਧੂ ਨੇ ਮਾਲਵੇ ਦੇ ਮਹਾਨ ਕਵੀਸ਼ਰ ਤੇ ਕਿੱਸਾਕਾਰ ਸਾਧੂ ਦਯਾ ਸਿੰਘ ਆਰਿਫ਼ ਨੂੰ ਆ ਰਹੇ 26 ਦਸੰਬਰ ਵਾਲੇ ਜਨਮ ਦਿਨ ਦੇ ਸੰਬੰਧ ਵਿੱਚ ਯਾਦ ਕੀਤਾ, ਉਸ ਦੇ ਜੀਵਨ, ਰਚਨਾਵਾਂ ਅਤੇ ਖਾਸ ਕਰ ਕੇ ਪੰਜ ਲੱਖ ਤੋਂ ਵੱਧ ਕਾਪੀਆਂ ਵਿਕਣ ਵਾਲੇ ਕਿੱਸੇ-ਜ਼ਿੰਦਗੀ ਬਿਲਾਸ ਬਾਰੇ ਜਾਣਕਾਰੀ ਸਾਂਝੀ ਕੀਤੀ। ਸਕੱਤਰ ਵਜੋਂ ਗੁਰਦਿਆਲ ਸਿੰਘ ਖਹਿਰਾ ਨੇ ਪੇਸ਼ਕਾਰੀਆਂ ਦੀ ਤਰਤੀਬ ਗੁੰਦਦਿਆਂ ਦਿਲਚਸਪ ਟਿੱਪਣੀਆਂ ਨਾਲ ਰੰਗ ਬੰਨ੍ਹੀਂ ਰੱਖਿਆ। ਅਖੀਰ ਵਿਚ ਜਰਨੈਲ ਤੱਗੜ ਨੇ ਇੱਕ ਕਵਿਤਾ ਸੁਣਾਈ, ਪੇਸ਼ਕਾਰੀਆਂ ਦੀਆਂ ਵੰਨਗੀਆਂ ਅਤੇ ਮਿਆਰ ਦੀ ਸਿਫ਼ਤ ਕੀਤੀ ਅਤੇ ਸਾਰਿਆਂ ਦਾ ਧੰਨਵਾਦ ਕੀਤਾ।



## 24 ਸਾਲਾ ਸਨਰਾਜ ਸਿੰਘ ਦੀ ਗੋਲੀਆ ਲੱਗਣ ਕਾਰਣ ਹੋਈ ਮੌਤ ਸਬੰਧੀ ਪੁਲਿਸ ਦੋਸ਼ੀਆਂ ਦੀ ਭਾਲ ਵਿੱਚ ਹੈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਵਿਖੇ ਬੀਤੇ ਦਿਨੀ ਤਿੰਨ ਦਸੰਬਰ ਨੂੰ 24 ਸਾਲਾਂ ਨੌਜਵਾਨ ਸਨਰਾਜ ਸਿੰਘ ਦਾ ਗੋਲੀਆ ਮਾਰਕੇ ਮਾਰ ਦਿੱਤਾ ਗਿਆ ਸੀ ਜਿਸਦੀ ਪਛਾਣ ਪੁਲਿਸ ਵੱਲੋ ਹੁਣ ਜਨਤਕ ਕਰ ਦਿੱਤੀ ਗਈ ਹੈ। ਪੁਲਿਸ ਅਨੁਸਾਰ ਇਹ ਘਟਨਾ ਐਡਮਿੰਟਨ ਦੇ 52 ਸਟਰੀਟ ਤੇ 13 ਐਵੇਨਿਊ ਦੀ ਹੈ, ਜਿੱਥੇ 24 ਸਾਲਾ ਸਨਰਾਜ ਸਿੰਘ ਜਖਮੀ ਹਾਲਤ ਵਿੱਚ ਮਿਲਿਆ ਸੀ, ਉਸਦੇ ਕਈ ਗੋਲੀਆਂ ਵੱਜੀਆਂ ਹੋਈਆਂ ਸਨ। ਉਸ ਨੂੰ ਮੌਕੇ ਤੋਂ ਹਸਪਤਾਲ ਪਹੁੰਚਾਇਆ ਗਿਆ, ਪਰ ਬਚਾਇਆ ਨਾ ਜਾ ਸਕਿਆ। ਪੁਲਿਸ ਨੇ ਇਸ ਮਾਮਲੇ ਵਿੱਚ ਇੱਕ ਗੱਡੀ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ, ਜਿਸ ਦੀ ਇਸ ਮਾਮਲੇ ਵਿੱਚ ਭਾਲ ਕੀਤੀ ਜਾ ਰਹੀ ਹੈ। ਘਟਨਾ ਰਾਤ 8 ਕੁ ਵਜੇ ਦੇ ਨਜਦੀਕ ਵਾਪਰੀ ਸੀ। ਵਰਨਣਯੋਗ ਹੈ ਕਿ ਕਨੇਡਾ ਚ ਵੱਖ-ਵੱਖ ਹਾਦਸਿਆ ਕਾਰਨ ਲਗਾਤਾਰ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ।













# ਡੇਵਿਡ ਐਬੀ ਵੱਲੋਂ ਆਪਣੇ ਮੰਤਰੀ ਮੰਡਲ ਦਾ ਐਲਾਨ


ਜਗਰੂਪ ਬਰਾੜ


ਨਿੱਕੀ ਸ਼ਰਮਾ


ਰਚਨਾ ਸਿੰਘ


ਹੈਰੀ ਬੈਂਸ


ਰਵੀ ਕਾਹਲੋਂ


ਹਰਵਿੰਦਰ ਸੰਧੂ


ਜਗਰੂਪ ਬਰਾੜ ਸਹੁੰ ਚੁੱਕਦੇ ਹੋਏ

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਨਵੇਂ ਪ੍ਰੀਮੀਅਰ ਡੇਵਿਡ ਐਬੀ ਵੱਲੋਂ ਆਪਣੇ ਮੰਤਰੀ ਮੰਡਲ ਦਾ ਐਲਾਨ ਕਰ ਦਿੱਤਾ ਗਿਆ ਹੈ। ਪ੍ਰੀਮੀਅਰ ਵੱਲੋਂ ਐਲਾਨੇ ਗਏ ਨਵੇਂ ਮੰਤਰੀ ਮੰਡਲ ਵਿਚ ਕਈ ਚਿਹਰੇ ਪਹਿਲਾਂ ਵਾਲੇ ਹੀ ਹਨ ਅਤੇ ਇਸ ਮੰਤਰੀ ਮੰਡਲ ਵਿਚ ਕਈ ਪੰਜਾਬੀ ਚਿਹਰਿਆਂ ਨੂੰ ਵੀ ਫਿਰ ਤੋਂ ਮੌਕਾ ਦਿੱਤਾ ਗਿਆ ਹੈ। ਬੀਸੀ ਦੇ ਪ੍ਰੀਮੀਅਰ ਡੇਵਿਡ ਇਬੀ ਦੇ ਮੰਤਰੀ ਮੰਡਲ ਵਿਚ ਪੰਜਾਬੀ ਮੂਲ ਦੇ ਮੰਤਰੀਆਂ, ਪਾਰਲੀਮਾਨੀ ਸਕੱਤਰਾਂ ਅਤੇ ਅਟਾਰਨੀ ਜਨਰਲ ਨਾਲ ਸੰਖੇਪ ਜਾਣ-ਪਛਾਣ ਇਸ ਤਰਾਂ ਹੈ

### ਸਿੱਖਿਆ ਅਤੇ ਬਾਲ ਸੰਭਾਲ ਮੰਤਰੀ : ਰਚਨਾ ਸਿੰਘ

ਰਚਨਾ ਸਿੰਘ ਮਈ 2017 ਵਿੱਚ ਪਹਿਲੀ ਵਾਰ ਸਰੀ-ਗ੍ਰੀਨ ਟਿੰਬਰਜ਼ ਲਈ ਬੀਸੀ ਨਿਊ ਡੈਮੋਕਰੇਟ ਵਿਧਾਇਕ ਬਣੇ ਸਨ ਅਤੇ ਅਕਤੂਬਰ 2020 ਵਿੱਚ ਹੋਈਆਂ ਚੁਣਾਂ ਵਿਚ ਦੁਬਾਰਾ ਚੁਣੇ ਗਏ ਸਨ। ਉਨ੍ਹਾਂ ਨੇ ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਸੰਸਦੀ ਸਕੱਤਰ ਵਜੋਂ ਸੇਵਾ ਕੀਤੀ ਜਿੱਥੇ ਉਨ੍ਹਾਂ ਨਸਲਵਾਦ ਵਿਰੋਧੀ ਡੇਟਾ ਐਕਟ ਡਿਵੈਲਪਮੈਂਟ ਅਤੇ ਪੁਲਿਸ ਐਕਟ ਨੂੰ ਸੁਧਾਰਨ ਲਈ ਵਿਸ਼ੇਸ਼ ਕਮੇਟੀ ਦੇ ਮੈਂਬਰ ਵਜੋਂ ਅਗਵਾਈ ਕੀਤੀ। ਉਹ ਪਹਿਲਾਂ ਪੁਲਿਸ ਸ਼ਿਕਾਇਤ ਕਮਿਸ਼ਨਰ ਨਿਯੁਕਤ ਕਰਨ ਲਈ ਵਿਸ਼ੇਸ਼ ਕਮੇਟੀ ਦੇ ਨਾਲ-ਨਾਲ ਹਿੱਤਾਂ ਦੇ ਟਕਰਾਅ ਕਮਿਸ਼ਨਰ ਦੀ ਨਿਯੁਕਤੀ ਲਈ ਵਿਸ਼ੇਸ਼ ਕਮੇਟੀ ਦੇ ਕਨਵੀਨਰ ਸਨ। ਉਨ੍ਹਾਂ ਇੱਕ ਡਰੱਗ ਅਤੇ ਅਲਕੋਹਲ ਸਲਾਹਕਾਰ, ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੀਆਂ ਔਰਤਾਂ ਲਈ ਇੱਕ ਸਹਾਇਕ ਵਰਕਰ ਅਤੇ ਇੱਕ ਕਮਿਊਨਿਟੀ ਕਾਰਕੁਨ ਵਜੋਂ ਕੰਮ ਕੀਤਾ ਹੈ।

ਰਚਨਾ ਸਿੰਘ 2001 ਵਿੱਚ ਭਾਰਤ ਤੋਂ ਕੈਨੇਡਾ ਆਏ ਸਨ। ਉਨ੍ਹਾਂ ਦੇ ਦੋ ਬੱਚੇ ਹਨ ਅਤੇ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਨਾਮਵਰ ਪੱਤਰਕਾਰ ਹਨ। ਵਰਨਣਯੋਗ ਹੈ ਕਿ ਰਚਨਾ ਸਿੰਘ ਦੇ ਪਿਤਾ ਡਾ:ਰਘਬੀਰ ਸਿੰਘ ਪੰਜਾਬੀ ਦੇ ਨਾਮਵਰ ਵਿਦਵਾਨ ਹਨ ਅਤੇ ਸਾਹਿਤਕ ਖੇਤਰ ਵਿਚ ਉਨ੍ਹਾਂ ਦਾ ਵੱਡਮੁੱਲਾ ਯੋਗਦਾਨ ਹੈ। ਉਹ ਪਿਛਲੇ 52 ਸਾਲ ਤੋਂ ਪੰਜਾਬੀ ਵਿਚ 'ਸਿਰਜਣਾ' (ਤ੍ਰੈ-ਮਾਸਿਕ) ਮੈਗਜ਼ੀਨ ਦੀ ਸੰਪਦਨਾ ਕਰ ਰਹੇ ਹਨ।

### ਹਾਊਸਿੰਗ ਮੰਤਰੀ ਅਤੇ ਗਵਰਨਮੈਂਟ ਹਾਊਸ ਲੀਡਰ : ਰਵੀ ਕਾਹਲੋਂ

ਰਵੀ ਕਾਹਲੋਂ ਪਹਿਲੀ ਵਾਰ ਮਈ 2017 ਵਿੱਚ ਡੈਲਟਾ ਉੱਤਰੀ ਤੋਂ ਐਮਐਲਏ ਚੁਣੇ ਗਏ ਸਨ ਅਤੇ ਨਵੰਬਰ 2020 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਨੌਕਰੀਆਂ, ਆਰਥਿਕ ਰਿਕਵਰੀ ਅਤੇ ਇਨੋਵੇਸ਼ਨ ਬਾਰੇ ਮੰਤਰੀ ਬਣਾਇਆ ਗਿਆ ਸੀ।

ਉਨ੍ਹਾਂ ਨੇ ਪਹਿਲਾਂ ਜੰਗਲਾਤ, ਜ਼ਮੀਨਾਂ, ਕੁਦਰਤੀ ਸਰੋਤ ਸੰਚਾਲਨ ਅਤੇ ਪੇਂਡੂ ਵਿਕਾਸ ਲਈ ਸੰਸਦੀ ਸਕੱਤਰ ਦੇ ਤੌਰ 'ਤੇ ਸੇਵਾ ਕੀਤੀ, ਜਿੱਥੇ ਉਨ੍ਹਾਂ ਬੀ ਸੀ ਦੇ ਜੰਗਲਾਤ ਖੇਤਰ ਵਿੱਚ ਵੱਡੇ ਪੱਧਰ 'ਤੇ ਲੱਕੜ ਦੀ ਵਰਤੋਂ ਅਤੇ ਨਵੀਨਤਾ ਦੀ ਅਗਵਾਈ ਕੀਤੀ।

ਖੇਡ ਅਤੇ ਬਹੁ-ਸੱਭਿਆਚਾਰ ਲਈ ਸੰਸਦੀ ਸਕੱਤਰ ਵਜੋਂ ਉਨ੍ਹਾਂ ਬੀ ਸੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਬਹਾਲ ਕਰਨ ਵਿੱਚ ਮਦਦ ਕੀਤੀ ਅਤੇ ਇੱਕ ਨਸਲਵਾਦ ਵਿਰੋਧੀ ਰਣਨੀਤੀ ਬਣਾਉਣ ਲਈ ਸੂਬੇ ਦੀ ਯਾਤਰਾ ਕੀਤੀ। ਨੌਕਰੀਆਂ, ਆਰਥਿਕ ਰਿਕਵਰੀ ਅਤੇ ਇਨੋਵੇਸ਼ਨ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਦੀ ਪਹਿਲੀ ਤਰਜੀਹ ਮਹਾਂਮਾਰੀ ਦੁਆਰਾ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨਾ ਰਹੀ ਹੈ ਅਤੇ ਉਹ ਲੰਬੇ ਸਮੇਂ ਦੀ ਸਥਿਰਤਾ ਲਈ ਨੌਕਰੀਆਂ ਲਈ ਰਣਨੀਤੀ ਵਿਕਸਤ ਕਰਨ ਅਤੇ ਪ੍ਰਦਾਨ ਕਰਨ ਲਈ ਕਾਰੋਬਾਰੀਆਂ, ਕਰਮਚਾਰੀਆਂ, ਪਹਿਲੇ ਰਾਸ਼ਟਰ ਦੇ ਲੋਕਾਂ ਅਤੇ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਖੇਡਾਂ ਅਤੇ ਐਥਲੈਟਿਕ ਮੁਕਾਬਲੇ ਲਈ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਸਦਕਾ ਉਨ੍ਹਾਂ ਦੇ ਨਜ਼ਰੀਆ ਵਿਸ਼ਾਲ ਹੈ। ਸੱਤ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫੀਲਡ ਹਾਕੀ ਖੇਡਣ ਲਈ ਪ੍ਰੇਰਿਤ ਕੀਤਾ। ਉਹ 2000 ਅਤੇ 2008 ਦੀਆਂ ਓਲੰਪਿਕ ਖੇਡਾਂ ਵਿੱਚ ਫੀਲਡ ਹਾਕੀ ਦੀ ਟੀਮ ਕੈਨੇਡਾ ਲਈ ਖੇਡ ਚੁੱਕੇ ਹਨ।

### ਕਿਰਤ ਮੰਤਰੀ : ਹੈਰੀ ਬੈਂਸ

ਹੈਰੀ ਬੈਂਸ ਪਹਿਲੀ ਵਾਰ ਮਈ 2005 ਵਿਧਾਇਕ ਚੁਣੇ ਗਏ ਸਨ ਅਤੇ ਫਿਰ 2009, 2013, 2017 ਅਤੇ 2020 ਤੱਕ ਲਗਾਤਾਰ ਵਿਧਾਇਕ ਬਣਦੇ ਆ ਰਹੇ ਹਨ। ਉਹ 2017 ਤੋਂ ਕਿਰਤ ਮੰਤਰੀ ਰਹੇ ਹਨ।

ਹੈਰੀ ਬੈਂਸ ਕਈ ਸਾਲਾਂ ਤੋਂ ਸਰੀ ਕਮਿਊਨਿਟੀ ਵਿੱਚ ਸਰਗਰਮ ਹਨ। ਉਨ੍ਹਾਂ ਨੇ 1993 ਤੋਂ 1999 ਤੱਕ ਕਵਾਂਟਲੇਨ ਯੂਨੀਵਰਸਿਟੀ ਕਾਲਜ ਦੇ ਬੋਰਡ ਆਫ਼ ਗਵਰਨਰਜ਼ ਵਿੱਚ ਤਿੰਨ ਸਾਲਾਂ ਲਈ ਉਪ-ਚੇਅਰ ਵਜੋਂ ਸੇਵਾ ਕੀਤੀ ਅਤੇ ਹੈਬੀਟੇਟ ਫਾਰ ਹਿਊਮੈਨਿਟੀ ਸਮੇਤ ਕਮਿਊਨਿਟੀ ਸੰਸਥਾਵਾਂ ਨਾਲ ਵੀ ਸਵੈਇੱਛਤ ਕੰਮ ਕੀਤਾ ਹੈ।

ਉਨ੍ਹਾਂ ਦਾ ਕਮਿਊਨਿਟੀ ਸੇਵਾ ਵਿੱਚ ਇੱਕ ਵਿਆਪਕ ਪਿਛੋਕੜ ਹੈ। ਉਹ ਮਜ਼ਦੂਰਾਂ ਅਤੇ ਮਨੁੱਖੀ ਅਧਿਕਾਰਾਂ ਲਈ ਜੀਵਨ ਭਰ ਵਕੀਲ ਰਹੇ ਹਨ। ਉਹ 15 ਸਾਲਾਂ ਤੋਂ ਵੱਧ ਸਮੇਂ ਲਈ ਸਟੀਲਵਰਕਰਜ਼-ਆਈਡਬਲਯੂਏ ਕੈਨੇਡਾ ਲੋਕਲ 2171 ਦੇ ਚੁਣੇ ਹੋਏ ਅਧਿਕਾਰੀ ਸਨ। ਉਨ੍ਹਾਂ ਨੇ ਆਪਣੇ ਸਥਾਨਕ ਉਪ-ਪ੍ਰਧਾਨ ਵਜੋਂ ਸੇਵਾ ਕੀਤੀ, ਜਿੱਥੇ ਉਨ੍ਹਾਂ ਕਾਮਿਆਂ ਲਈ ਬਿਹਤਰ ਕੰਮ ਕਰਨ ਦੀਆਂ ਸਥਿਤੀਆਂ ਲਈ ਗੱਲਬਾਤ ਵਿੱਚ ਹਿੱਸਾ ਲਿਆ।

ਉਹ ਆਪਣੀ ਪਤਨੀ ਰਾਜਵਿੰਦਰ ਨਾਲ ਸਰੀ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਦੋ ਬੱਚੇ ਕੁਲਪ੍ਰੀਤ ਅਤੇ ਜੈਸਮੀਨ ਹਨ।

### ਟਰੇਡ ਮਨਿਸਟਰ ਔਫ ਸਟੇਟ : ਜਗਰੂਪ ਬਰਾੜ

ਜਗਰੂਪ ਬਰਾੜ ਪਹਿਲੀ ਵਾਰ 2004 ਵਿੱਚ ਸਰੀ ਵਿੱਚ ਵਿਧਾਇਕ ਵਜੋਂ ਚੁਣੇ ਗਏ ਸਨ ਅਤੇ 2013 ਤੱਕ ਸੇਵਾ ਕਰਦੇ ਰਹੇ। ਉਹ 2017 ਅਤੇ 2020 ਵਿੱਚ ਸਰੀ-ਫਲੀਟਵੁੱਡ ਦੇ ਵਿਧਾਇਕ ਵਜੋਂ ਦੁਬਾਰਾ ਚੁਣੇ ਗਏ ਸਨ। ਉਨ੍ਹਾਂ ਪਹਿਲਾਂ ਇੱਕ ਸਰਕਾਰੀ ਕਾਕਸ ਚੇਅਰ ਅਤੇ ਵਿਸ਼ੇਸ਼ ਕਮੇਟੀ ਦੇ ਚੇਅਰ ਵਜੋਂ ਸੇਵਾ ਨਿਭਾਈ। ਚੋਣ ਐਕਟ ਦੇ ਉਪਬੰਧਾਂ ਦੀ ਸਮੀਖਿਆ ਕਰਨ ਲਈ ਅਤੇ ਮੁੱਖ ਚੋਣ ਅਧਿਕਾਰੀ ਦੀ ਨਿਯੁਕਤੀ ਲਈ ਵਿਸ਼ੇਸ਼ ਕਮੇਟੀ ਦੇ ਮੈਂਬਰ ਰਹੇ।

ਅਧਿਕਾਰਤ ਵਿਰੋਧੀ ਧਿਰ ਵਿੱਚ ਹੁੰਦਿਆਂ ਜਗਰੂਪ ਬਰਾੜ ਨੇ ਛੋਟੇ ਕਾਰੋਬਾਰ, ਸਿਹਤਮੰਦ ਰਹਿਣ-ਸਹਿਣ ਅਤੇ ਖੇਡ, ਰੁਜ਼ਗਾਰ ਅਤੇ ਆਮਦਨੀ ਸਹਾਇਤਾ ਦੇ ਨਾਲ-ਨਾਲ ਸਾਲੀਸਿਟਰ ਜਨਰਲ ਅਤੇ ਪਬਲਿਕ ਸੇਫਟੀ ਲਈ ਅਧਿਕਾਰਤ ਵਿਰੋਧੀ ਧਿਰ ਦੇ ਬੁਲਾਰੇ ਵਜੋਂ ਕੰਮ ਕੀਤਾ।

ਪੰਜਾਬ ਦੇ ਦਿਓਣ ਪਿੰਡ ਵਿੱਚ ਪੈਦਾ ਹੋਇਆ ਜਗਰੂਪ ਬਰਾੜ ਭਾਰਤੀ ਰਾਸ਼ਟਰੀ ਬਾਸਕਟਬਾਲ ਟੀਮ ਦਾ ਖਿਡਾਰੀ ਰਿਹਾ ਅਤੇ ਉਸਨੇ ਫਿਲਾਸਫੀ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ। ਫਿਰ ਉਹ ਪਬਲਿਕ ਐਡਮਿਨਿਸਟ੍ਰੇਸ਼ਨ ਦੀ ਪੜ੍ਹਾਈ ਕਰਨ ਲਈ ਕੈਨੇਡਾ ਆ ਗਿਆ ਅਤੇ ਮੈਨੀਟੋਬਾ ਯੂਨੀਵਰਸਿਟੀ ਤੋਂ ਐਮਪੀਏ ਡਿਗਰੀ ਪ੍ਰਾਪਤ ਕੀਤੀ।

ਇੱਕ ਦਹਾਕੇ ਤੋਂ ਵੱਧ ਸਮੇਂ ਤੱਕ, ਜਗਰੂਪ ਬਰਾੜ ਨੇ ਜਨਤਕ ਅਤੇ ਗੈਰ-ਲਾਭਕਾਰੀ ਖੇਤਰਾਂ ਵਿੱਚ ਕੰਮ ਕੀਤਾ। ਸਰੀ ਸਵੈ ਰੁਜ਼ਗਾਰ ਅਤੇ ਉੱਦਮੀ ਵਿਕਾਸ ਸੁਸਾਇਟੀ (ਸੀਡਜ਼) ਦੇ ਕਾਰਜਕਾਰੀ ਨਿਰਦੇਸ਼ਕ ਵਜੋਂ, ਜਗਰੂਪ ਨੇ ਨਵੇਂ ਉੱਦਮੀਆਂ ਨੂੰ ਸਫਲ ਛੋਟੇ ਕਾਰੋਬਾਰੀ ਉੱਦਮਾਂ ਨੂੰ ਵਿਕਸਤ ਕਰਨ ਅਤੇ ਸ਼ੁਰੂ ਕਰਨ ਲਈ ਸਿਖਲਾਈ ਦਿੱਤੀ।

ਜਗਰੂਪ ਬਰਾਡ ਕਈ ਸਾਲਾਂ ਤੋਂ ਸਰੀ ਭਾਈਚਾਰੇ ਵਿੱਚ ਸਰਗਰਮ ਹੈ। ਉਹ ਇੱਕ ਸਮਰਪਿਤ ਸਥਾਨਕ ਵਲੰਟੀਅਰ ਹੈ ਅਤੇ ਨੌਜਵਾਨਾਂ, ਬਜ਼ੁਰਗਾਂ, ਬੇਘਰਿਆਂ, ਅਤੇ ਨਵੇਂ ਕੈਨੇਡੀਅਨਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕਈ ਸਥਾਨਕ ਸੰਸਥਾਵਾਂ ਨਾਲ ਉਸ ਨੇ ਕੰਮ ਕੀਤਾ ਹੈ। ਜਗਰੂਪ ਨਿਮਨ ਵਰਗ ਦੇ ਲੋਕਾਂ ਲਈ ਇੱਕ ਵਕੀਲ ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਗਰੀਬੀ ਹੰਢਾਅ ਰਹੇ ਲੋਕਾਂ ਦੀ ਭਲਾਈ ਹਿਤ ਕਾਰਜਸ਼ੀਲ ਹੈ।

ਜਗਰੂਪ ਬਰਾੜ ਆਪਣੀ ਪਤਨੀ ਰਾਜਵੰਤ ਅਤੇ ਆਪਣੇ ਦੋ ਬੱਚਿਆਂ ਨੂਰ ਅਤੇ ਫਤਿਹ ਨਾਲ ਸਰੀ ਵਿੱਚ ਰਹਿੰਦਾ ਹੈ।

### ਅਟਾਰਨੀ ਜਨਰਲ - ਨਿੱਕੀ ਸ਼ਰਮਾ

ਨਿੱਕੀ ਸ਼ਰਮਾ ਇੱਕ ਕੈਨੇਡੀਅਨ ਸਿਆਸਤਦਾਨ ਅਤੇ ਵਕੀਲ ਹੈ। ਉਹ 2020 ਦੀਆਂ ਆਮ ਚੋਣਾਂ ਵਿੱਚ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਲਈ ਚੁਣੀ ਗਈ ਸੀ। ਉਹ ਬ੍ਰਿਟਿਸ਼ ਕੋਲੰਬੀਆ ਨਿਊ ਡੈਮੋਕਰੇਟਿਕ ਪਾਰਟੀ ਦੀ ਮੈਂਬਰ ਵਜੋਂ ਵੈਨਕੂਵਰ-ਹੇਸਟਿੰਗਜ਼ ਦੇ ਚੋਣਾਵੀ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੀ ਹੈ।

ਐਮ.ਐਲ.ਏ. ਬਣਨ ਤੋਂ ਪਹਿਲਾਂ ਵਿੱਕੀ ਸ਼ਰਮਾ ਨੇ 2016 ਤੋਂ ਵੈਨਸੀਟੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਉਪ-ਚੇਅਰ ਵਜੋਂ ਸੇਵਾ ਕੀਤੀ ਅਤੇ 2000 ਵਿੱਚ ਸਥਾਪਿਤ ਕੀਤੀ ਗਈ ਇੱਕ ਵਾਤਾਵਰਣ ਸੰਸਥਾ ਸਟੈਂਡ ਅਰਥ ਲਈ ਕਾਰਜ ਕੀਤਾ, ਉਹ ਤੇਲ ਅਤੇ ਗੈਸ ਪ੍ਰਚਾਰਕ ਅਤੇ ਵੈਨਕੂਵਰ ਪਾਰਕਸ ਬੋਰਡ ਦੀ ਚੇਅਰ ਪਰਸਨ ਵੀ ਰਹੇ। ਉਨ੍ਹਾਂ 2014 ਵਿਚ ਵੈਨਕੂਵਰ ਸਿਟੀ ਕੌਂਸਲਰ ਲਈ ਚੋਣ ਲੜੀ ਪਰ ਸਫਲਤਾ ਹਾਸਲ ਨਹੀਂ ਸੀ ਹੋਈ।

26 ਨਵੰਬਰ, 2020 ਨੂੰ ਪ੍ਰੀਮੀਅਰ ਜੌਹਨ ਹੌਰਗਨ ਨੇ ਉਨ੍ਹਾਂ ਨੂੰ ਭਾਈਚਾਰਕ ਵਿਕਾਸ ਅਤੇ ਗੈਰ-ਲਾਭਕਾਰੀ ਲਈ ਸੰਸਦੀ ਸਕੱਤਰ ਨਿਯੁਕਤ ਕੀਤਾ ਸੀ ਅਤੇ ਹੁਣ ਪ੍ਰੀਮੀਅਰ ਡੇਵਿਡ ਇਬੀ ਵੱਲੋਂ ਉਨ੍ਹਾਂ ਨੂੰ ਅਟਾਰਨੀ ਜਨਰਲ ਬਣਾਇਆ ਗਿਆ ਹੈ।

### ਪਾਰਲੀਮਾਨੀ ਸਕੱਤਰ - ਅਮਨਦੀਪ ਸਿੰਘ

ਅਮਨਦੀਪ ਸਿੰਘ 2020 ਵਿੱਚ ਰਿਚਮੰਡ-ਕਵੀਨਜ਼ਬਰੋ ਤੋਂ ਵਿਧਾਇਕ ਚੁਣੇ ਗਏ ਸਲ। ਉਨ੍ਹਾਂ ਨੇ ਸਮਾਜਿਕ ਪਹਿਲਕਦਮੀਆਂ 'ਤੇ ਕੈਬਨਿਟ ਕਮੇਟੀ ਦੇ ਮੈਂਬਰ ਵਜੋਂ, ਸਮਾਜਿਕ ਪਹਿਲਕਦਮੀਆਂ 'ਤੇ ਸਰਕਾਰੀ ਕਾਕਸ ਕਮੇਟੀ ਦੇ ਚੇਅਰ ਵਜੋਂ ਅਤੇ ਮਾਨਸਿਕ ਸਿਹਤ, ਨਸ਼ਾਖੋਰੀ ਅਤੇ ਬੇਘਰਿਆਂ ਲਈ ਕੈਬਨਿਟ ਕਾਰਜਕਾਰੀ ਸਮੂਹ ਦੇ ਤੌਰ 'ਤੇ ਸੇਵਾ ਕੀਤੀ। ਉਹ ਇੱਕ ਉੱਘੇ ਸਿਵਲ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲ ਹਨ। ਬੀ ਸੀ ਪ੍ਰੋਵਿੰਸ਼ੀਅਲ ਅਤੇ ਸੁਪਰੀਮ ਕੋਰਟਾਂ ਅਤੇ ਬੀ ਸੀ ਕੋਰਟ ਆਫ਼ ਅਪੀਲ ਵਿੱਚ ਕਾਰਜਸ਼ੀਲ ਹਨ। ਉਹ ਇੱਕ ਸਮਾਜਿਕ ਤੌਰ 'ਤੇ ਚੇਤੰਨ ਸਮਾਲ ਬਿਜਨੈਂਸਮੈਨ ਹਨ ਅਤੇ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਐਸੋਸੀਏਸ਼ਨ ਆਫ ਲੀਗਲ ਏਡ ਲਾਇਰਜ਼, ਸਿੱਖ ਕੈਡੇਟਸ ਸੁਸਾਇਟੀ ਦੇ ਫਰੈਂਡਜ਼, ਪੀਪਲਜ਼ ਲੀਗਲ ਐਜੂਕੇਸ਼ਨ ਸੁਸਾਇਟੀ ਦੇ ਸਰਗਰਮ ਵਰਕਰ ਹਨ ਅਤੇ ਕਵਾਂਟਲੇਨ ਪੌਲੀਟੈਕਨਿਕ ਯੂਨੀਵਰਸਿਟੀ ਦੇ ਗਵਰਨਰ ਵਜੋਂ ਸੇਵਾ ਨਿਭਾਅਚੁੱਕੇ ਹਨ।

ਨਸ਼ਾਖੋਰੀ ਦੀ ਬਿਮਾਰੀ ਅਤੇ ਇਸ ਦੀ ਰੋਕਥਾਮ ਦੀ ਸੰਭਾਵਨਾ ਲਈ ਕਾਰਜ ਕਰਨ ਅਮਨਦੀਪ ਸਿੰਘ ਦੇ ਮਿਸ਼ਨਾਂ ਵਿੱਚੋਂ ਇੱਕ ਹੈ। ਉਨ੍ਹਾਂ ਨੂੰ ਨਸ਼ਿਆਂ ਅਤੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਅਤੇ ਪਰਿਵਾਰਾਂ ਨੂੰ ਦਰਪੇਸ਼ ਚੁਣੌਤੀਆਂ ਦੀ ਡੂੰਘੀ ਸਮਝ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਭਾਈਚਾਰੇ ਜੋ ਸਾਰੇ ਲੋਕਾਂ ਦੀ ਦੇਖਭਾਲ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨਾ ਹੀ ਸਫਲਤਾ ਦੀ ਕੁੰਜੀ ਹਨ।

ਅਮਨਦੀਪ ਦਾ ਜਨਮ ਭਾਰਤ ਵਿੱਚ ਹੋਇਆ ਸੀ, ਉਨ੍ਹਾਂ ਦਾ ਪਾਲਣ ਪੋਸ਼ਣ ਹਾਂਗਕਾਂਗ ਵਿੱਚ ਹੋਇਆ ਸੀ ਅਤੇ ਉਹ ਆਪਣੇ ਪਰਿਵਾਰ ਨਾਲ ਰਿਚਮੰਡ ਵਿਖੇ ਰਹਿ ਰਹੇ ਹਨ। ਅਮਨਦੀਪ ਸਿੰਘ ਦੀ ਜੀਵਨ ਸਾਥਣ ਕੈਟਰੀਨਾ ਅਤੇ ਇਕ ਬੱਚੀ ਲੇਨੀ ਹੈ।

### ਹਰਵਿੰਦਰ ਸੰਧੂ - ਸੰਸਦੀ ਸਕੱਤਰ

ਹਰਵਿੰਦਰ ਸੰਧੂ 2020 ਵਿੱਚ ਵਰਨਨ-ਮੋਨਾਸ਼ੀ ਲਈ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਕੋਵਿਡ 'ਤੇ ਕੈਬਨਿਟ ਵਰਕਿੰਗ ਗਰੁੱਪ, ਪੁਲਿਸ ਐਕਟ ਵਿੱਚ ਸੁਧਾਰ ਕਰਨ ਲਈ ਵਿਸ਼ੇਸ਼ ਕਮੇਟੀ ਅਤੇ ਵਿੱਤ ਅਤੇ ਸਰਕਾਰੀ ਸੇਵਾਵਾਂ 'ਤੇ ਚੁਣੀ ਗਈ ਸਥਾਈ ਕਮੇਟੀ ਦੇ ਮੈਂਬਰ ਵਜੋਂ ਕੰਮ ਕੀਤਾ ਹੈ।

ਵਿਧਾਇਕ ਚੁਣੇ ਜਾਣ ਤੋਂ ਪਹਿਲਾਂ ਉਹ ਵਰਨਨ ਜੁਬਲੀ ਹਸਪਤਾਲ ਵਿੱਚ ਇੱਕ ਰਜਿਸਟਰਡ ਨਰਸ ਸਨ ਅਤੇ ਮਰੀਜਾਂ ਦੀ ਦੇਖਭਾਲ ਕੋਆਰਡੀਨੇਟਰ ਵਜੋਂ ਕੰਮ ਕਰਦੇ ਸਨ। ਬੀ ਸੀ ਨਰਸਜ਼ ਯੂਨੀਅਨ ਦੀ ਸਰਗਰਮ ਮੈਂਬਰ ਸਨ ਅਤੇ ਉਨ੍ਹਾਂ ਮੋਜ਼ੇਕ ਆਫ਼ ਕਲਰ ਕਾਕਸ ਦੀ ਸੂਬਾਈ ਚੇਅਰ ਅਤੇ ਲਾਬੀ ਕੋਆਰਡੀਨੇਟਰ ਵਜੋਂ ਕੰਮ ਕੀਤਾ। ਬੀ ਸੀ ਨਰਸਜ਼ ਯੂਨੀਅਨ ਵਿਚ ਉਹ ਲੰਬਾ ਸਮਾਂ ਹੈਲਥ ਐਡਵੋਕੇਟ ਰਹੇ ਅਤੇ ਕਈ ਚੈਰੀਟੇਬਲ ਪਹਿਲਕਦਮੀਆਂ @ਤੇ ਕੰਮ ਕੀਤਾ। ਆਪਣੇ ਪਹਿਲੇ ਪਤੀ ਸੈਮੀ ਦੀ ਕੈਂਸਰ ਨਾਲ ਮੌਤ ਹੋਣ ਤੋਂ ਬਾਅਦ ਅਤੇ ਆਪਣੀਆਂ ਛੋਟੀਆਂ ਬੇਟੀਆਂ ਨਾਲ ਵਰਨਨ ਜਾਣ ਤੋਂ ਪਹਿਲਾਂ 7 ਸਾਲਾਂ ਤੋਂ ਵੱਧ ਸਮੇਂ ਲਈ ਉਨ੍ਹਾਂ ਮਿੱਲਜ਼ ਮੈਮੋਰੀਅਲ ਹਸਪਤਾਲ ਵਿੱਚ ਟੈਰੇਸ ਵਿੱਚ ਉੱਤਰੀ ਸਿਹਤ ਨਾਲ ਕੰਮ ਕੀਤਾ।

ਆਪਣੇ ਸਾਥੀ ਹੈਲਥਕੇਅਰ ਵਰਕਰ ਬਲਜੀਤ ਨਾਲ ਵਿਆਹ ਤੋਂ ਬਾਅਦ ਹਰਵਿੰਦਰੀ ਸੰਧੂ ਵਰਨਨ ਦੇ ਸੁੰਦਰ ਕਸਬੇ ਵਿੱਚ ਰਹਿ ਰਹੇ ਹਨ ਅਤੇ ਯੂਨੀਵਰਸਿਟੀ ਤੋਂ ਐਲੀਮੈਂਟਰੀ ਸਕੂਲ ਤੱਕ ਦੀ ਉਮਰ ਦੇ ਤਿੰਨ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਹਨ।

ਹਰਦਮ ਮਾਨ, ਸਰੀ 1 778 552 1091
















# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵੱਲੋਂ ਸਾਲ 2022 ਨੂੰ ਸ਼ਾਨਦਾਰ ਅਲਵਿਦਾ ਆਖਦਿਆਂ 1700 ਡਾਲਰ ਤੋਂ ਵੱਧ ਦੀ ਰਕਮ ਫੂਡ ਬੈਂਕ ਲਈ ਦਾਨ ਕੀਤੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਸਾਲ 2022 ਦੀ ਆਖਰੀ ਮੀਟਿੰਗ ਦਸ ਦਸੰਬਰ ਨੂੰ ਭਰਵੀਂ ਹਾਜ਼ਰੀ ਵਿੱਚ ਹੋਈ। ਸਭਾ ਦੇ ਪ੍ਰਧਾਨ ਸੁਰਿੰਦਰਜੀਤ ਸਿੰਘ ਪਲਾਹਾ ਨੇ ਵਿਸ਼ੇਸ਼ ਮਹਿਮਾਨ ਡੌਨ ਮਲਰੌਨ ਅਤੇ ਕੌਂਸਲਰ ਰਾਜ ਧਾਲੀਵਾਲ ਦਾ ਸਵਾਗਤ ਕੀਤਾ ਅਤੇ ਸਮੂਹ ਮੈਂਬਰਾਂ ਨੂੰ ਜੀ-ਆਇਆਂ ਕਿਹਾ। ਸਭਾ ਦੀਆਂ ਮੁੱਖ ਸਰਗਰਮੀਆਂ ਅਤੇ ਪ੍ਰਾਪਤੀਆਂ ਤੇ ਸੰਖੇਪ ਝਾਤ ਪੁਆਈ। ਉਚੇਚਾ ਯੋਗਦਾਨ ਪਾਉਣ ਵਾਲੇ ਮੈਂਬਰਾਂ ਜੰਗਪਾਲ ਸਿੰਘ ਖੋਸਾ, ਗੁਰਦਿਆਲ ਸਿੰਘ ਖਹਿਰਾ, ਸੁਖਵਿੰਦਰ ਕੌਰ ਕੁੰਡੂ, ਲਖਵਿੰਦਰ ਸਿੰਘ ਜੌਹਲ, ਪ੍ਰਸ਼ੋਤਮ ਭਾਰਦਵਾਜ, ਅਮਰਜੀਤ ਕੌਰ ਪਲਾਹਾ ਅਤੇ ਪਰਮਜੀਤ ਕੌਰ ਖੋਸਾ ਨੂੰ ਮਾਨਤਾ ਪੱਤਰ (ਛਇਰਟਿਚਿਅਟਏ ੋਾ ੍ਰਇਚੋਗਨਿਟਿੋਨ ) ਦੇ ਕੇ ਸਨਮਾਨਿਤ ਕੀਤਾ ਗਿਆ। ਦਸੰਬਰ ਮਹੀਨੇ ਵਿਚਲੇ ਜਨਮ-ਦਿਨ ਵਾਲੇ ਮੈਂਬਰਾਂ ਨੂੰ ਸ਼ਾਨਦਾਰ ਵਧਾਈ-ਪੱਤਰ ਪ੍ਰਦਾਨ ਕੀਤੇ ਗਏ। ਵੀਵੋ ਸੰਸਥਾ ਤੋਂ ਆਏ ਡੌਨ ਮਲਰੌਨ ਨੇ ਸਭਾ ਦੀਆਂ ਸਰਗਰਮੀਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਰਾਜ ਧਾਲੀਵਾਲ ਨੇ ਇਸ ਸਭਾ ਨੂੰ ਅਦੁੱਤੀ (ੂਨਿਤੁਇ ) ਦੱਸਿਆ ਤੇ ਯਕੀਨ ਦਿਵਾਇਆ ਕਿ ਉਹ ਨਾਰਥ ਈਸਟ ਕੈਲਗਰੀ ਦੀ ਨੁਹਾਰ ਬਦਲਣ ਲਈ ਹਰ ਸੰਭਵ ਯਤਨ ਕਰਦੇ ਰਹਿਣਗੇ। ਸੁਰਿੰਦਰ ਕੁਮਾਰ ਕਾਲੀਆ ਨੇ ਪਹਾੜੀ ਗੀਤ ਗਾ ਕੇ ਨਿਵੇਕਲੇ ਸੱਭਿਆਚਾਰ ਦੀ ਝਲਕ ਵਿਖਾਈ - ਸ਼ਿਮਲੇ ਨੀ ਵੱਸਣਾ ਕਸੌਲੀ ਨੀ ਵੱਸਣਾ, ਚੰਬੇ ਨੂੰ ਜਾਣਾ ਜ਼ਰੂਰ। ਡਾ: ਮਨਮੋਹਨ ਬਾਠ ਦੇ ਗੀਤ - ਮੁਟਿਆਰੇ ਜਾਣਾ ਦੂਰ ਪਿਆ, ਵਿਨੋਦ ਕੁਮਾਰੀ ਦੇ ਗੀਤ - ਨਿੱਕੀ ਨਿੱਕੀ ਗੱਲ ਤੁਸੀਂ ਕਾਹਤੋਂ ਰੁੱਸ ਚੱਲੇ, ਅਤੇ ਸੁਰਜੀਤ ਕੌਰ ਦੇ ਗਾਏ



ਗੀਤ - ਤਾਰਿਆਂ ਤੋਂ ਪੁੱਛ ਚੰਨ ਵੇ- ਦੀ ਮੁਹਾਰਤੀ ਪੇਸ਼ਕਾਰੀ ਨੇ ਸਭ ਨੂੰ ਮੰਤਰ-ਮੁਗਧ ਕਰੀ ਰੱਖਿਆ। ਪ੍ਰਮਿੰਦਰ ਗਰੇਵਾਲ ਅਤੇ ਜਗਜੀਤ ਰਹਿਸੀ ਦੇ ਸ਼ੇਅਰਾਂ ਅਤੇ ਟੂਕਾਂ ਨੇ ਸੋਚ ਨੂੰ ਟੁੰਬਿਆ। ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਦੀ ਜੋੜੀ ਦੁਆਰਾ ਡੇਰੇ ਵਾਲੇ ਬਾਬਿਆਂ ਬਾਰੇ ਸਕਿੱਟ ਦੀ ਪੇਸ਼ਕਾਰੀ ਨੇ ਸਰੋਤੇ ਹੱਸਾ-ਹੱਸਾ ਕੇ ਦੂਹਰੇ ਕਰ ਦਿੱਤੇ । ਜੋਗਾ ਸਿੰਘ ਲੈਹਲ ਦੇ ਹਰਿਆਣਵੀ ਰੰਗ ਦੇ ਚੁਟਕਲੇ ਇਸ ਮਾਹੌਲ ਵਿੱਚ ਹੋਰ ਵਾਧਾ ਕਰ ਗਏ। ਦੋ ਬੱਚੀਆਂ- ਹਰਗੁਨ ਜੌਹਲ ਅਤੇ ਅਵਾਨੀ ਮੱਲ੍ਹੀ ਨੇ ਸੰਗੀਤ ਦੀ ਤਾਲ ਤੇ ਭੰਗੜਾ-ਨਾਚ ਪੇਸ਼ ਕੀਤਾ। ਕਮਾਲ ਦੀ ਅਦਾਕਾਰੀ ਤੇ ਤਾਲਮੇਲ ਦਾ ਪ੍ਰਦਰਸ਼ਨ ਹੈਰਾਨ ਕਰਨ ਵਾਲਾ ਸੀ। ਗੁਰਦਿਆਲ ਸਿੰਘ ਖਹਿਰਾ ਨੇ ਬਲਬੀਰ ਲਹਿਰੀ ਦਾ ਗੀਤ - ਮੈਂ ਮਾੜੀ ਤੇਰੀ ਮਾਂ ਭਗਤਣੀ ਮਨਮੋਹਕ ਅੰਦਾਜ਼ ਵਿੱਚ ਪੇਸ਼ ਕੀਤਾ। ਪ੍ਰੋਗਰਾਮ ਸਿਖਰ ਤੇ ?ਦੋਂ ਪਹੁਚਿਆ ਜਦੋਂ ਔਰਤਾਂ ਨੇ ਕੋਈ ਘੰਟਾ ਭਰ ਗਿੱਧਾ ਪਾ ਕੇ ਚਿਰਾਂ ਦੇ ਸਾਂਝੇ ਚਾਅ ਪੂਰੇ ਕੀਤੇ। ਲੱਗਦਾ ਸੀ ਜਿਵੇਂ ਕਿਸੇ ਅੰਤਰ-ਯੂਨੀਵਰਸਿਟੀ ਨਾਚ ਮੁਕਾਬਲੇ ਵਿੱਚ ਮੁਟਿਆਰਾਂ ਦੀ ਜੇਤੂ ਟੀਮ ਧੂਮ ਮਚਾ ਰਹੀ ਹੋਵੇ। ਏਨੀ ਮੁਹਾਰਤ, ਊਰਜਾ, ਤਾਲਮੇਲ ਅਤੇ ਚਕਾ-ਚੌਂਧ ਕਰਨ ਵਾਲੀ ਅਦਾਕਾਰੀ ਕਦੇ ਹੀ ਵੇਖਣ ਨੂੰ ਮਿਲਦੀ ਹੈ। ਗੁਰਦਿਆਲ ਸਿੰਘ ਖਹਿਰਾ ਨੇ ਸਕੱਤਰ ਦੀ ਜ਼ਿੰਮੇਵਾਰੀ ਬਾ-ਖ਼ੂਬੀ ਨਿਭਾਉਂਦਿਆਂ ਰੌਣਕ ਲਾਈ ਰੱਖੀ। ਅਖੀਰ ਵਿੱਚ ਸੁਰਿੰਦਰਜੀਤ ਪਲਾਹਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਮੈਂਬਰਾਂ ਵੱਲੋਂ 1700 ਡਾਲਰ ਤੋਂ ਵੱਧ ਦੀ ਰਕਮ ਫੂਡ ਬੈਂਕ ਲਈ ਦਾਨ ਕੀਤੀ ਗਈ ਹੈ, ਇਸ ਤੋਂ ਇਲਾਵਾ 500 ਡਾਲਰ ਸਭਾ ਵੱਲੋਂ ਪਾਏ ਜਾ ਰਹੇ ਹਨ। ਉਨ੍ਹਾਂ ਨੇ ਸਾਰੀਆਂ ਪੇਸ਼ਕਾਰੀਆਂ ਦੀ ਸਿਫ਼ਤ ਕੀਤੀ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

## ਹੁਣ ਪਬਲਿਕ ਟਰਾਂਜ਼ਿਟ ਵਿੱਚ ਨਿਵੇਸ਼ ਦੀ ਵੱਡੀ ਲੋੜ ਹੈ- ਡਗ ਫੋਰਡ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਆਖਿਆ ਹੈ ਕਿ ਕਰੋਨਾ ਮਹਾਮਾਰੀ ਕਾਰਨ ਪਬਲਿਕ ਟਰਾਂਜ਼ਿਟ ਨੂੰ ਵੱਡਾ ਘਾਟਾ ਸਹਿਣਾ ਪਿਆ ਕਿਉਂਕਿ ਲੋਕ ਘਰਾਂ ਵਿੱਚ ਬੰਦ ਸਨ। ਇਸ ਕਾਰਨ ਪਬਲਿਕ ਟਰਾਂਜ਼ਿਟ ਉੱਪਰ ਸਫਰ ਕਰਨ ਵਾਲਿਆਂ ਦੀ ਗਿਣਤੀ ਵੀ ਬਹੁਤ ਘੱਟ ਗਈ ਸੀ। ਜਿਸ ਕਾਰਨ ਵਿੱਤੀ ਘਾਟੇ ਦਾ ਅਸਰ ਅਜੇ ਵੀ ਸੂਬੇ ਦੀਆਂ ਵੱਖ-ਵੱਖ ਪਬਲਿਕ ਟਰਾਂਜ਼ਿਟ ਉੱਪਰ ਨਜ਼ਰ ਆ ਰਿਹਾ ਹੈ । ਇਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਵੱਖ ਵੱਖ ਮਿਊਂਸੀਪੈਲਟੀਆਂ ਅਧੀਨ ਆਉਂਦੀਆਂ ਟਰਾਂਜ਼ਿਟ ਵਾਸਤੇ 505 ਮਿਲੀਅਨ ਡਾਲਰ ਦੀ ਮਦਦ ਦਿੱਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਸੂਬੇ ਚ ਅਗਲੇ 10 ਸਾਲਾਂ ਦੌਰਾਨ ਹਰ ਸਾਲ ਲਗਭਗ 3 ਲੱਖ ਨਵੇਂ ਲੋਕ ਸ਼ਾਮਿਲ ਹੋਣਗੇ । ਇਸ ਕਾਰਨ ਵੀ ਪਬਲਿਕ ਟਰਾਂਜ਼ਿਟ ਵਿੱਚ ਨਿਵੇਸ਼ ਦੀ ਵੱਡੀ ਲੋੜ ਹੈ।

# ਟੋਰਾਂਟੋ 'ਚ 62 ਹਥਿਆਰਾਂ ਸਮੇਤ 4 ਜਣੇ ਗ੍ਰਿਫਤਾਰ

**ਫੜੇ ਗਏ ਹਥਿਆਰਾਂ 'ਚ ਅਸਾਲਟ ਰਾਈਫਲਾਂ ਵੀ ਸ਼ਾਮਿਲ ਹਨ।**

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਪੁਲਿਸ ਨੇ ਹਥਿਆਰਾਂ ਦੀ ਤਸਕਰੀ ਦੇ ਇੱਕ ਵੱਡੇ ਗਿਰੋਹ ਦਾ ਪਰਦਾਫਾਸ਼ ਕਰਦਿਆਂ 62 ਹਥਿਆਰਾਂ ਸਮੇਤ 4 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਗਿਰੋਹ ਤੱਕ ਪਹੁੰਚਣ ਲਈ ਪੁਲਿਸ ਨੂੰ ਕਈ ਮਹੀਨਿਆਂ ਦੀ ਲੰਬੀ ਜਾਂਚ ਕਰਨੀ ਪਈ। ਇਸ ਆਪ੍ਰੇਸ਼ਨ ਨੂੰ ਪ੍ਰਾਜੈਕਟ ਬਾਰਬੈਲ ਨਾਮ ਦਿੱਤਾ ਗਿਆ ਸੀ ਜੋ ਪਿਛਲੇ ਸਾਲ ਦੀ ਪਤਝੜ ਦੌਰਾਨ ਸ਼ੁਰੂ ਹੋਇਆ ਸੀ ਅਤੇ ਇਸ ਸਾਲ 28 ਮਈ ਨੂੰ ਟੋਰਾਂਟੋ 'ਚ ਸਕਾਰਬਰੋ ਅਤੇ ਇਟੋਬੀਕੋ ਸਮੇਤ 5 ਥਾਵਾਂ ਤੇ ਛਾਪੇਮਾਰੀ ਕਰਕੇ ਇਹ ਹਥਿਆਰ ਬਰਾਮਦ ਕੀਤੇ ਗਏ ਸਨ ਜਿੰਨਾ ਵਿੱਚ 5 ਏ ਆਰ 15 ਰਾਈਫਲਾਂ ਅਤੇ ਤਿੰਨ ਅਸਾਲਟ ਰਾਈਫਲਾਂ ਸ਼ਾਮਿਲ ਸਨ। ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਗੋਲੀ ਸਿੱਕਾ ਅਤੇ 2 ਭੌਂ ਕਾਰਾਂ ਵੀ ਬਰਾਮਦ ਕੀਤੀਆਂ ਗਈਆਂ ਹਨ। ਇਸ ਮਾਮਲੇ ਚ 4 ਜਣਿਆਂ ਸਈਅਦ ਮੁਹੰਮਦ ਅਲੀ ਜ਼ੈਦੀ , ਮਾਈਕਲ ਸਿੰਪਸਨ , ਸਈਦਾ ਤਿਰਮੀਜ਼ੀ ਅਤੇ ਸ਼ਾਹੀਨ ਅਬਦੂਲ ਨੂੰ 260 ਚਾਰਜਿਜ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।ਜ਼ੈਦੀ ਉੱਪਰ ਪਿਛਲੇ ਸਾਲ ਅਕਤੂਬਰ ਮਹੀਨੇ ਇੱਕ ਬਾਰ ਵਿੱਚ ਅੰਨੇਵਾਹ ਗੋਲੀਬਾਰੀ ਦੇ ਵੀ ਦੋਸ਼ ਹਨ।

## ਸਾਡੀ ਪਾਰਟੀ ਹਮੇਸਾ ਹੀ ਸਰਕਾਰ ਦੀਆਂ ਬੇ ਨਿਯਮੀਆਂ ਉੱਪਰ ਬਾਜ਼ ਅੱਖ ਰੱਖਦੀ ਰਹੀ ਹੈ -ਜਸਰਾਜ ਹੱਲਣ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਆਡਿਟ ਜਨਰਲ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਉਪਰੰਤ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਵੱਲੋਂ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਦੀ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ ਗਿਆ। ਵਿੱਤੀ ਮਾਮਲਿਆਂ ਬਾਰੇ ਪਾਰਟੀ ਦੇ ਕ੍ਰਿਟਿਕ ਜਸਰਾਜ ਸਿੰਘ ਹੱਲਣ ਸਮੇਤ ਪਾਰਟੀ ਦੇ ਹੋਰ ਸੰਸਦ ਮੈਂਬਰਾਂ ਵੱਲੋਂ ਇਹ ਕਹਿੰਦਿਆਂ ਸਰਕਾਰ ਦੀ ਆਲੋਚਨਾ ਕੀਤੀ ਗਈ ਕਿ ਕੰਜ਼ਰਵੇਟਿਵ ਪਾਰਟੀ ਸ਼ੁਰੂ ਤੋਂ ਹੀ ਲਿਬਰਲ ਸਰਕਾਰ ਵੱਲੋਂ ਖਰਚ ਕੀਤੇ ਜਾਣ ਦੇ ਢੰਗ ਤਰੀਕਿਆਂ ਉੱਪਰ ਸਵਾਲ ਚੁੱਕਦੀ ਰਹੀ ਹੈ ਅਤੇ ਹੁਣ ਇਹ ਰਿਪੋਰਟ ਕੰਜ਼ਰਵਟਿਵ ਪਾਰਟੀ ਦੇ ਸਟੈਂਡ ਨੂੰ ਸਪਸ਼ਟ ਕਰਦੀ ਹੈ। ਕੈਲਗਰੀ ਫੋਰੈਸਟ ਲਾਨ ਤੋਂ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ ਨੇ ਕਿਹਾ ਕਿ ਲੋਕਾਂ ਨੇ ਸਾਨੂੰ ਚੁਣਕੇ ਭੇਜਿਆ ਹੈ ਤਾਂ ਸਾਡਾ ਫਰਜ ਬਣਦਾ ਹੈ ਲਿਬਰਲ ਸਰਕਾਰ ਵੱਲੋਂ ਮਨਮਾਨੀਆਂ ਕਰਦੇ ਹੋਏ ਕੀਤੇ ਜਾ ਰਹੇ ਬੇਲੋੜੇ ਖਰਚਿਆਂ ਸਬੰਧੀ ਜਵਾਹਦੇਹ ਬਣਾਇਆ ਜਾ ਸਕੇ।




# ਅਫਗਾਨ ਸਰਕਾਰ ਨੇ ਦੋਸ਼ੀ ਕਰਾਰ ਦਿੱਤੇ ਵਿਅਕਤੀ ਨੂੰ ਖੁੱਲੇਆਮ ਫਾਹੇ ਲਗਾਇਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਸਟੇਡੀਅਮ ਵਿੱਚ ਕਤਲ ਦੇ ਦੋਸ਼ੀ ਨੂੰ ਜਨਤਕ ਤੌਰ ’ਤੇ ਮੌਤ ਦੇ ਘਾਟ ਉਤਾਰ ਦਿੱਤਾ। ਅਗਸਤ, 2021 ਵਿੱਚ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਸ਼ਾਸਨ ਤੋਂ ਬਾਅਦ ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਵਿਅਕਤੀ ਨੂੰ ਜਨਤਕ ਤੌਰ ‘ਤੇ ਮੌਤ ਦੀ ਸਜਾ ਦਿੱਤੀ ਗਈ ਹੈ। ਅਫਗਾਨਿਸਤਾਨ ਦੇ ਇਸਲਾਮਿਕ ਅਮੀਰਾਤ (ਆਈ ਈ ਏ) ਦੇ ਚੋਟੀ ਦੇ ਬੁਲਾਰੇ ਜਬੀਹੁੱਲ੍ਹਾ ਮੁਜਾਹਿਦ ਮੁਤਾਬਕ ਦੋਸ਼ੀ ਨੂੰ ਪੱਛਮੀ ਫਰਾਹ ਸੂਬੇ ‘ਚ ਸੈਂਕੜੇ ਦਰਸ਼ਕਾਂ ਅਤੇ ਸੂਬੇ ਸਮੇਤ ਕਈ ਚੋਟੀ ਦੇ ਤਾਲਿਬਾਨ ਅਧਿਕਾਰੀਆਂ ਦੇ ਸਾਹਮਣੇ ਫਾਂਸੀ ਦਿੱਤੀ ਗਈ। ਮੁਜਾਹਿਦ ਨੇ ਦੇਸ਼ ਦੀਆਂ ਤਿੰਨ ਉੱਚ ਅਦਾਲਤਾਂ ਅਤੇ ਤਾਲਿਬਾਨ ਦੇ ਸਰਵਉੱਚ ਨੇਤਾ ਮੁੱਲਾ ਹੈਬਤੁੱਲਾ ਅਖੂੰਦਜਾਦਾ ਦੀ ਮਨਜੂਰੀ ਤੋਂ ਬਾਅਦ ਕਿਹਾ, “ਸਜਾ ਦਾ ਫੈਸਲਾ ਬਹੁਤ ਧਿਆਨ ਨਾਲ ਲਿਆ ਗਿਆ ਸੀ।“ ਫਾਂਸੀ ਦਿੱਤੇ ਗਏ ਵਿਅਕਤੀ ਦੀ ਪਛਾਣ ਹੇਰਾਤ ਸੂਬੇ ਦੇ ਤਾਜਮੀਰ ਵੱਜੋਂ ਹੋਈ ਹੈ। ਉਸ ਨੂੰ ਪੰਜ ਸਾਲ ਪਹਿਲਾਂ ਇੱਕ ਹੋਰ ਵਿਅਕਤੀ ਦੀ ਹੱਤਿਆ ਕਰਨ ਅਤੇ ਉਸ ਦਾ ਮੋਟਰਸਾਈਕਲ ਅਤੇ ਮੋਬਾਈਲ ਫੋਨ ਚੋਰੀ ਕਰਨ ਦਾ ਦੋਸੀ ਠਹਿਰਾਇਆ ਗਿਆ ਸੀ।

# ਕੈਨੇਡਾ 'ਚ ਕਰੋਨਾ ਕਾਲ ਦੌਰਾਨ 4.6 ਬਿਲੀਅਨ ਡਾਲਰ ਦੀ ਵਿੱਤੀ ਮੱਦਦ ਅਯੋਗ ਲੋਕਾਂ ਨੂੰ ਦਿੱਤੀ ਗਈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਕਰੋਨਾ ਮਹਾਂਮਾਰੀ ਦੇ ਦੌਰਾਨ ਫੈਡਰਲ ਸਰਕਾਰ ਵੱਲੋਂ ਦਿਲ ਖੋਲ੍ਹ ਕੇ ਆਮ ਲੋਕਾਂ ਅਤੇ ਵਪਾਰਕ ਅਦਾਰਿਆਂ ਦੀ ਵਿੱਤੀ ਮੱਦਦ ਕੀਤੀ ਗਈ। ਇਸ ਦੌਰਾਨ ਫੈਡਰਲ ਸਰਕਾਰ ਵੱਲੋਂ ਲਗਭਗ 211 ਬਿਲੀਅਨ ਡਾਲਰ ਦੀ ਕੋਵਿਡ -19 ਮੱਦਦ ਭੇਜੀ ਗਈ। ਹੁਣ ਇਸ ਉੱਪਰ ਹੋਏ ਆਡਿਟ ਉਪਰੰਤ ਕੈਨੇਡਾ ਦੀ ਆਡੀਟਰ ਜਨਰਲ ਨੇ ਅਹਿਮ ਖੁਲਾਸਾ ਕੀਤਾ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਲੋਕਾਂ ਨੂੰ ਵਿੱਤੀ ਮਦਦ ਜਾਰੀ ਕਰਨ ਤੋਂ ਪਹਿਲਾਂ ਵੈਰੀਫਿਕੇਸ਼ਨ ਤੋਂ ਛੋਟ ਦਿੱਤੀ ਗਈ ਸੀ। ਉਸ ਦਾ ਨਤੀਜਾ ਇਹ ਹੋਇਆ ਹੈ ਕਿ ਲਗਭਗ 4.6 ਬਿਲੀਅਨ ਡਾਲਰ ਦੀ ਵਿੱਤੀ ਮੱਦਦ ਉਨਾਂ ਲੋਕਾਂ ਨੂੰ ਦੇ ਦਿੱਤੀ ਗਈ ਜੋ ਇਸ ਦੇ ਯੋਗ ਹੀ ਨਹੀਂ ਸਨ। ਆਡੀਟਰ ਜਨਰਲ ਕੇਰਨ ਹੋਗਨ ਅਨੁਸਾਰ ਸਾਲ 2020 'ਚ ਜਦੋਂ ਕੈਨੇਡਾ ਸਰਕਾਰ ਨੇ ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ (CERB ) ਅਤੇ ਵੇਜ ਸਬਸਿਡੀ ਪ੍ਰੋਗਰਾਮ ਸ਼ੁਰੂ ਕੀਤੇ ਸਨ ਤਾਂ ਸਰਕਾਰ ਨੇ ਇਸ ਮੱਦਦ ਲਈ ਅਰਜ਼ੀਆਂ ਦੇਣ ਵਾਲਿਆਂ ਵੱਲੋਂ ਦਿੱਤੀ ਜਾਣਕਾਰੀ ਉੱਪਰ ਹੀ ਯਕੀਨ ਕਰਨ ਦਾ ਫੈਸਲਾ ਕੀਤਾ ਸੀ ਪਰ ਬਹੁਤ ਸਾਰੇ ਲੋਕਾਂ ਨੇ ਇਸ ਛੋਟ ਦਾ ਨਜਾਇਜ ਫਾਇਦਾ ਉਠਾਇਆ।

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
Satisfaction Guaranteed- One year warranty on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

STANCE PHYSIO CHIRO & MASSAGE
Psychological/Mental Health Counselling Available
ਫਿਜ਼ੀਓਥੈਰਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
www.stancephysio.com
Ph: +1(825)513-0151 Address: 470, 10980 38St NE AB Calgary

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
fix AUTO COLLISION
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobody.ca

# ਲਿਖਾਰੀਆਂ ਨੇ ਕੀਤੀਆਂ ਸਾਲ ਦੇ ਆਖਿਰੀ ਮਹੀਨੇ ਇਹ ਵਿਚਾਰਾਂ

## 'ਹੱਥ ਘੁੱਟ ਕੇ ਕੀਤੇ ਖ਼ਰਚੇ ਜਿੰਦਗੀ ਬਣਾ ਦਿੰਦੇ ਨੇ, ਚਾਦਰ ਨਾਲੋਂ ਵੱਧ ਪਸਾਰੇ ਪੈਰ ਮੰਗਣ ਲਾ ਦਿੰਦੇ ਨੇ'



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਕੈਲਗਰੀ ਦੀ ਇਸ ਸਾਲ ਦੀ ਆਖ਼ਰੀ ਤੇ ਮਾਸਿਕ ਮਿਲਣੀ ਕੋਸੋ ਹਾਲ ਵਿੱਚ ਡਾ. ਜੋਗਾ ਸਿੰਘ ਅਤੇ ਗੁਰਦੀਪ ਗਹੀਰ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਸਕੱਤਰ ਜਰਨੈਲ ਸਿੰਘ ਤੱਗੜ ਨੇ ਆਏ ਹੋਏ ਸਾਰੇ ਸਾਹਿਤ ਪ੍ਰੇਮੀਆਂ ਅਤੇ ਸਾਹਿਤਕਾਰਾਂ ਨੂੰ ਜੀ ਆਇਆ ਆਖਿਆ।ਕੈਲਗਰੀ ਦੇ ਨਾਮਵਰ ਬਿਜਨਿਸਮੈਨ ਗੁਰਦੀਪ ਸਿੰਘ ਸ਼ੇਰਗਿੱਲ ਦੇ ਨੌਜੁਆਨ ਸਪੁੱਤਰ ਦੀ ਕਾਰ ਦੁਰਘਟਨਾ ਵਿੱਚ ਮੌਤ ਸਬੰਧੀ ਸ਼ੋਕ ਮਤਾ ਪਇਆ ਗਿਆ ਅਤੇ ਸ਼ੇਰਗਿੱਲ ਪਰਿਵਾਰ ਨਾਲ ਦੁੱਖ ਸਾਂਝਾਂ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।ਇਕਬਾਲ ਖ਼ਾਨ ਨੇ 'ਸੁੱਤੀ ਛੱਡ ਗਿਆ ਦਿਲਾਂ ਦਾ ਜਾਨੀ ਮੁੜ ਆਇਆ ਰੱਬ ਬਣ ਕੇ' ਮਾਹਾਤਮਾਂ ਬੁੱਧ ਦੀ ਪਤਨੀ ਦੇ ਜਜ਼ਬਾਤਾਂ ਦੀ ਬਾਤ ਪਾਉਂਦੀ ਕਵਿਤਾ ਨਾਲ ਸ਼ੁਰੂਆਤ ਕੀਤੀ। ਲਖਵਿੰਦਰ ਸਿੰਘ ਜੌਹਲ ਨੇ ਗੁਰਦੀਸ਼ ਗਰੇਵਾਲ ਦੀ ਲਿਖੀ 'ਧੰਨ ਮਾਤਾ ਗੁਜ਼ਰੀ' ਨਾਂ ਦੀ ਕਵਿਤਾ ਸੁਣਾ ਕੇ ਮਹੌਲ ਨੂੰ ਹੋਰ ਭਾਵੁਕ ਬਣਾ ਦਿੱਤਾ। ਸੰਗੀਤ ਦੇ ਗਿਅਤਾ ਡਾ. ਜੋਗਾ ਸਿੰਘ ਨੇ 'ਮਾਂ ਵਰਗਾਂ ਮਿੱਠਾ ਕੋਈ ਹੋਰ ਨਾ ਡਿੱਠਾ' ਨਾਂ ਦੀ ਕਵਿਤਾ ਕੈਸੀਓ ਨਾਲ ਸੁਣਾਕੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਪੈਰੀ ਮਾਹਲ ਨੇ ਪੰਜਾਬ ਅਤੇ ਕੈਨੇਡਾ ਦੇ ਭੱਖਦੇ ਮਸਲਿਆਂ ਤੇ ਬਹੁਤ ਹੀ ਭਾਵਪੂਰਤ ਵਿਚਾਰ ਪੇਸ਼ ਕਰਨ ਦੇ ਨਾਲ ਨਾਲ ਇਤਿਹਾਸਕ ਤੱਥਾਂ ਤੋਂ ਜਾਣੂ ਕਰਾਉਂਦਿਆਂ ਔਰੰਗਜ਼ੇਬ ਦੀ ਵਸੀਅਤ, ਅੰਗਰੇਜ਼ੀ ਅਤੇ ਪੰਜਾਬੀ ਵਿਚ ਸਰੋਤਿਆਂ ਨਾਲ ਸਾਂਝੀ ਕੀਤੀ। ਜਿਸ ਨਾਲ ਇਤਿਹਾਸ ਦੇ ਪੰਨਿਆਂ ਬਾਰੇ ਕੁਝ ਨਵਾਂ ਸਿੱਖਣ ਨੂੰ ਮਿਲਿਆ, ਇਸ ਨੂੰ ਸਰੋਤਿਆਂ ਵੱਲੋਂ ਬਹੁਤ ਸਲਾਹਿਆ ਗਿਆ। ਸਤਨਾਮ ਸਿੰਘ ਢਾਅ ਨੇ ਸਾਹਿਬਜ਼ਾਦਿਆਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਅਮਰ ਸਿੰਘ ਸ਼ੌਕੀ ਦੀ ਬਹੁਤ ਹੀ ਮਕਬੂਲ ਰਚਨਾ 'ਛੋਟੇ ਲਾਲ ਦੋ ਪਿਆਰੇ' ਕਵੀਸ਼ਰੀ ਰੰਗ ਵਿੱਚ ਪੇਸ਼ ਕਰਕੇ ਗੁਰੂ ਜੀ ਦੇ ਪਰਿਵਾਰਕ ਵਿਛੋੜੇ ਦਾ ਦ੍ਰਿਸ਼ ਸਾਕਾਰ ਕਰ ਦਿੱਤਾ। ਜਰਨੈਲ ਸਿੰਘ ਤੱਗੜ ਨੇ ਆਰਥਿਕ ਮੰਦੀ ਤੇ 'ਨਸੀਅਤ' ਨਾਮੀਂ ਕਵਿਤਾ 'ਹੱਥ ਘੁੱਟ ਕੇ ਕੀਤੇ ਖ਼ਰਚੇ ਜਿੰਦਗੀ ਬਣਾ ਦਿੰਦੇ ਨੇ, ਚਾਦਰ ਨਾਲੋਂ ਵੱਧ ਪਸਾਰੇ ਪੈਰ ਮੰਗਣ ਲਾ ਦਿੰਦੇ ਨੇ' ਸੁਣਾ ਕੇ ਸਮੇਂ ਦਾ ਯਥਾਰਥ ਬਿਆਨ ਕੀਤਾ। ਉਪਰੰਤ,ਸਰੋਤਿਆਂ ਦੀ ਬੇਨਤੀ ਤੇ ਇੱਕ ਵਾਰ ਫੇਰ ਡਾ. ਜੋਗਾ ਸਿੰਘ ਨੇ ਗੁਲਾਮ ਅਲੀ ਦੀ ਗਾਈ ਹੋਈ ਬਹੁਤ ਹੀ ਹਰਮਨ ਪਿਆਰੀ ਗ਼ਜ਼ਲ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਆਰਥਿਕ ਮਸਲਿਆਂ ਦੇ ਮਾਹਿਰ (ਇਕੌਨੌਮੈਕਸ) ਬਲਦੇਵ ਸਿੰਘ ਢਾਅ ਨੇ ਦੁਨੀਆਂ ਭਰ ਵਿੱਚ ਮੰਦੀ ਦੇ ਹਾਲਾਤ ਤੇ ਗੱਲ ਕਰਦਿਆਂ ਕੈਨੇਡਾ ਦੇ ਆਰਥਿਕ ਮੰਦੀ ਦਾ ਮੁਕਾਬਲਾ ਕਰਨ ਦੇ ਕੁੱਝ ਨੁਕਤਿਆਂ ਤੇ ਵਿਚਾਰ ਰੱਖੇ ਅਤੇ ਕੁੱਝ ਸਵਾਲਾਂ ਦੇ ਜਵਾਬ ਵੀ ਬਹੁਤ ਹੀ ਸਰਲ ਭਾਸ਼ਾ ਵਿੱਚ ਦਿੱਤੇ। ਨਾਲ ਹੀ ਕੈਨੇਡੀਅਨ ਆਰਥਿਕ ਹਾਲਾਤ ਲਈ ਆਸ਼ਾਵਾਦੀ ਸਨੇਹਾ ਦਿੱਤਾ। ਇਨ੍ਹਾਂ ਤੋਂ ਇਲਾਵਾ ਇਸ ਸਾਹਿਤਕ ਚਰਚਾ ਵਿੱਚ ਗੁਰਦੀਪ ਗਹੀਰ, ਅਵਤਾਰ ਕੌਰ ਤਗੱੜ, ਗੁਰਮੀਤ ਸਿੰਘ ਢਾਅ ਅਤੇ ਸੁਬ੍ਹਾ ਸ਼ੇਖ ਨੇ ਭਰਪੂਰ ਹਿੱਸਾ ਲਿਆ। ਸਕੱਤਰ ਤਗੱੜ ਨੇ ਸਟੇਜ ਦੀਆਂ ਸੇਵਾਵਾਂ ਨਿਭਉਦਿਆਂ ਸਰੋਤਿਆਂ ਨੂੰ ਨਿੱਕੇ ਕਾਵਿ-ਟੋਟਿਆਂ ਨਾਲ ਰਿਝਾਈ ਰੱਖਿਆ।

ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਆਏ ਹੋਏ ਸਰੋਤਿਆਂ ਦਾ ਧੰਨਵਾਦ ਕੀਤਾ। ਕ੍ਰਿਸਮਿਸ ਦੀ ਦੀ ਵਧਾਈ ਦਿੱਤੀ। ਅਗਲੇ ਸਾਲ ਦੀਆਂ ਸ਼ੁਭ ਕਾਮਨਾਵਾਂ ਦਿੰਦਿਆਂ, ਆਸ ਪ੍ਰਗਟ ਕੀਤੀ ਕਿ ਅਗਲੇ ਸਾਲ ਵੀ ਇਸੇ ਤਰ੍ਹਾਂ ਸਾਹਿਤਕ ਅਤੇ ਸਮਾਜਿਕ ਵਿਸ਼ਿਆਂ ਤੇ ਖੁੱਲ੍ਹੇ ਵਿਚਾਰ ਵਟਾਂਦਰੇ ਹੁੰਦੇ ਰਹਿਣਗੇ।

## ਜਨਮ ਦਿਨ ਮੁਬਾਰਕ



ਰੀਜਾਇਨਾ ਵਾਸੀ ਮਾਂ ਪ੍ਰਭਜੋਤ ਕੌਰ ਗਿੱਲ ਅਤੇ ਪਿਤਾ ਸੁਖਪਾਲ ਸਿੰਘ ਗਿੱਲ, ਪੜਦਾਦੀ ਹਰਬੰਸ ਕੌਰ ਗਿੱਲ ਦੀ ਪੜਪੋਤਰੀ ਅਜੂਨੀ ਕੌਰ ਗਿੱਲ ਅਤੇ ਹਰਬੰਸ ਕੌਰ ਗਿੱਲ ਦੇ ਪੋਤਰੇ , ਕਿਰਨਜੀਤ ਕੌਰ ਗਿੱਲ ਅਤੇ ਜਗਤਾਰ ਸਿੰਘ ਗਿੱਲ ਦੇ ਬੇਟੇ ਬਨਰਾਜ ਸਿੰਘ ਗਿੱਲ ਦਾ ਜਨਮ ਦਿਨ ਰੀਜਾਇਨਾ ਵਿਖੇ ਪਰਵਾਰ ਦੇ ਮੈਂਬਰਾਂ ਦੀ ਹਾਜ਼ਿਰੀ ਵਿੱਚ ਮਨਾਇਆ ਗਿਆ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਇਸ ਮੌਕੇ ਗਿੱਲ ਪਰਿਵਾਰ ਨੂੰ ਮੁਬਾਰਕਬਾਦ ਆਖਦੀ ਹੈ ।


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat 18 Jan,2022
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions • Makeup
• Eye brow/Eyelash Tinting • Hair styling
• Eyelash Lift up • Manicure/Pedicure
• Waxing • Facials • Microdermabrasion
• Threading • Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU (403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NE NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP
4205-17 Ave SE Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆਂ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆਂ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc "Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਪਰਵਾਸ ਵਿਸ਼ਵੀਕਰਨ ਦਾ ਅਹਿਮ ਹਿੱਸਾ ਹੈ, ਤੁਸੀਂ ਇਸ ਨੂੰ ਰੋਕ ਨਹੀਂ ਸਕਦੇ।

-ਮਾਰਗਰੇਟ ਹਾਜ

# ਪੰਜਾਬੀਆਂ ਦਾ ਭਵਿੱਖ

ਪੰਜਾਬ ਵਿੱਚ ਵਿਦੇਸ਼ੀਂ ਜਾਣ ਦਾ ਰੁਝਾਨ ਬਹੁਤ ਹੀ ਜ਼ਿਆਦਾ ਵਧ ਗਿਆ ਹੈ। ਹਰ ਨੌਜਵਾਨ ਦੀ ਇੱਛਾ ਹੈ ਕਿ ਉਹ ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਜਾਂ ਕਿਸੇ ਹੋਰ ਮੁਲਕ ਜਾ ਕੇ ਪੀ ਆਰ ਹਾਸਲ ਕਰ ਲਵੇ। ਇਹੀ ਹਾਲ ਹੁਣ ਭਾਰਤ ਦੇ ਹੋਰ ਸੂਬਿਆਂ ਦਾ ਵੀ ਹੈ। ਭਾਰਤ ਦੇ ਲੋਕਾਂ ਵਿੱਚ ਵਿਦੇਸ਼ਾਂ ਵਿੱਚ ਜਾ ਕੇ ਵੱਸਣ ਦੀ ਰੁਚੀ ਵਧਦੀ ਜਾ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਇਸ ਸਾਲ ਦੇ ਪਹਿਲੇ ਦਸ ਮਹੀਨਿਆਂ ਵਿੱਚ 72.5 ਲੱਖ ਭਾਰਤੀ ਨਾਗਰਿਕ ਵਿਦੇਸ਼ਾਂ ਵਿੱਚ ਰਹਿਣ ਲਈ ਦੇਸ਼ ਤੋਂ ਬਾਹਰ ਗਏ। 2019 ਵਿੱਚ ਇਹ ਸੰਖਿਆ 89.5 ਲੱਖ ਸੀ। 2020-21 ਵਿੱਚ ਕਰੋਨਾ ਕਾਰਨ ਇਹ ਸੰਖਿਆ ਕਾਫ਼ੀ ਘਟ ਗਈ। 2021 ਵਿੱਚ 1.6 ਲੱਖ ਭਾਰਤੀ ਨਾਗਰਿਕਾਂ ਨੇ ਭਾਰਤੀ ਨਾਗਰਿਕਤਾ ਤਿਆਗੀ ਭਾਵ ਉਹ ਹੋਰ ਦੇਸ਼ਾਂ ਦੇ ਨਾਗਰਿਕ ਬਣ ਗਏ। ਇਨ੍ਹਾਂ ਵਿੱਚੋਂ 78,284 ਅਮਰੀਕਾ ਦੇ ਨਾਗਰਿਕ ਬਣੇ, 25,533 ਨੇ ਆਸਟਰੇਲੀਆ, 21,597 ਨੇ ਕੈਨੇਡਾ, 14,673 ਨੇ ਇੰਗਲੈਂਡ ਅਤੇ 5986 ਨੇ ਇਟਲੀ ਦੀ ਨਾਗਰਿਕਤਾ ਲਈ। ਕੁੱਝ ਲੋਕਾਂ ਨੇ ਨਿਊਜ਼ੀਲੈਂਡ ਤੇ ਸਿੰਗਾਪੁਰ ਦੀ ਨਾਗਰਿਕਤਾ ਵੀ ਲਈ। ਕਰੋਨਾ ਤੋਂ ਪਹਿਲੇ ਸਾਲਾਂ ਵਿੱਚ (2017, 2018, 2019) ਵਿੱਚ 1.3-1.4 ਲੱਖ ਭਾਰਤੀ ਨਾਗਰਿਕ ਸਾਲਾਨਾ ਭਾਰਤੀ ਨਾਗਰਿਕਤਾ ਤਿਆਗ ਰਹੇ ਸਨ। ਇਸ ਸਾਲ ਅਕਤੂਬਰ ਦੇ ਅੰਤ ਤੱਕ ਇਹ ਸੰਖਿਆ 1.8 ਲੱਖ ਤੱਕ ਪਹੁੰਚ ਗਈ ਹੈ। ਇਸ ਸਾਲ ਦੇ ਪਹਿਲੇ 10 ਮਹੀਨਿਆਂ ਵਿੱਚ 65 ਲੱਖ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਗਏ। 2019 ਵਿੱਚ ਇਹ ਸੰਖਿਆ 5.8 ਲੱਖ ਸੀ।

ਪਿਛਲੇ ਦਸ ਮਹੀਨਿਆਂ ਵਿੱਚ 72 ਲੱਖ ਭਾਰਤੀ ਨਾਗਰਿਕਾਂ ਦੇ ਵਿਦੇਸ਼ਾਂ 'ਚ ਵਸਣ ਜਾਣ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਵੇਖਿਆ ਜਾ ਰਿਹਾ ਹੈ। ਇੱਕ ਦ੍ਰਿਸ਼ਟੀਕੋਣ ਅਨੁਸਾਰ ਵਿਕਾਸਸ਼ੀਲ ਦੇਸ਼ਾਂ ਦੇ ਪੜ੍ਹੇ ਲਿਖੇ ਤੇ ਵਪਾਰੀ ਵਰਗਾਂ ਦਾ ਇੱਕ ਹਿੱਸਾ ਹਮੇਸ਼ਾਂ ਵਿਕਸਤ ਦੇਸ਼ਾਂ ਵਿੱਚ ਪਰਵਾਸ ਕਰਦਾ ਹੈ ਅਤੇ ਇਸ ਵਿੱਚ ਕੁੱਝ ਵੀ ਅਸਾਧਾਰਨ ਨਹੀਂ ਹੈ। ਭਾਰਤ ਦੀ ਵਸੋਂ 138 ਕਰੋੜ ਹੈ ਅਤੇ ਇਨ੍ਹਾਂ ਅੰਕੜਿਆਂ ਅਨੁਸਾਰ ਵਿਦੇਸ਼ਾਂ ਵਿੱਚ ਜਾ ਕੇ ਵੱਸਣ ਵਾਲਿਆਂ ਦੀ ਇਸ ਗਿਣਤੀ ਨੂੰ ਇੱਕ ਆਮ ਰੁਝਾਨ ਕਿਹਾ ਜਾ ਸਕਦਾ ਹੈ। ਇੱਕ ਹੋਰ ਦ੍ਰਿਸ਼ਟੀਕੋਣ ਅਨੁਸਾਰ ਇਹ ਰੁਝਾਨ ਇਹ ਦਰਸਾਉਂਦਾ ਹੈ ਕਿ ਦੇਸ਼ ਵਿੱਚ ਬੇਰੁਜ਼ਗਾਰੀ, ਅਮਨ ਕਾਨੂੰਨ ਦੀ ਹਾਲਤ ਤੇ ਕੁੱਝ ਹੋਰ ਕਾਰਨਾਂ ਕਰਕੇ ਦੇਸ਼ ਵਾਸੀ ਵੱਡੀ ਗਿਣਤੀ ਵਿੱਚ ਪਰਵਾਸ ਕਰ ਰਹੇ ਹਨ। ਵਿਦਿਆਰਥੀਆਂ ਦਾ ਪਰਵਾਸ ਪੰਜਾਬ ਵਿੱਚ ਗੰਭੀਰ ਵਿਸ਼ਾ ਹੈ। ਵੱਖ ਵੱਖ ਅਨੁਮਾਨਾਂ ਅਨੁਸਾਰ ਪੰਜਾਬ ਤੋਂ ਸਾਲਾਨਾ ਇੱਕ ਤੋਂ ਡੇਢ ਲੱਖ ਵਿਦਿਆਰਥੀ ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਪੜ੍ਹਾਈ ਕਰਨ ਜਾਂਦੇ ਹਨ ਅਤੇ ਇਸ ਤਰ੍ਹਾਂ ਹਰ ਸਾਲ ਪੰਜਾਬ ਤੋਂ ਸਾਲਾਨਾ 30,000 ਕਰੋੜ ਰੁਪਏ ਦਾ ਸਰਮਾਇਆ ਵਿਦੇਸ਼ਾਂ ਦੇ ਅਰਥਚਾਰਿਆਂ ਵਿੱਚ ਜਾਂਦਾ ਹੈ।

ਪੰਜਾਬ ਦੇ ਪਰਵਾਸ ਦੇ ਨਵੇਂ ਰੁਝਾਨ ਇਹ ਹਨ ਕਿ ਪਹਿਲਾਂ ਪਰਵਾਸੀ ਪੰਜਾਬੀ ਪੈਸਾ ਵਾਪਸ ਪੰਜਾਬ ਵਿੱਚ ਭੇਜਦੇ ਸਨ ਜਿਸ ਕਾਰਨ ਸੂਬੇ ਦੇ ਕੁੱਝ ਖ਼ਿੱਤਿਆਂ ਅਤੇ ਖ਼ਾਸ ਕਰਕੇ ਦੋਆਬੇ ਵਿੱਚ ਖੁਸ਼ਹਾਲੀ ਆਈ ਪਰ ਹੁਣ ਇਹ ਰੁਝਾਨ ਖ਼ਤਮ ਹੋ ਰਿਹਾ ਹੈ। ਲੋਕ ਜ਼ਮੀਨ ਜਾਇਦਾਦ ਵੇਚ ਕੇ ਪਰਿਵਾਰ ਸਮੇਤ ਵਿਦੇਸ਼ਾਂ ਵਿੱਚ ਵੱਸਣ ਜਾ ਰਹੇ ਹਨ। ਪਹਿਲਾਂ ਵਿਦਿਆਰਥੀ ਗਰੈਜੂਏਸ਼ਨ (14ਵੀਂ ਜਮਾਤ ਪਾਸ) ਕਰ ਕੇ ਉਚੇਰੀ ਪੜ੍ਹਾਈ ਲਈ ਵਿਦੇਸ਼ ਜਾਂਦੇ ਸਨ ਪਰ ਹੁਣ ਉਹ 12ਵੀਂ ਜਮਾਤ ਕਰਨ ਤੋਂ ਬਾਅਦ ਹੀ ਜਾ ਰਹੇ ਹਨ। ਨਸ਼ਿਆਂ ਦਾ ਫੈਲਾਅ ਅਤੇ ਬੇਰੁਜ਼ਗਾਰੀ ਇਸ ਦਾ ਮੁੱਖ ਕਾਰਨ ਹਨ। ਮਾਪਿਆਂ ਨੂੰ ਇਹ ਫ਼ਿਕਰ ਹਮੇਸ਼ਾਂ ਲੱਗਾ ਰਹਿੰਦਾ ਹੈ ਕਿ ਉਨ੍ਹਾਂ ਦੇ ਧੀ-ਪੁੱਤ ਨਸ਼ਿਆਂ ਦਾ ਸ਼ਿਕਾਰ ਨਾ ਹੋ ਜਾਣ ਅਤੇ ਪਰਿਵਾਰ ਹਰ ਹਰਬਾ ਵਰਤ ਕੇ ਆਪਣੀ ਸੰਤਾਨ ਨੂੰ ਪੰਜਾਬ ਤੋਂ ਬਾਹਰ ਵਿਦੇਸ਼ਾਂ ਨੂੰ ਭੇਜਣਾ ਚਾਹੁੰਦੇ ਹਨ। ਇਹ ਵੀ ਧਿਆਨ ਰੱਖਣਯੋਗ ਹੈ ਕਿ ਭਾਵੇਂ ਇਹ ਅੰਕੜੇ ਹੈਰਾਨ ਕਰਨ ਵਾਲੇ ਹੋ ਸਕਦੇ ਹਨ ਪਰ ਹਕੀਕਤ ਇਹ ਹੈ ਕਿ ਦੇਸ਼ ਅਤੇ ਪੰਜਾਬ ਦੇ ਬਹੁਗਿਣਤੀ ਲੋਕਾਂ ਕੋਲ ਅਜਿਹੇ ਸਾਧਨ ਨਹੀਂ ਹਨ ਕਿ ਉਹ ਆਪਣੀ ਸੰਤਾਨ ਨੂੰ ਬਾਹਰ ਭੇਜ ਸਕਣ। ਉਨ੍ਹਾਂ ਲਈ ਉਚੇਰੀ ਸਿੱਖਿਆ ਤੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਪੰਜਾਬ ਨੂੰ ਅਜਿਹੀਆਂ ਨੀਤੀਆਂ ਦੀ ਲੋੜ ਹੈ ਜੋ ਪੰਜਾਬੀਆਂ ਨੂੰ ਇਹ ਵਿਸ਼ਵਾਸ ਦਿਵਾ ਸਕਣ ਕਿ ਪੰਜਾਬੀਆਂ ਦਾ ਭਵਿੱਖ ਵਿਦੇਸ਼ਾਂ ਵਿੱਚ ਨਹੀਂ ਪੰਜਾਬ ਵਿੱਚ ਹੀ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਲੋਕ-ਹਿਤੈਸ਼ੀ ਪੱਤਰਕਾਰਤਾ ਸਾਹਮਣੇ ਹਨ ਵੱਡੀਆਂ ਮੁਸ਼ਕਲਾਂ

-ਗੁਰਮੀਤ ਸਿੰਘ ਪਲਾਹੀ



ਦੇਸ਼ ਮਹਾਨ ਭਾਰਤ, ਵਿਸ਼ਵ ਪ੍ਰੈੱਸ ਆਜ਼ਾਦੀ ਇੰਡੈਕਸ ਅਧੀਨ 180 ਦੇਸ਼ਾਂ ਵਿਚੋਂ 142 ਰੈਂਕ ਉਤੇ ਹੈ। ਇਹ ਉਸ ਦੇਸ਼ ਵਿੱਚ ਪੱਤਰਕਾਰਾਂ ਦੀਆਂ ਆਜ਼ਾਦੀ ਦੇ ਹਾਲਾਤ ਹਨ, ਜਿਹੜਾ ਦੇਸ਼ ਦੁਨੀਆਂ ਭਰ 'ਚ ਸਭ ਤੋਂ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਹੋਣ ਦਾ ਦਾਅਵਾ ਕਰਦਾ ਨਹੀਂ ਥੱਕਦਾ।

ਇਹ ਉਹ ਦੇਸ਼ ਹੈ, ਜਿਥੇ ਹਰ ਦਿਹਾੜੇ ਵੱਡੇ, ਛੋਟੇ ਅਖ਼ਬਾਰਾਂ ਦੇ ਪੱਤਰਕਾਰਾਂ, ਸੰਪਾਦਕਾਂ, ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਅਖ਼ਬਾਰੀ ਕਾਮਿਆਂ ਉਤੇ ਹਮਲੇ ਹੁੰਦੇ ਹਨ। ਇਹ ਹਮਲੇ ਧੰਨ ਕੁਬੇਰਾਂ, ਹਾਕਮਾਂ, ਗੁੰਡਾਂ ਅਨਸਰਾਂ, ਸਿਆਸੀ ਲੋਕਾਂ ਵਲੋਂ ਮਿੱਥਕੇ ਕਰਵਾਏ ਜਾਂਦੇ ਹਨ ਤਾਂ ਕਿ ਲੋਕਾਂ ਦੇ ਹੱਕ 'ਚ ਉੱਠਦੀ ਅਵਾਜ਼ ਦਬਾਈ ਜਾਏ ਅਤੇ ਹਾਕਮ ਅਤੇ ਲੱਠਮਾਰ ਲੋਕ ਆਪਣੀਆਂ ਮਨਆਈਆਂ ਕਰਦੇ ਰਹਿਣ।

ਸਿਤਮ ਦੀ ਗੱਲ ਵੇਖੋ ਸਾਲ 2014 'ਚ ਜਦੋਂ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਭਾਰਤੀ ਹਕੂਮਤ ਦੀ ਗੱਦੀ ਸੰਭਾਲੀ ਤਾਂ ਕਿਹਾ ਸੀ ਕਿ ਉਸ ਲੋਕਤੰਤਰ ਦਾ ਕੀ ਅਰਥ ਜੇਕਰ ਅਸੀਂ ਬੋਲਣ ਅਤੇ ਆਪਣੇ ਭਾਵ ਪ੍ਰਗਟ ਕਰਨ ਦੀ ਆਜ਼ਾਦੀ ਹੀ ਨਹੀਂ ਦੇ ਸਕਦੇ। ਪਰ ਮੋਦੀ ਹਕੂਮਤ 'ਚ 7-8 ਸਾਲਾਂ ਵਿੱਚ ਜਿਵੇਂ ਲੋਕਾਂ ਦੀ ਆਜ਼ਾਦੀ ਦੀ ਸੰਘੀ ਘੁੱਟੀ ਗਈ, ਪੱਤਰਕਾਰਾਂ ਦੀਆਂ ਕਲਮਾਂ ਉਤੇ ਰੋਕ ਲਾਈ ਗਈ, ਸਮਾਜੀ ਕਾਰਕੁੰਨਾਂ ਉਤੇ ਤਸ਼ਦੱਦ ਹੋਇਆ ਅਤੇ ਇਥੋਂ ਤੱਕ ਕਿ ਬੋਲਣ, ਚਲਣ, ਪਹਿਨਣ ਦੇ ਵਰਤਾਰੇ 'ਤੇ ਬੰਦਿਸ਼ਾਂ ਲਗਾਈਆਂ ਗਈਆਂ, ਉਹ ਆਪਣੇ-ਆਪ ਵਿੱਚ ਦੇਸ਼ ਵਿੱਚ ਹਕੂਮਤ ਦਾ ਇੱਕ ਨਿੰਦਣਯੋਗ ਅਤੇ ਸ਼ਰਮਨਾਕ ਵਰਤਾਰਾ ਸੀ। ਸਾਲ 2014-19 ਦੇ ਸਮੇਂ ਦੌਰਾਨ 40 ਪੱਤਰਕਾਰਾਂ ਦੇ ਕਤਲ ਹੋਏ।

ਨਵੀਂ ਦਿੱਲੀ ਦੇ ਇੱਕ ਮਹੱਤਵਪੂਰਨ ਲੋਕ-ਹੱਕਾਂ ਲਈ ਕੰਮ ਕਰਦੇ ਗਰੁੱਪ ਨੇ ਰਿਪੋਰਟ ਛਾਪੀ ਹੈ, ਜੋ ਦੱਸਦੀ ਹੈ ਕਿ 2021 'ਚ 6 ਪੱਤਰਕਰ ਮਾਰੇ ਗਏ, 108 ਉਤੇ ਹਮਲੇ ਹੋਏ, 13 ਮੀਡੀਆ ਘਰਾਂ ਨੂੰ ਯੋਜਨਾਬੱਧ ਨਿਸ਼ਾਨਾ ਬਣਾਇਆ ਗਿਆ। ਇਹ ਸਭ ਕੁਝ ਖ਼ਾਸ ਕਰਕੇ ਜੰਮੂ, ਕਸ਼ਮੀਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਤ੍ਰਿਪੁਰਾ ਰਾਜਾਂ ਵਿੱਚ ਹੋਇਆ, ਜਿਥੇ ਖ਼ਾਸ ਕਰਕੇ ਭਾਜਪਾ ਦੀਆਂ ਸੂਬਾ ਸਰਕਾਰਾਂ ਹਨ। ਸਭ ਤੋਂ ਵੱਧ 25 ਪੱਤਰਕਾਰਾਂ ਉਤੇ ਹਮਲੇ ਜੰਮੂ ਕਸ਼ਮੀਰ 'ਚ ਹੋਏ, 16 ਪੱਤਰਕਾਰ ਮੱਧ ਪ੍ਰਦੇਸ਼, 8 ਦਿੱਲੀ 'ਚ, 15 ਤ੍ਰਿਪੁਰਾ 'ਚ 6 ਬਿਹਾਰ 'ਚ, 5 ਅਸਾਮ 'ਚ, ਚਾਰ ਹਰਿਆਣਾ ਅਤੇ ਚਾਰ ਮਹਾਂਰਾਸ਼ਟਰ, ਤਿੰਨ -ਤਿੰਨ ਗੋਆ ਅਤੇ ਮਨੀਪੁਰ, ਕਰਨਾਟਕ, ਤਾਮਿਲਨਾਡੂ, ਅਤੇ ਦੋ-ਦੋ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਅਤੇ ਇੱਕ ਕੇਰਲਾ 'ਚ ਪੱਤਰਕਾਰ ਨਿਸ਼ਾਨਾ ਬਣਾਏ ਗਏ। ਇਹਨਾ ਵਿੱਚ 8 ਔਰਤ ਪੱਤਰਕਾਰਾਂ ਵੀ ਸ਼ਾਮਲ ਹਨ। ਇਹਨਾ ਪੱਤਰਕਾਰਾਂ ਉਤੇ ਐਫ.ਆਈ.ਆਰ. ਦਰਜ਼ ਹੋਈਆਂ, ਇਹਨਾ ਨੂੰ ਧਮਕੀਆਂ ਮਿਲੀਆਂ, ਲੋਕ-ਇਕੱਠਾਂ 'ਚ ਇਹਨਾ ਦੀ ਬੇਇਜ਼ਤੀ ਕੀਤੀ ਗਈ, ਸਿਰਫ਼ ਇਸ ਕਰਕੇ ਕਿ ਉਹ ਹਾਕਮਾਂ, ਸਰਕਾਰਾਂ ਦੀਆਂ ਲੋਕ ਵਿਰੋਧੀ ਪਾਲਿਸੀਆਂ ਦਾ ਵਿਰੋਧ ਆਪਣੀਆਂ ਕਲਮਾਂ ਰਾਹੀਂ ਕਰ ਰਹੇ ਸਨ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟ(ਸੀ.ਪੀ.ਜੇ.) ਦੀ 2021 ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਲ 2021 ਵਿੱਚ ਚਾਰ ਪੱਤਰਕਾਰ ਭਾਰਤ 'ਚ ਕਤਲ ਕਰ ਦਿੱਤੇ ਗਏ ਜਦਕਿ ਦੁਨੀਆ ਭਰ ਵਿੱਚ ਕਤਲ ਕੀਤੇ ਜਾਣ ਵਾਲੇ ਪੱਤਰਕਾਰਾਂ ਦੀ ਗਿਣਤੀ 24 ਸੀ।

ਭਾਰਤ ਵਿੱਚ ਪੱਤਰਕਾਰੀ ਜ਼ੋਖ਼ਮ ਦਾ ਕੰਮ ਹੈ, ਤਲਵਾਰ ਦੀ ਧਾਰ ਉਤੇ ਤੁਰਨ ਵਾਂਗਰ। ਪੱਤਰਕਾਰਾਂ, ਸੰਪਾਦਕਾਂ, ਆਜ਼ਾਦ ਖਿਆਲ ਮੀਡੀਆ 'ਚ ਕੰਮ ਕਰਨ ਵਾਲੇ ਲੋਕਾਂ ਨੂੰ ਨਿੱਤ ਦਿਹਾੜੇ ਵੱਡੀਆਂ ਔਖਿਆਈਆਂ ਵਿਚੋਂ ਗੁਜਰਨਾ ਪੈਂਦਾ ਹੈ ਅਤੇ ਇੱਕ ਮਿਸ਼ਨਰੀ ਵਜੋਂ ਸਮਾਜਕ ਜ਼ੁੰਮੇਵਾਰੀ ਨਿਭਾਉਂਦਿਆਂ ਆਪਣੇ ਫ਼ਰਜ਼ ਨਿਭਾਉਣੇ ਪੈਂਦੇ ਹਨ। ਪਰਿਵਾਰਾਂ ਦੇ ਦੁੱਖਾਂ-ਸੁੱਖਾਂ ਨੂੰ ਛਿੱਕੇ ਟੰਗਕੇ, ਆਪਣੇ ਨਿੱਜੀ ਸੁੱਖ ਤਿਆਗਕੇ, ਲੋਕਾਂ ਦੀ ਅਵਾਜ਼ ਬਣਨ ਲਈ ਕਲਮ ਵਾਹੁਣੀ ਪੈਂਦੀ ਹੈ। ਇਸ ਬੋਲ-ਤੋਲ ਵਿੱਚ ਵੱਡੇ ਬੰਦਿਆਂ ਦੇ ਹੁੜਕੇ, ਤਿੱਖੀਆਂ ਨਜ਼ਰਾਂ, ਹਾਕਮਾਂ ਦੀਆਂ ਘੂਰੀਆਂ ਅਤੇ ਆਰਥਿਕ ਧੌਂਸ ਉਸਦੇ ਪੱਲੇ ਪੈਂਦੀਆਂ ਹਨ ਪਰ ਦ੍ਰਿੜਤਾ ਨਾਲ ਕੰਮ ਕਰਨ ਦੀ ਧੁਨ ਉਹਨਾ ਪੱਤਰਕਾਰਾਂ ਦੀਆਂ ਕਲਮਾਂ ਨੂੰ ਨਿਖਾਰਦੀ ਹੈ,ਜਿਹੜੇ ਜ਼ਿੰਦਗੀ ਭਰ ਸੱਚ ਨੂੰ ਫਾਂਸੀ ਨਹੀਂ ਚੜ੍ਹਨ ਦਿੰਦੇ ਅਤੇ ਆਜ਼ਾਦੀ, ਹੱਕਾਂ ਲਈ ਕਲਮ ਵਾਹੀ ਤੁਰੇ ਜਾਂਦੇ ਹਨ।

ਸਮਾਜਿਕ ਸਰੋਕਾਰਾਂ ਨੂੰ ਪ੍ਰਣਾਏ ਇਹਨਾ ਯੋਧਿਆਂ ਨੂੰ ਲੋਕ ਸਲਾਮਾਂ ਕਰਦੇ ਹਨ, ਆਪਣੇ ਦਿਲਾਂ 'ਚ ਵਸਾਉਂਦੇ ਹਨ, ਉਹਨਾ ਦੀ ਕੁਰਬਾਨੀਆਂ ਦੀਆਂ. ਦੇਸ਼-ਭਗਤੀ, ਲੋਕਪ੍ਰਸਤੀ ਦੀਆਂ ਗੱਲਾਂ ਕਰਦੇ ਹਨ ਅਤੇ ਲੋੜ ਵੇਲੇ ਉਹਨਾ ਨਾਲ ਹੱਕ, ਸੱਚ ਦੀ ਅਵਾਜ਼ ਬਣਕੇ ਖੜਦੇ ਵੀ ਹਨ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕੋਈ "ਬਹਾਦਰ ਕਲਮ" ਉਹਨਾ ਦੇ ਦੁੱਖਾਂ, ਤਕਲੀਫ਼ਾਂ ਨੂੰ ਬਿਆਨਦੀ ਹੈ।




ਇਹਨਾ ਪੱਤਰਕਾਰਾਂ ਦੀਆਂ ਮੁਸ਼ਕਲਾਂ ਵੱਡੀਆਂ ਹਨ, ਜਿਹਨਾ ਨੂੰ ਸਰਕਾਰਾਂ ਹੱਲ ਨਹੀਂ ਕਰ ਸਕਦੀਆਂ, ਭਾਵੇਂ ਕਿ ਸਰਕਾਰਾਂ, ਪੱਤਰਕਾਰਾਂ ਨੂੰ ਸਹੂਲਤਾਂ ਦੇਣ ਦੇ ਦਾਅਵੇ ਕਰਦੀਆਂ ਹਨ। ਉਹਨਾ ਨੂੰ ਐਕਰੀਡੇਟਿਡ ਕਾਰਡ ਦੇ ਕੇ, ਸੀਨੀਅਰ ਪੱਤਰਕਾਰਾਂ ਨੂੰ ਮੁਫ਼ਤ ਬੀਮਾ ਸਹੂਲਤਾਂ ਦੇ ਕੇ ਜਾਂ ਫਿਰ ਬਿਮਾਰੀ ਦੀ ਹਾਲਤ ਵਿੱਚ ਕੁਝ ਰਕਮ ਇਲਾਜ ਲਈ ਦੇ ਕੇ। ਜਾਂ ਕੁਝ ਇੱਕ ਨੂੰ ਬੁਢਾਪਾ ਪੈਨਸ਼ਨ ਦੇ ਕੇ, ਜਾਂ ਫਿਰ ਪੱਤਰਕਾਰੀ ਸ਼੍ਰੋਮਣੀ ਪੱਤਰਕਾਰ ਦਾ ਸਨਮਾਨ ਬਖ਼ਸ਼ਕੇ। ਪਰ ਇਹ ਸਭ ਕੁਝ ਤਾਂ ਕੁਝ ਜੁਗਾੜੂ ਪੱਤਰਕਾਰ ਹੀ ਪ੍ਰਾਪਤ ਕਰਦੇ ਹਨ। ਅਸਲ ਪੱਤਰਕਾਰ, ਜਿਹੜੇ ਅਸਲ ਅਰਥਾਂ 'ਚ ਲੋਕ ਆਜ਼ਾਦੀ ਘੁਲਾਟੀਏ ਹਨ, ਉਹ ਤਾਂ ਇਹਨਾ ਸਹੂਲਤਾ ਵੱਲ ਮੂੰਹ ਵੀ ਨਹੀਂ ਕਰਦੇ।

ਇੱਕ ਨਜ਼ਰ ਪੰਜਾਬੀ ਅਖ਼ਬਾਰਾਂ ਅਤੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵੱਲ ਮਾਰਦਿਆਂ ਵੇਖਦੇ ਹਾਂ ਕਿ ਦੇਸ਼ ਭਗਤ, ਲੋਕ-ਪੱਖੀ ਲੋਕਾਂ ਨੇ ਆਪਣੇ ਘਰ-ਵਾਰ ਉਜਾੜਕੇ, ਜਾਨ ਜ਼ੋਖ਼ਮ 'ਚ ਪਾਕੇ ਅਖ਼ਬਾਰਾਂ ਚਲਾਈਆਂ। ਪੱਤਰਕਾਰੀ ਕੀਤੀ, ਲੋਕ ਸੰਘਰਸ਼ਾਂ 'ਚ ਵੱਡਾ ਯੋਗਦਾਨ ਪਾਇਆ। ਅੱਜ ਵੀ ਇਹੋ ਜਿਹੀਆਂ ਦੇਸ਼ ,ਵਿਦੇਸ਼ 'ਚ ਕੰਮ ਕਰਦੀਆਂ ਅਖ਼ਬਾਰਾਂ, ਪੱਤਰਕਾਰਾਂ ਦੀ ਕਮੀ ਨਹੀਂ ਹੈ।

> ਇਹੋ ਜਿਹੀਆਂ ਹਾਲਤਾਂ ਵਿੱਚ ਪੱਤਰਕਾਰਾਂ ਦੀਆਂ ਮੁਸ਼ਕਲਾਂ ਨਿੱਤ ਦਿਹਾੜੇ ਵਧਦੀਆਂ ਜਾ ਰਹੀਆਂ ਹਨ ਅਤੇ ਇਹਨਾ ਮੁਸ਼ਕਲਾਂ ਦੇ ਚੱਲਦਿਆਂ ਪੱਤਰਕਾਰੀ ਦੇ ਪਵਿੱਤਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੇ ਲੋਕ-ਹਿਤੈਸ਼ੀ ਪੱਤਰਕਾਰਾਂ ਦੀ ਨਫ਼ਰੀ ਘੱਟਦੀ ਜਾ ਰਹੀ ਹੈ। ਜਦਕਿ ਸਿਆਸੀ ਸੌੜੀ ਸੋਚ, ਧੱਕੇਸ਼ਾਹੀ, ਸਰਮਾਏਦਾਰੀ ਗਲਬੇ ਦੇ ਵਧਦੇ ਪ੍ਰਭਾਵ ਕਾਰਨ ਪੈਦਾ ਹੋਏ ਹਾਲਤਾਂ 'ਚ ਸੱਚੀ-ਸੁੱਚੀ ਪੱਤਰਕਾਰਤਾ ਦੀ ਅੱਜ ਭਾਰਤ ਮਹਾਨ ਨੂੰ ਵੱਡੀ ਲੋੜ ਹੈ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਅਤੇ ਕੁਝ ਲੋਕ ਇਹ ਦਾਅਵਾ ਵੀ ਕਰਦੇ ਹਨ ਕਿ ਉਹ ਨਿਰਪੱਖ ਪੱਤਰਕਾਰੀ ਕਰਦੇ ਹਨ। ਅਸਲ 'ਚ ਨਿਰਪੱਖ ਪੱਤਰਕਾਰੀ ਜਾਂ ਪੱਤਰਕਾਰ ਤਾਂ ਹੁੰਦੇ ਹੀ ਨਹੀਂ, ਉਹ ਲੋਕ-ਹਿਤੈਸ਼ੀ ਪੱਤਰਕਾਰ ਹੁੰਦੇ ਹਨ ਜਾਂ ਲੋਕ-ਵਿਰੋਧੀ ਪੱਤਰਕਾਰ! ਅੱਜ ਦਾ ਗੋਦੀ ਮੀਡੀਆ "ਲੋਕ ਵਿਰੋਧੀ ਪੱਤਰਕਾਰੀ" ਦੀ ਵੱਡੀ ਉਦਾਹਰਨ ਹੈ, ਜੋ ਸਰਕਾਰ ਦਾ ਡੰਕਾ ਵਜਾਉਂਦਾ ਹੈ, ਧੰਨ ਕੁਬੇਰਾਂ ਲਈ ਖੜਦਾ ਹੈ ਅਤੇ ਲੋਕ-ਹਿਤੈਸ਼ੀ ਪੱਤਰਕਾਰ "ਕਿਸਾਨ, ਲੋਕ ਅੰਦੋਲਨ, ਮਜ਼ਦੂਰ, ਵਿਦਿਆਰਥੀ ਅੰਦੋਲਨਾਂ ਦੀ ਅਵਾਜ਼ ਬਣਦਾ ਹੈ, ਮਹਿੰਗਾਈ, ਭ੍ਰਿਸ਼ਟਾਚਾਰ, ਕੁਨਬਾਪਰਵਰੀ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਲਈ ਅਵਾਜ਼ ਉਠਾਉਂਦਾ ਹੈ। ਇਹੋ ਜਿਹੇ ਲੋਕਾਂ ਦੀਆਂ ਮੁਸ਼ਕਲਾਂ ਤਾਂ ਅਵੱਲੀਆਂ ਹੀ ਹੋਣਗੀਆਂ।

ਪਹਿਲਾ ਆਪਣੀ ਹੋਂਦ ਬਚਾਉਣ ਦਾ ਮਸਲਾ। ਆਪ ਨੂੰ ਤੇ ਆਪਣੇ ਪਰਿਵਾਰ ਨੂੰ ਪਾਲਣ ਦਾ ਮਸਲਾ। ਆਪਣੀ ਆਜ਼ਾਦੀ ਬਰਕਰਾਰ ਰੱਖਣ ਦਾ ਮਸਲਾ। ਇਹ ਪੱਤਰਕਾਰ ਭਾਵੇਂ ਕਿਸੇ ਅਖ਼ਬਾਰ ਲਈ ਕੰਮ ਕਰਨ ਵਾਲੇ ਜ਼ਮੀਨੀ ਪੱਤਰਕਾਰ ਹੋਣ, ਸੋਸ਼ਲ ਮੀਡੀਆ ਲਈ ਕੰਮ ਕਰਨ ਵਾਲੇ ਕਾਰਕੁੰਨ ਹੋਣ, ਵੱਡੀਆਂ ਅਖ਼ਬਾਰਾਂ ਲਈ ਕੰਮ ਕਰਨ ਵਾਲੇ ਪੱਤਰਕਾਰ ਹੋਣ ਜਾਂ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਲੋਕ ਅਵਾਜ਼ ਬੁਲੰਦ ਕਰਨ ਵਾਲੇ ਨਿੱਜੀ ਅਖ਼ਬਾਰਾਂ ਚਲਾਉਣ ਵਾਲੇ ਮੀਡੀਆ ਹਾਊਸ, ਹਫ਼ਤਾਵਾਰੀ ਅਖ਼ਬਾਰਾਂ ਹੋਣ, ਇਹਨਾ ਸਭਨਾਂ ਨੂੰ ਆਰਥਿਕ ਤੰਗੀ ਤਾਂ ਝੱਲਣੀ ਹੀ ਪੈਂਦੀ ਹੈ, ਨਾਲ ਦੀ ਨਾਲ ਸਰਕਾਰਾਂ, ਹਾਕਮਾਂ ਦਾ ਵਿਰੋਧ ਵੀ ਸਹਿਣਾ ਪੈਂਦਾ ਹੈ। ਇਹਨਾ ਅਖ਼ਬਾਰਾਂ, ਮੀਡੀਆਂ ਹਾਊਸਾਂ ਨੂੰ ਸਰਕਾਰੀ ਇਸ਼ਤਿਹਾਰ ਨਹੀਂ ਮਿਲਦੇ। ਸਰਕਾਰੀ ਸਹੂਲਤਾਂ ਨਹੀਂ ਮਿਲਦੀਆਂ। ਸਰਕਾਰੇ-ਦਰਬਾਰੇ ਮਿਲਣ ਵਾਲੇ ਕਥਿਤ ਸਨਮਾਨ ਤੋਂ ਉਹ ਵਿਰਵੇ ਰਹਿੰਦੇ ਹਨ। ਅਫ਼ਸਰਾਂ-ਹਾਕਮਾਂ ਦੀ ਕਿਉਂਕਿ ਉਹ ਜੀਅ ਹਜ਼ੂਰੀ ਨਹੀਂ ਕਰਦੇ, ਇਸ ਕਰਕੇ "ਸਰਕਾਰੀ ਖਾਨਿਆਂ" 'ਚ ਉਹਨਾ ਦੀ ਕੋਈ ਥਾਂ ਨਹੀਂ ਹੁੰਦੀ।

ਪ੍ਰਿੰਟ ਮੀਡੀਆਂ, ਇਲੈਕਟ੍ਰੋਨਿਕ ਮੀਡੀਆ ਅਤੇ ਨੀਊਏਜ ਮੀਡੀਆ, ਜਿਸ ਵਿੱਚ ਵੈੱਬ ਸਰੀਜ਼ ਆਦਿ ਸ਼ਾਮਲ ਹਨ, ਵਿੱਚ ਇਨ੍ਹਾਂ ਦਿਨਾਂ 'ਚ 'ਪੇਡ ਨੀਊਜ਼' ਦੀ ਭਰਮਾਰ ਹੋਣ ਲੱਗੀ ਹੈ, ਜਿਸਨੇ ਲੋਕਤੰਤਰ ਦੇ ਥੰਮ ਪੱਤਰਕਾਰਾਂ ਲਈ ਨਵੇਂ ਚੈਲਿੰਜ ਪੈਦਾ ਕੀਤੇ ਹਨ। ਸਿਆਸੀ ਪਾਰਟੀਆਂ ਖ਼ਾਸ ਕਰਕੇ ਚੋਣਾਂ 'ਚ ਆਪਣਾ ਪੱਖ ਦੱਸਣ ਲਈ ਪੇਡ ਨਿਊਜ਼ ਦੀ ਹਾਕਮ ਧਿਰ ਇਸ਼ਤਿਹਾਰਾਂ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਨ ਹਿੱਤ ਵਰਤੋਂ ਕਰਦੇ ਹਨ, ਜੋ ਅੱਜ ਦੇ ਮੀਡੀਆ ਯੁੱਗ 'ਚ ਇੱਕ ਵੱਡਾ ਚੈਲਿੰਜ ਬਣ ਰਿਹਾ ਹੈ। ਇਸ ਤੋਂ ਵੀ ਉਪਰ ਇਹ ਗੱਲ ਵੇਖਣ ਲਈ ਮਿਲ ਰਹੀ ਹੈ ਕਿ ਧੰਨ ਕੁਬੇਰਾਂ ਦਾ ਮੀਡੀਆ ਉਤੇ ਗਲਬਾ ਪੈਂਦਾ ਜਾ ਰਿਹਾ ਹੈ,ਜਿਹੜੇ ਕਿ ਇਕੱਲੇ ਇਕਹਰੇ ਅਖ਼ਬਾਰਾਂ, ਚੈਨਲਾਂ 'ਤੇ ਕੰਟਰੋਲ ਕਰਦੇ ਹਨ ਅਤੇ ਲੋਕ-ਹਿੱਤਾਂ ਨੂੰ ਛਿੱਕੇ ਟੰਗਕੇ ਆਪਣੇ ਹਿੱਤਾਂ ਦੀ ਪੂਰਤੀ ਵਾਲੀ ਪੱਤਰਕਾਰੀ ਨੂੰ ਉਤਸ਼ਾਹਿਤ ਕਰਦੇ ਹਨ।

ਇਹੋ ਜਿਹੀਆਂ ਹਾਲਤਾਂ ਵਿੱਚ ਪੱਤਰਕਾਰਾਂ ਦੀਆਂ ਮੁਸ਼ਕਲਾਂ ਨਿੱਤ ਦਿਹਾੜੇ ਵਧਦੀਆਂ ਜਾ ਰਹੀਆਂ ਹਨ ਅਤੇ ਇਹਨਾ ਮੁਸ਼ਕਲਾਂ ਦੇ ਚੱਲਦਿਆਂ ਪੱਤਰਕਾਰੀ ਦੇ ਪਵਿੱਤਰ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੇ ਲੋਕ-ਹਿਤੈਸ਼ੀ ਪੱਤਰਕਾਰਾਂ ਦੀ ਨਫ਼ਰੀ ਘੱਟਦੀ ਜਾ ਰਹੀ ਹੈ। ਜਦਕਿ ਸਿਆਸੀ ਸੌੜੀ ਸੋਚ, ਧੱਕੇਸ਼ਾਹੀ, ਸਰਮਾਏਦਾਰੀ ਗਲਬੇ ਦੇ ਵਧਦੇ ਪ੍ਰਭਾਵ ਕਾਰਨ ਪੈਦਾ ਹੋਏ ਹਾਲਤਾਂ 'ਚ ਸੱਚੀ-ਸੁੱਚੀ ਪੱਤਰਕਾਰਤਾ ਦੀ ਅੱਜ ਭਾਰਤ ਮਹਾਨ ਨੂੰ ਵੱਡੀ ਲੋੜ ਹੈ।

--9815802070

# ਹੌਲੀ ਹੌਲੀ ਰੋਡਵੇਜ਼ ਵਿੱਚ ਕੰਡਕਟਰ ਦੀ ਪੋਸਟ ਖਤਮ ਹੋ ਜਾਣੀ ਹੈ

ਬਲਰਾਜ ਸਿੰਘ ਸਿੱਧੂ ਕਮਾਂਡੈਂਟ



ਜਿਸ ਹਿਸਾਬ ਨਾਲ ਪਿਛਲੇ 10 - 15 ਸਾਲਾਂ ਤੋਂ ਵੱਖ ਵੱਖ ਵਰਗਾਂ ਦੇ ਲੋਕਾਂ ਨੂੰ ਪੰਜਾਬ ਰੋਡਵੇਜ਼ ਵਿੱਚ ਫਰੀ ਸਫਰ ਦੀ ਸਹੂਲਤ ਦਿੱਤੀ ਜਾ ਰਹੀ ਹੈ, ਉਸ ਤੋਂ ਲੱਗਦਾ ਹੈ ਕਿਸੇ ਦਿਨ ਕੰਡਕਟਰਾਂ ਦੀ ਜਰੂਰਤ ਹੀ ਨਹੀਂ ਰਹਿਣੀ। ਕਿਉਂਕਿ ਬੱਸ ਵਿੱਚ ਅਜਿਹੀ ਕੋਈ ਸਵਾਰੀ ਹੀ ਨਹੀਂ ਲੱਭਣੀ, ਜਿਸ ਦੀ ਟਿਕਟ ਕੱਟਣ ਦੀ ਜਰੂਰਤ ਹੋਵੇ। ਜਦੋਂ 1985 - 86 ਵਿੱਚ ਡਾਇਰੈਕਟਰ ਜਨਰਲ ਪੰਜਾਬ ਪੁਲਿਸ ਸ੍ਰੀ ਜੂਲੀਉ ਫਰਾਂਸਿਸ ਰਿਬੈਰੋ ਨੇ ਪੰਜਾਬ ਪੁਲਿਸ ਦਾ ਸਫਰ ਫਰੀ ਕੀਤਾ ਸੀ ਤਾਂ ਰੋਡਵੇਜ਼ ਮਹਿਕਮੇ ਨੇ ਬਹੁਤ ਦੁੱਖ ਮਨਾਇਆ ਸੀ। ਬੱਸਾਂ ਵਿੱਚ ਆਮ ਹੀ ਪੁਲਿਸ ਮੁਲਾਜ਼ਮਾਂ ਅਤੇ ਕੰਡਕਟਰਾਂ ਵਿੱਚ ਝੜਪਾਂ ਹੋ ਜਾਂਦੀਆਂ ਸਨ। ਪੁਲਿਸ ਮੁਲਾਜ਼ਮਾਂ ਨੂੰ ਟਾਇਰਾਂ ਦੇ ਉੱਪਰ ਵਾਲੀਆਂ ਤੇ ਸਭ ਤੋਂ ਪਿਛਲੀਆਂ ਸੀਟਾਂ 'ਤੇ ਬੈਠਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਕਦੇ ਖਬਰ ਆ ਜਾਂਦੀ ਸੀ ਕਿ ਬੱਸ ਅੱਡੇ ਵਿੱਚ ਕੰਡਕਟਰਾਂ ਡਰਾਈਵਰਾਂ ਨੇ ਪੁਲਿਸ ਵਾਲੇ ਕੁੱਟ ਦਿੱਤੇ ਹਨ ਤੇ ਕਦੇ ਖਬਰ ਆ ਜਾਣੀ ਸੀ ਕਿ ਕੰਡਕਟਰ ਨੂੰ ਪੁਲਿਸ ਮੁਲਾਜ਼ਮਾਂ ਵੱਲੋਂ ਕੁੱਟਾਪਾ ਚਾੜ੍ਹੇ ਜਾਣ ਕਾਰਨ ਰੋਡਵੇਜ਼ ਵਾਲਿਆਂ ਨੇ ਫਲਾਣੀ ਸੜਕ 'ਤੇ ਬੱਸਾਂ ਟੇਢੀਆਂ ਕਰ ਕੇ ਜਾਮ ਲਗਾ ਦਿੱਤਾ ਹੈ।

ਉਸ ਕਾਲੇ ਸਮੇਂ ਦੌਰਾਨ ਅੱਤਵਾਦੀ ਪੁਲਿਸ ਮੁਲਾਜ਼ਮਾਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਬੱਸਾਂ ਵਿੱਚੋਂ ਉਤਾਰ ਕੇ ਕਤਲ ਕਰ ਦਿੰਦੇ ਸਨ। 1990 ਵਿੱਚ ਮੈਂ ਏ.ਐਸ.ਆਈ. ਭਰਤੀ ਹੋਇਆ ਸੀ ਤੇ ਮੈਨੂੰ ਫਰੀਦਕੋਟ ਜਿਲ੍ਹਾ ਅਲਾਟ ਹੋਇਆ ਸੀ। ਅੰਮ੍ਰਿਤਸਰ ਤੋਂ ਰੱਬ ਰੱਬ ਕਰਦੇ ਮਸਾਂ ਹੀ ਫਰੀਦਕੋਟ ਪਹੁੰਚਦੇ ਸੀ। ਆਈਡੈਂਟੀ ਕਾਰਡ ਬਟੂਏ ਵਿੱਚੋਂ ਕੱਢ ਕੇ ਪੱਗ ਵਿੱਚ ਲੁਕਾਇਆ ਹੁੰਦਾ ਸੀ ਤੇ ਕਿਸੇ ਉੱਤਰਨ ਵਾਲੀ ਸਵਾਰੀ ਤੋਂ ਮੰਗ ਕੇ ਟਿਕਟ ਹੱਥ ਵਿੱਚ ਪਕੜੀ ਹੁੰਦੀ ਸੀ। ਕੰਡਕਟਰ ਨੇ ਜਦੋਂ ਟਿਕਟ ਬਾਰੇ ਪੁੱਛਣਾ ਤਾਂ ਉਸ ਦੇ ਕੰਨ ਲਾਗੇ ਮੂੰਹ ਲਿਜਾ ਕੇ ਬੜੀ ਹੌਲੀ ਜਿਹੀ ਫੁਸਫਸਾ ਕੇ ਮੁਲਾਜ਼ਮ ਸ਼ਬਦ ਬੋਲਣਾ ਤਾਂ ਜੋ ਕੋਈ ਹੋਰ ਨਾ ਸੁਣ ਲਵੇ। ਜਿਆਦਾਤਰ ਕੰਡਕਟਰ ਤਾਂ ਚੁੱਪ ਕਰ ਕੇ ਅੱਗੇ ਲੰਘ ਜਾਂਦੇ ਪਰ ਕਈ ਅੜ੍ਹਬ ਜਿਹੇ ਬੰਦੇ ਜਾਣ ਕੇ ਪੰਗਾ ਪਾ ਬੈਠਦੇ। ਜਾਣ ਬੁੱਝ ਕੇ ਆਈਡੈਂਟੀ ਕਾਰਡ ਵੇਖਦੇ ਤਾਂ ਜੋ ਸਭ ਨੂੰ ਪਤਾ ਲੱਗ ਜਾਵੇ ਕਿ ਇਹ ਪੁਲਿਸ ਵਾਲਾ ਹੈ।

ਇਹੋ ਜਿਹਾ ਇੱਕ ਅੜਬੰਗ ਕੰਡਕਟਰ ਸਾਨੂੰ ਸੰਨ 1991 ਵਿੱਚ ਪਟਿਆਲੇ ਤੋਂ ਸੰਗਰੂਰ ਆਉਂਦੇ ਸਮੇਂ ਟੱਕਰਿਆ ਸੀ। ਉਸ ਵੇਲੇ ਮੈਂ ਇੰਸਪੈਕਟਰ ਭਰਤੀ ਹੋ ਗਿਆ ਸੀ ਤੇਸੰਗਰੂਰ ਜਿਲ੍ਹਾ ਅਲਾਟ ਹੋਇਆ ਸੀ। ਉਸ ਦਿਨ ਮੈਂ ਤੇ ਤਿੰਨ ਪ੍ਰੋਬੇਸ਼ਨਰ ਏ.ਐਸ.ਆਈ. ਫਿਲਮ ਵੇਖ ਕੇ ਪਟਿਆਲੇ ਤੋਂ ਸੰਗਰੂਰ ਵਾਪਸ ਆ ਰਹੇ ਸੀ। ਪੁਲਿਸ ਲਾਈਨ ਵਿੱਚ ਪ੍ਰੋਬੇਸ਼ਨਰ ਅਫਸਰਾਂ ਵਾਸਤੇ ਜਰੂਰੀ ਏ, ਬੀ, ਸੀ, ਡੀ, ਕੋਰਸ ਚੱਲਣ ਕਾਰਨ ਅਸੀਂ ਤਕਰੀਬਨ ਵਿਹਲੇ ਹੀ ਹੁੰਦੇ ਸੀ। ਜਦੋਂ ਕੰਡਕਟਰ ਨੇ ਟਿਕਟ ਮੰਗੀ ਤਾਂ ਇੱਕ ਏ. ਐਸ. ਆਈ. ਨੇ ਹੌਲੀ ਜਿਹੀ ਉਸ ਨੂੰ ਦੱਸਿਆ ਕਿ ਅਸੀਂ ਸਾਰੇ ਜਣੇ ਮੁਲਾਜ਼ਮ ਹਾਂ। ਪਤਾ ਨਹੀਂ ਉਹ ਘਰੋਂ ਲੜ ਕੇ ਆਇਆ ਸੀਜਾਂਕੋਈ ਹੋਰ ਗੱਲ ਸੀ, ਉਹ ਉੱਚੀ ਉੱਚੀ ਬੋਲਣ ਲੱਗ ਪਿਆ, "ਡਰਦਾ ਕਿਉਂ ਆਂ? ਉੱਚੀ ਬੋਲ ਹਾਂ ਕਿ ਅਸੀਂ ਪੁਲਿਸ ਵਾਲੇ ਆਂ। ਚਲੋ ਅਡੰਟੀ ਕਾਰਡ ਵਿਖਾਉ।" ਅੱਗੋਂ ਏ.ਐਸ.ਆਈ. ਵੀ ਕੁਝ ਤੱਤੇ ਸੁਭਾਅ ਦਾ ਸੀ। ਉਸ ਨੇਕੰਡਕਟਰ ਨੂੰ ਕਹਿ ਦਿੱਤਾ ਕਿ ਬੱਸ ਕਿਹੜੀ ਤੇਰੇ ਪਿਉ ਦੀ ਹੈ, ਜਾ ਨਹੀਂ ਵਿਖਾਉਂਦੇ ਆਈਡੈਂਟੀ ਕਾਰਡ। ਤੂੰ ਤੂੰ ਮੈਂ ਮੈਂ ਹੋਣ ਲੱਗੀ ਤੇ ਜੇ ਕਿਤੇ ਕੁਝ ਸਿਆਣੇ ਮੁਸਾਫਰ ਵਿੱਚ ਨਾ ਪੈਂਦੇ ਤਾਂ ਗੱਲ ਜਰੂਰ ਹੀ ਹੱਥੋਪਾਈ ਤੱਕ ਪਹੁੰਚ ਜਾਣੀ ਸੀ।

ਜਦੋਂ ਮੈਂ ਏ.ਐਸ.ਆਈ ਸੀ ਤਾਂ ਇੱਕ ਵਾਰ ਮੁਫਤ ਦੇ ਸਫਰ ਦਾ ਫਾਇਦਾ ਉਠਾਉਣ ਲਈ ਅਸੀਂ 5 - 6 ਜਣਿਆਂ ਨੇ ਰਿਸ਼ੀਕੇਸ਼ ਘੁੰਮਣ ਫਿਰਨ ਦਾ ਪ੍ਰੋਗਰਾਮ ਬਣਾ ਲਿਆ। ਅਸੀਂ ਰੋਡਵੇਜ਼ ਦੀਆਂ ਬੱਸਾਂ ਰਾਹੀਂ ਸਫਰ ਕਰਦੇ ਹੋਏ ਰਾਤ 11 - 12 ਵਜੇ ਹਰਦੁਵਾਰ ਪਹੁੰਚ ਗਏ। ਅਸੀਂ ਅਜੇ ਅਗਲੇਰੇ ਸਫਰ ਦੀ ਸਕੀਮ ਬਣਾ ਹੀ ਰਹੇ ਸੀ ਕਿ ਅੰਮ੍ਰਿਤਸਰ ਡੀਪੂ ਦੀ ਇੱਕ ਬੱਸ ਨਜ਼ਰੀਂ ਪਈ ਜਿਸ ਦੇ ਅੱਗੇ ਰਿਸ਼ੀਕੇਸ਼ ਦਾ ਬੋਰਡ ਲੱਗਾ ਹੋਇਆ ਸੀ। ਅਸੀਂ ਉੱਚੀ ਉੱਚੀਅਵਾਜ਼ਾਂ ਮਾਰ ਕੇ ਉਸ ਨੂੰ ਰੁਕਣ ਲਈ ਇਸ਼ਾਰੇ ਕਰਨ ਲੱਗੇ। ਚੱਲਦੀ ਬੱਸ ਵਿੱਚੋਂ ਹੀ ਕੰਡਕਟਰ ਦੇ ਪੁੱਛਣ 'ਤੇ ਅਸੀਂ ਦੱਸ ਦਿੱਤਾ ਕਿ ਅਸੀਂ ਰਿਸ਼ੀਕੇਸ਼ ਜਾਣਾ ਹੈ। ਰਿਸ਼ੀਕੇਸ਼ ਦੀਆਂ ਇਕੱਠੀਆਂ 6 ਸਵਾਰੀਆਂ ਵੇਖ ਕੇ ਕੰਡਕਟਰ ਦੀਆਂ ਅੱਖਾਂ ਵਿੱਚ ਚਮਕ ਆ ਗਈ। ਉਸ ਨੇ ਸੀਟੀ ਮਾਰ ਕੇ ਬੱਸ ਰੁਕਵਾ ਦਿੱਤੀ ਤੇ ਅਸੀਂ ਭੱਜ ਕੇ ਪਿਛਲੀ ਬਾਰੀ ਥਾਣੀ ਵੜ ਕੇ ਸੀਟਾਂ ਮੱਲ ਕੇ ਬੈਠ ਗਏ। ਕੰਡਕਟਰ ਅੱਗਲੇ ਪਾਸੇ ਖੜਾ ਸੀ। ਉਸ ਨੇ ਸੋਚਿਆ ਹੋਵੇਗਾ ਕਿ ਰਾਹ ਦੀਆਂ ਸਵਾਰੀਆਂ ਦੀਆਂ ਛੋਟੀਆਂ ਮੋਟੀਆਂ ਟਿਕਟਾਂ ਬਾਅਦ ਵਿੱਚ ਕੱਟ ਲਵਾਂਗਾ, ਪਹਿਲਾਂ ਰਿਸ਼ੀਕੇਸ਼ ਵਾਲੀਆਂ ਅਸਾਮੀਆਂ ਸਾਂਭ ਲਵਾਂ। ਉਹ ਵਾਹੋ ਦਾਹੀ ਪਿੱਛੇ ਵੱਲ ਆਇਆ ਤੇ 6 ਟਿਕਟਾਂ ਗਿਣਦਾ ਹੋਇਆ ਬੋਲਿਆ ਕਿ ਕੱਢੋ ਐਨੇ ਪੈਸੇ। ਅਸੀਂ ਜਦੋਂ ਉਸ ਤੋਂ ਅੱਖਾਂ ਚੁਰਾ ਕੇ ਥੋੜੀ ਸ਼ਰਮਿੰਦਗੀ ਜਿਹੀ ਨਾਲ ਕਿਹਾ ਕਿ ਅਸੀਂ ਮੁਲਾਜ਼ਮ ਹਾਂ ਤਾਂ ਉਹ ਧੜੰਮ ਕਰ ਕੇ ਇੱਕ ਖਾਲੀ ਸੀਟ 'ਤੇ ਬੈਠ ਗਿਆ। ਕੁਝ ਦੇਰ ਵਿੱਚ ਸਾਹ ਦਰੁੱਸਤ ਕੀਤਾ ਤੇਸੜ ਬਲ ਕੇ ਬੋਲਿਆ,"ਮੈਨੂੰ ਇਹ ਤਾਂ ਦੱਸੋ ਕਿ ਅੱਧੀ ਰਾਤ ਨੂੰ ਪੰਜਾਬ ਪੁਲਿਸ ਦੇ ਮੁਲਾਜ਼ਮ ਯੂ.ਪੀ. ਵਿੱਚ ਕੀ ਕਰਦੇ ਫਿਰਦੇ ਹਨ?" ਅਸੀਂ ਢੀਠਾਂ ਵਾਂਗ ਹੱਸ ਕੇ ਗੱਲ ਟਾਲ ਦਿੱਤੀ।ਪਰ ਹੁਣ ਪੰਜਾਬ ਪੁਲਿਸ ਇਸ ਮਾਮਲੇ ਵਿੱਚ ਬਹੁਤ ਪਿੱਛੇ ਰਹਿ ਗਈ ਹੈ ਕਿਉਂਕਿਹੋਰ ਬਹੁਤ ਸਾਰੇ ਨਵੇਂ ਪਲੇਅਰ ਮੈਦਾਨ ਵਿੱਚ ਆ ਗਏ ਹਨ।




ਪੰਜਾਬ ਸਰਕਾਰ ਦੀ ਵੈੱਬਸਾਈਟ 'ਤੇ ਪੁਲਿਸ ਤੋਂ ਇਲਾਵਾ ਐਮ.ਪੀ., ਐਮ.ਐਲ.ਏ., ਜੇਲ੍ਹ ਕਰਮਚਾਰੀ, ਸੁਤੰਤਰਤਾ ਸੈਨਾਨੀ, ਪੱਤਰਕਾਰ, ਕੈਂਸਰ ਦੇ ਮਰੀਜ਼, ਨੇਤਰਹੀਣ, ਵਿਦਿਆਰਥੀ ਅਤੇ ਅੱਤਵਾਦ ਪੀੜਤ ਆਦਿ ਵੀ ਇਸ ਸ਼੍ਰੇਣੀ ਵਿੱਚ ਸ਼ਾਮਲ ਹੋ ਗਏ ਹਨ। ਪਰ ਜਿਸ ਵਰਗ ਨੇ ਰੋਡਵੇਜ਼ ਦਾ ਸਭ ਤੋਂ ਵੱਧ ਧੂੰਆਂ ਕੱਢਿਆ ਹੈ, ਉਹ ਹੈ ਔਰਤਾਂ ਦੀ ਟਿਕਟ ਦਾ ਫਰੀ ਹੋਣਾ। ਇਸ ਸਬੰਧੀ ਕਈ ਤਰਾਂ ਦੀਆਂ ਦਿਲਚਸਪ ਵੀਡੀਉ ਕਲਿੱਪ ਵਾਇਰਲ ਹੁੰਦੀਆਂ ਰਹਿੰਦੀਆਂ ਹਨ। ਇੱਕ ਕਲਿੱਪ ਵਿੱਚ ਅਧਾਰ ਕਾਰਡ ਮੰਗਣ 'ਤੇ ਇੱਕ ਔਰਤ ਕੰਡਕਟਰ ਨੂੰ ਸੌ ਕਿੱਲਿਆਂ ਦੀ ਮਾਲਕ ਹੋਣ ਤੇ ਪਰਸ ਵਿੱਚ ਪਿਸਤੌਲ ਹੋਣ ਦੀ ਧਮਕੀ ਦੇ ਰਹੀ ਸੀ। ਇੱਕ ਕਲਿੱਪ ਵਿੱਚ ਕੁਝ ਔਰਤਾਂ ਸੀਟਾਂ 'ਤੇ ਕਬਜ਼ਾ ਕਰਨ ਲਈ ਆਪਸ ਵਿੱਚ ਥੱਪੜੋ ਥੱਪੜੀ ਹੋ ਰਹੀਆਂ ਸਨ। ਸਭ ਤੋਂ ਸ਼ਰਮਨਾਕ ਕਲਿੱਪ ਉਹ ਹੈ ਜਿਸ ਵਿੱਚ ਇੱਕ ਔਰਤ ਆਪਣੇ ਪਤੀ ਵੱਲੋਂ ਗਲਤੀ ਨਾਲ ਉਸ ਦੀ ਟਿਕਟ ਕਟਾ ਲੈਣ 'ਤੇ ਜੁਲਾਈ ਮਹੀਨੇ ਦੀ ਵਰ੍ਹਦੀ ਅੱਗ ਵਿੱਚ ਬੱਸ ਦੇ ਅੱਗੇ ਲੇਟ ਗਈ ਸੀ। ਆਖਰ ਵਿਚਾਰੇ ਕੰਡਕਟਰ ਨੂੰ ਪੱਲਿਉਂ 20 ਰੁਪਏ ਮੋੜਨੇ ਪਏ ਸਨ।ਪਹਿਲਾਂ ਤਾਂ ਕੰਡਕਟਰ ਪੁਲਿਸ ਵਾਲਿਆਂ ਨਾਲ ਖਹਿਬੜ ਪੈਂਦੇ ਸਨ ਤੇ ਕਈ ਵਾਰ ਹੱਥੋਪਾਈ ਵੀ ਹੋ ਜਾਂਦੇ ਸਨ, ਪਰ ਹੁਣ ਉਹ ਔਰਤਾਂ ਨਾਲ ਬਦਕਲਾਮੀ ਕਰਨ ਦੀ ਹਿੰਮਤ ਨਹੀਂ ਜੁਟਾ ਪਾਉਂਦੇ। ਪਹਿਲਾਂ ਕੰਡਕਟਰ ਸਫਰ ਦਾ ਜਿਆਦਾਤਰ ਸਮਾਂ ਟਿਕਟਾਂ ਹੀ ਕੱਟਦੇ ਰਹਿੰਦੇ ਸਨ, ਦੋ ਚੜ੍ਹ ਗਏ ਤੇ ਚਾਰ ਉੱਤਰ ਗਏ। ਪਰ ਹੁਣ ਦਸ ਮਿੰਟਾਂ ਵਿੱਚ ਵਿਹਲੇ ਹੋ ਕੇ ਇੰਜਣ 'ਤੇ ਬੈਠ ਕੇ ਡਰਾਇਵਰ ਨਾਲ ਗੱਪਾਂ ਮਾਰਨ ਲੱਗ ਜਾਂਦੇ ਹਨ। ਪ੍ਰਾਈਵੇਟ ਬੱਸਾਂ ਵਿੱਚ ਤਾਂ ਸਵਾਰੀਆਂ ਬੈਠਣੀਆਂ ਹੀ ਬੰਦ ਹੋ ਗਈਆਂ ਸਨ। ਪਰ ਹੁਣ ਉਹਨਾਂ ਨੇ ਵੀ ਇੱਕ ਨਾਲ ਇੱਕ ਫਰੀ ਦੀ ਸਹੂਲਤ ਦੇਣੀ ਸ਼ੁਰੂ ਕਰ ਦਿੱਤੀ ਹੈ। ਜੇ ਕਿਤੇ ਕੋਈ ਔਰਤ ਅਤੇ ਮਰਦ ਇਕੱਠੇ ਜਾ ਰਹੇ ਹੋਣ ਤਾਂ ਉਹ ਔਰਤ ਦੀ ਟਿਕਟ ਮਾਫ ਕਰ ਕੇ ਸਿਰਫ ਮਰਦ ਦੀ ਟਿਕਟ ਕੱਟਣ ਦੀ ਆਫਰ ਦੇ ਰਹੇ ਹਨ ਕਿ ਚਲੋ ਖਾਲੀ ਤਾਂ ਨਹੀਂ ਜਾਵਾਂਗੇ, ਜੋ ਖੱਟਿਆ ਸੋ ਵੱਟਿਆ।

> ਪਹਿਲਾਂ ਤਾਂ ਕੰਡਕਟਰ ਪੁਲਿਸ ਵਾਲਿਆਂ ਨਾਲ ਖਹਿਬੜ ਪੈਂਦੇ ਸਨ ਤੇ ਕਈ ਵਾਰ ਹੱਥੋਪਾਈ ਵੀ ਹੋ ਜਾਂਦੇ ਸਨ, ਪਰ ਹੁਣ ਉਹ ਔਰਤਾਂ ਨਾਲ ਬਦਕਲਾਮੀ ਕਰਨ ਦੀ ਹਿੰਮਤ ਨਹੀਂ ਜੁਟਾ ਪਾਉਂਦੇ। ਪਹਿਲਾਂ ਕੰਡਕਟਰ ਸਫਰ ਦਾ ਜਿਆਦਾਤਰ ਸਮਾਂ ਟਿਕਟਾਂ ਹੀ ਕੱਟਦੇ ਰਹਿੰਦੇ ਸਨ, ਦੋ ਚੜ੍ਹ ਗਏ ਤੇ ਚਾਰ ਉੱਤਰ ਗਏ।

ਪੰਡੋਰੀ ਸਿੱਧਵਾਂ 9501100062

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukh dev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਅੱਖਾਂ ਦੇ ਮਸ਼ਹੂਰ ਡਾ. ਜਸਵਿੰਦਰ ਸਿੰਘ ਬੈਂਸ ਨਾਲ ਇੱਕ ਵਾਰਤਲਾਪ : ਮੁਲਾਕਾਤੀ ਸਤਨਾਮ ਸਿੰਘ ਢਾਹ

# ਸੈੱਲ ਫੋਨਾਂ ਅਤੇ ਟੈਬਲਟਾਂ ਉਤੇ ਬਹੁਤ ਸਮਾਂ ਗੁਜ਼ਾਰਨ ਕਾਰਨ ਬੱਚਿਆਂ ਦੀਆਂ ਅੱਖਾਂ ਉਪਰ ਪੈ ਰਿਹੈ ਮਾੜਾ ਪ੍ਰਭਾਵ




**? ਡਾ. ਜਸਵਿੰਦਰ ਜੀ, ਸਭ ਤੋਂ ਪਹਿਲਾਂ ਤੁਹਾਨੂੰ ਆਪਣਾ ਨਵਾਂ ਕਲੀਨਿਕ ਖੋਲ੍ਹਣ ਤੇ ਬਹੁਤ ਬਹੁਤ ਵਧਾਈ!**

:ਧੰਨਵਾਦ, ਸਤਨਾਮ ਜੀ।ਅਸੀਂ ਨਵਾਂ ਕਲੀਨਿਕ ਫਾਲਕਿਨਰਿਜ ਨਾਰਥ ਈਸਟ ਵਿੱਚ ਬਣਾਇਆ ਹੈ।ਸਾਡਾ ਨਵਾਂ ਸਿਰਨਾਮਾਂ ਹੈ 5218 ਫਾਲਸਬਰਿਜ ਡਰਾਇਵ ਨਾਰਥ ਈਸਟ ਕੈਲਗਰੀ, ਅਲਬਰਟਾ ਅਤੇ ਫੂਨ ਨੰਬਰ ਪਹਿਲੇ ਵਾਲਾ 403-274-4514 ਹੀ ਹੈ।

**? ਉਝ ਤਾਂ ਤੁਸੀਂ ਪੰਜਾਬੀ ਅੰਗਰੇਜ਼ੀ ਭਾਈਚਾਰੇ ਵਿੱਚ ਤੁਸੀਂ ਇੱਕ ਜਾਣੀ ਪਹਿਚਾਣੀ ਸ਼ਖ਼ਸੀਅਤ ਹੋ ਪਰ ਹੋ ਸਕਦਾ ਕੁਝ ਲੋਕ ਸ਼ਾਇਦ ਤੁਹਾਡੇ ਬਾਰੇ ਬਹੁਤਾ ਨਾ ਜਾਣਦੇ ਹੋਣ? ਤੁਸੀਂ (ਆਪਣੇ ਪਰਿਵਾਰਕ ਪਿਛੋਕੜ, ਆਪਣੀ ਉਚ ਵਿੱਦਿਆ) ਬਾਰੇ ਕੁਝ ਦੱਸਣ ਦੀ ਖੇਚਲ ਕਰੋ?**

: ਮੇਰਾ ਪਿਛਲਾ ਪਿੰਡ ਖੇੜਾ ਜਿਲ੍ਹਾ ਹੁਸ਼ਿਆਰਪੁਰ ਹੈ। ਮੁਢਲੀ ਸਿੱਖਿਆ ਨਾਨਕੇ ਪਿੰਡ ਦੇ ਸਕੂਲ ਮਾਹਲਾਂ ਬਲਟੋਹੀਆਂ ਤੋਂ ਬਾਅਦ ਅੱਠਵੀਂ ਸਿਰਹਾਲਾ ਕਲਾਂ ਅਤੇ ਦਸਵੀਂ ਸੰਤ ਅਤਰ ਸਿੰਘ ਖ਼ਾਲਸਾ ਸਕੂਲ ਪਾਲਦੀ ਤੋਂ ਕੀਤੀ। ਪ੍ਰੀ ਮੈਡੀਕਲ ਖ਼ਾਲਸਾ ਕਾਲਜ ਮਾਹਿਲਪੁਰ ਤੋਂ ਬਾਅਦ ਬੀ. ਐੱਸ. ਸੀ. ਗੌਰਮਿੰਟ ਕਾਲਜ ਹੁਸ਼ਿਆਰਪੁਰ ਅਤੇ ਪੀ. ਐੱਚ. ਡੀ. ਬਇਓਲੋਜੀ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ। ਮੈਂ 1991 ਵਿੱਚ ਕੈਨੇਡਾ ਆ ਗਿਆ ਸੀ। 1992 ਤੋਂ 1996 ਤੱਕ ਯੂਨੀਵਰਸਿਟੀ ਆਫ ਕੈਲਗਰੀ ਵਿੱਚ ਰਿਸਰਚ ਕਰਨ ਤੋਂ ਬਾਅਦ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿੱਚ ਵੀ ਰਿਸਰਚ ਕੀਤੀ।

**? ਜਿਵੇਂ ਤੁਸੀਂ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚੋਂ ਬਾਇਓਲੋਜੀ ਵਿੱਚ ਪੀ ਐੱਚ ਡੀ. ਕੀਤੀ ਇਹਦੇ ਬਾਰੇ ਕੁਝ ਦੱਸੋਂਗੇ ਕਿ ਕਿਸ ਵਿਸ਼ੇ ਤੇ ਰਿਸਰਚ ਕੀਤੀ?**

: ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੈਂ 8 ਸਾਲ ਤੋਂ ਵੱਧ ਦਾ ਸਮਾਂ ਗੁਜ਼ਾਰਿਆ। ਇਥੇ ਮੇਰੀ ਰਿਸਰਚ ਦਾ ਵਿਸ਼ਾ ਵੱਖਰਾ ਵੱਖਰਾ ਰਿਹਾ। ਐੱਮ. ਫਿਲ ਦੀ ਪੜ੍ਹਾਈ ਦੌਰਾਨ ਮੈਂ ਮੂੰਗੀ ਦੀ ਦਾਲ ਤੇ ਰਿਸਰਚ ਕੀਤੀ ਜਿਸ ਵਿੱਚ ਅਸੀਂ ਇਹ ਪਤਾ ਲਗਾਇਆ ਕਿ ਦਾਲਾਂ ਦੀ ਵਧੀਆ ਕਿਸਮ ਕਿਵੇਂ ਪੈਦਾ ਕਰਨੀ ਹੈ। ਪੀ. ਐੱਚ. ਡੀ. ਵਿੱਚ ਇਹ ਪਤਾ ਕੀਤਾ ਗਿਆ ਕਿ ਬੁਢਾਪੇ ਤੋਂ ਬਚਣ ਲਈ ਕਿਹੜੇ ਕਿਹੜੇ ਉਪਾਅ ਕਰਨੇ ਚਾਹੀਦੇ ਹਨ। ਆਕਸੀਜ਼ਨ ਜਿੱਥੇ ਸਾਡੇ ਵਾਸਤੇ ਸਾਹ ਲੈਣ ਲਈ ਬਹੁਤ ਹੀ ਜ਼ਰੂਰੀ ਹੈ ਉਥੇ ਕੁਝ ਕੁ ਮਾੜੇ ਪ੍ਰਭਾਵ ਵੀ ਪੈਦਾ ਕਰਦੀ ਹੈ, ਜਿਹਨਾਂ ਕਰਕੇ ਵੀ ਬੁਢਾਪਾ ਆਉਦਾ ਹੈ।



**? ਤੁਸੀਂ ਕੈਨੇਡਾ ਆ ਕੇ ਯੂਨੀਵਰਸਿਟੀ ਆਫ ਕੈਲਗਰੀ ਵਿੱਚ ਨਿਉਰੋ-ਸਾਇੰਸ ਵਿੱਚ ਕੰਮ ਕਰਦਿਆਂ ਅਲਜ਼ਇਮਰ ਦੀ ਬੀਮਾਰੀ ਉਪਰ ਖੋਜ ਪੇਪਰ ਵੀ ਲਿਖੇ ਇਹਦੇ ਬਾਰੇ ਵੀ ਕੁਝ ਦੱਸੋ?**

: ਢਾਅ ਸਾਹਿਬ, ਯੂਨੀਵਰਸਿਟੀ ਆਫ ਕੈਲਗਰੀ ਦੇ ਨਿਉਰੋ-ਸਾਇੰਸ ਵਿਭਾਗ ਵਿੱਚ ਅਸੀਂ ਅਲਜ਼ਾਇਮਰ ਦੀ ਬਿਮਾਰੀ ਕਿਨ੍ਹਾਂ ਕਾਰਨਾ ਕਰਕੇ ਹੁੰਦੀ ਹੈ ਅਤੇ ਉਨ੍ਹਾਂ ਕਾਰਨਾਂ ਤੋਂ ਕੀ ਰੋਕਥਾਮ ਕੀਤੀ ਜਾ ਸਕਦੀ ਹੈ, ਬਾਰੇ ਰਿਸਰਚ ਕੀਤੀ। ਅਲਜ਼ਾਇਮਰ ਦੀ ਬੀਮਾਰੀ ਨਾਲ ਇਨਸਾਨ ਦੀ ਯਾਦਾਸ਼ਤ ਚਲੀ ਜਾਂਦੀ ਹੈ। ਇਹ ਬੀਮਾਰੀ ਸਾਡੇ ਯਾਦ ਸ਼ਕਤੀ ਵਾਲੇ ਸੈੱਲਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਅਸੀਂ ਉਨ੍ਹਾ ਕਾਰਨਾਂ ਦਾ ਪਤਾ ਕਰਕੇ ਉਨ੍ਹਾਂ ਸੈੱਲਾਂ ਨੂੰ ਬਚਾਉਣ ਵਾਸਤੇ ਦਵਾਈ ਤਿਆਰ ਕਰਨ ਵਾਸਤੇ ਕੰਮ ਕੀਤਾ।

**? ਤੁਸੀਂ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿੱਚ ਕਿਸ ਪ੍ਰੋਜੈਕਟ ਤੇ ਰਿਸਰਚ ਕੀਤੀ? ਇਹਦੇ ਬਾਰੇ ਵੀ ਚਾਨਣਾ ਪਾਉ?**

: ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਵਿੱਚ ਅਸੀਂ ਇਹ ਪਤਾ ਲਗਾਇਆ ਕਿ ਚਿੱਟੀ ਬਰੈੱਡ ਕਿਉਂ ਨਹੀਂ ਖਾਣੀ ਚਾਹੀਦੀ। ਚਿੱਟੀ ਬਰੈੱਡ ਬਣਾਉਣ ਵਾਸਤੇ ਇਸ ਨੂੰ ਬਲੀਚ ਕੀਤਾ ਜਾਂਦਾ ਹੈ। ਇਸ ਬਲੀਚ ਤੋਂ ਬਾਅਦ ਇੱਕ ਜ਼ਹਿਰੀਲਾ ਮਾਦਾ ਰਹਿ ਜਾਂਦਾ ਹੈ ਜਿਸਦਾ ਅਸਰ ਦਿਮਾਗ ਦੇ ਸੈਲਜ਼ ਉਪਰ ਹੁੰਦਾ ਹੈ।

**?ਤੁਸੀਂ ਇੱਕ ਹੋਰ ਗੱਲ ਕਰ ਰਹੇ ਸੀ ਕਿ ਆਕਸੀਜਨ ਦਾ ਸਾਡੇ ਦਿਮਾਗ ਉਪਰ ਮਾੜੇ ਪ੍ਰਭਾਵ ਵੀ ਪੈਦਾ ਹੈ? ਇਹ ਤਾਂ ਨਵੀਂ ਗੱਲ ਸੁਣਨ ਨੂੰ ਮਿਲੀ ਹੈ। ਇਹਦੇ ਬਾਰੇ ਕੁਝ ਦੱਸੋ ਇਹ ਕਿਸ ਤਰ੍ਹਾਂ? ਇਹ ਵੀ ਤੁਹਾਡੀ ਰਿਸਰਚ ਦਾ ਹਿੱਸਾ ਰਿਹਾ?**

: ਇਹ ਬਹੁਤ ਹੀ ਮਹੱਤਵਪੂਰਨ ਸਵਾਲ ਤੁਸਾਂ ਕੀਤਾ ਹੈ। ਆਕਸੀਜਨ ਜਿੱਥੇ ਸਾਡੇ ਦਿਮਾਗ ਲਈ ਅਤਿ ਜ਼ਰੂਰੀ ਹੈ, ਉੱਥੇ ਇਹ ਕੁੱਝ ਜ਼ਹਿਰੀਲੇ ਕਣ ਵੀ ਪੈਦਾ ਕਰਦੀ ਹੈ। ਇਨ੍ਹਾਂ ਨੂੰ ਫਰੀ ਰੈਡੀਕਲ ਕਹਿੰਦੇ ਹਨ। ਮੰਨਿਆ ਜਾਂਦਾ ਹੈ ਕਿ ਇਹ ਫਰੀ ਰੈਡੀਕਲ ਵੀ ਸਾਡੇ ਬੁੱਢਾਪੇ ਦਾ ਕਾਰਨ ਬਣਦੇ ਹਨ।

**? ਤੁਸੀਂ ਇਧਰ ਰਿਸਰਚ ਖੇਤਰ ਵਿੱਚ ਇਨ੍ਹਾ ਕੰਮ ਕਰਦਿਆਂ-ਕਰਦਿਆਂ ਅਚਾਨਕ ਔਪਟੌਮਿਟਰੀ ਦੇ ਵਿਸ਼ੇ ਵੱਲ ਇੰਨੀ ਦਿਲਚਸਪੀ ਹੋ ਗਈ ਕਿ ਕਾਂਟਾ ਹੀ ਬਦਲ ਦਿੱਤਾ ਇਹ ਕਦੋਂ ਤੇ ਕਿਵੇਂ ਹੋਇਆ?**

: 1999 ਵਿੱਚ ਮੈਂ ਬ੍ਰਿਟਿਸ਼ ਕੁਲੰਬੀਆ ਯੂਨੀਵਰਸਿਟੀ ਦੇ ਅੱਖਾਂ ਦੇ ਵਿਭਾਗ ਵਿੱਚ ਕੰਮ ਕਰ ਰਿਹਾ ਸੀ ਕਿ ਮੇਰਾ ਧਿਆਨ ਇਸ ਪਾਸੇ ਗਿਆ। ਚੂਹਿਆਂ ਉਪਰ ਰਿਸਰਚ ਕਰਦਿਆਂ ਮੈਂ ਦੇਖਿਆ ਕਿ ਜਦੋਂ ਕੋਈ ਚੂਹਾ ਅੱਖਾਂ ਤੋਂ ਵਾਂਝਾ ਹੋ ਜਾਂਦਾ ਹੈ, ਤਾਂ ਉਸਦੀ ਰੋਜ਼ਾਨਾ ਹਰਕਤ ਬਹੁਤ ਘੱਟ ਜਾਂਦੀ ਹੈ ਅਤੇ ਉਸਦੇ ਸਾਥੀ ਉਸ ਤੋਂ ਦੂਰ ਰਹਿਣ ਲੱਗ ਪੈਂਦੇ ਹਨ। ਮੈਨੂੰ ਲੱਗਿਆ ਕਿ ਇਨਸਾਨ ਨਾਲ ਵੀ ਇੰਜ ਹੀ ਹੁੰਦਾ ਹੋਵੇਗਾ। ਮੈਂ ਸੋਚਿਆ ਕਿ ਜਦੋਂ ਕਿਸੇ ਦੀ ਨਜ਼ਰ ਵਾਪਸ ਆਉਂਦੀ ਹੋਵੇਗੀ ਤਾਂ ਇਨਸਾਨ ਕਿੰਨਾ ਖੁਸ਼ ਹੁੰਦਾ ਹੋਵੇਗਾ। ਬੱਸ ਇਥੋਂ ਹੀ ਮਨ ਇਸ ਪਾਸੇ ਸੋਚਣ ਲੱਗ ਪਿਆ ਜਿਸਦਾ ਨਤੀਜਾ ਅੱਜ ਮੈਂ ਇਸ ਮੁਕਾਮ ਤੇ ਪਹੁੰਚਾ ਹਾਂ।

**? ਡਾ. ਸਾਹਿਬ ਬਾਓਲੌਜੀਕਲ ਸਾਇੰਸ ਅਤੇ ਦੂਜੀਆਂ ਖੋਜਾਂ ਦਾ ਗਿਆਨ ਇਸ ਫੀਲਡ ਵਿੱਚ ਕਿੰਨਾ ਕੁ ਸਹਾਇਕ ਰਿਹਾ? ਕਿਉਂ ਕਿ ਬਹੁਤ ਸਾਰੇ ਦੂਸਰੇ ਅਪਟੋਮਿਟਰਿਸਟਸ ਕੋਲ ਕਈ ਵਾਰ ਬਾਇਓਲੋਜੀ ਵਰਗੇ ਵਿਸ਼ਿਆਂ ਦਾ ਗਿਆਨ ਨਹੀਂ ਹੁੰਦਾ ਤਾਂ ਕੰਮ ਕਰਦੇ ਸਮੇਂ ਉਹਨਾਂ ਨੂੰ ਕਾਫੀ ਮੁਸ਼ਕਲ ਆਉਦੀ ਹੋਵੇਗੀ?**

: ਕਿਉਂਕਿ ਕਿਸੇ ਵੀ ਡਾਕਟਰ ਵਾਸਤੇ ਜੀਵ ਵਿਗਿਆਨ ਦਾ ਮੁੱਢਲਾ ਗਿਆਨ ਬਹੁਤ ਜ਼ਰੂਰੀ ਹੁੰਦਾ ਹੈ। ਮੈਂ ਆਪਣੇ ਆਪ ਨੂੰ ਖੁਸ਼ ਕਿਸਮਤ ਸਮਝਦਾ ਹਾਂ ਕਿ ਮੈਨੂੰ ਮਨੁੱਖੀ ਸਰੀਰ ਬਾਰੇ ਮੁੱਢਲਾ ਗਿਆਨ ਮੇਰੀ ਬੁਨਿਆਦੀ ਪੜ੍ਹਾਈ ਬਾਇਓਲੌਜੀ ਦੀ ਪੀ. ਐੱਚ. ਡੀ. ਕਰਨ ਤੋਂ ਮਿਲਿਆ ਹੋਇਆ ਸੀ, ਜਿਸ ਕਰਕੇ ਔਪਟੋਮਿਟਰੀ ਸਮਝਣ ਵਿੱਚ ਮੈਨੂੰ ਆਸਾਨੀ ਹੋਈ ਅਤੇ ਮੇਰੀ ਆਪਣੀ ਰਿਸਰਚ ਵੀ ਮੈਨੂੰ ਮਰੀਜ ਨੂੰ ਸਮਝਾਉਣ ਲਈ ਵੀ ਮਦਦ ਕਰਦੀ ਹੈ।

**? ਅੱਛਾ ਜੀ, ਆਪਾਂ ਆਪਣੀ ਗੱਲ 20/20 ਤੋਂ ਸ਼ੁਰੂ ਕਰਦੇ ਹਾਂ ਕੀ ਮੈਡੀਕਲ ਟਰਮਨੌਲੋਜੀ ਵਿੱਚ ਇਸ ਦਾ ਕੀ ਮਤਲਬ ਹੈ ਕਿ ਤੁਹਾਡੀਆਂ ਅੱਖਾਂ ਬਿਲਕੁਲ ਤੰਦਰੁਸਤ ਹਨ?**

: 20/20 ਤੋਂ ਭਾਵ ਹੈ ਕਿ ਇੱਕ ਵਿਅਕਤੀ 20 ਫੁੱਟ ਤੋਂ ਉਹ ਲਾਇਨ ਪੜ੍ਹ ਸਕਦਾ ਹੈ ਜੋ ਕਿ ਇੱਕ ਤੰਦਰੁਸਤ ਵਿਅਕਤੀ ਪੜ੍ਹਦਾ ਹੈ। ਨਾਰਮਲ ਨਿਗ੍ਹਾ 20/20 ਮੰਨੀ ਜਾਂਦੀ ਹੈ। ਪਰ ਇਸਦਾ ਮਤਲਬ ਇਹ ਨਹੀਂ ਕਿ ਤੁਹਾਡੀਆਂ ਅੱਖਾਂ ਤੰਦਰੁਸਤ ਹਨ। ਕਿਉਂਕਿ ਇਸ ਤੋਂ ਬਿਨਾ ਵੀ ਬਹੁਤ ਕੁਝ ਦੇਖਣਾ ਪੈਂਦਾ ਹੈ ਕਿ ਅੱਖਾਂ ਤੰਦਰੁਸਤ ਹਨ ਜਾਂ ਨਹੀਂ।

**? ਬੈਂਸ ਸਾਹਿਬ, ਕੀ 20/20 ਵਾਲੇ ਵਿਜ਼ਨ ਤੋਂ ਵੀ ਜ਼ਿਆਦਾ ਵਧੀਆ ਨਿਗ੍ਹਾ ਹੋ ਸਕਦੀ ਹੈ?**

: 20/20 ਇੱਕ ਨਾਰਮਲ ਵਿਜ਼ਨ (ਨਿਗ੍ਹਾ) ਹੈ। ਪਰ ਕੁੱਝ ਲੋਕ 20/15 ਲਾਇਨ ਵੀ ਪੜ੍ਹ ਲੈਂਦੇ ਹਨ। ਇਹ ਆਮ ਤੋਰ ਤੇ ਛੋਟੀ ਉਮਰ ਦੇ ਬੱਚੇ ਹੁੰਦੇ ਹਨ।

**? ਮਨੁੱਖੀ ਸਰੀਰ ਵਾਂਗ ਅੱਖਾਂ ਨੂੰ ਵੀ ਬਿਮਾਰੀਆਂ ਹੋ ਸਕਦੀਆਂ ਹਨ ਜੇ ਹਨ ਤਾਂ ਕਿਹੜੀਆਂ ਕਿਹੜੀਆਂ ਬੀਮਾਰੀਆਂ ਹਨ ਜਿੰਨ੍ਹਾਂ ਦਾ ਸਾਨੂੰ ਖ਼ਿਆਲ ਰੱਖਣ ਦੀ ਲੋੜ ਹੈ?**

: ਅੱਖਾਂ ਦੀਆਂ ਬੀਮਾਰੀਆਂ ਹਰ ਉਮਰ ਵਿੱਚ ਅਤੇ ਉਮਰ ਅਨੁਸਾਰ ਵੀ ਹੋ ਸਕਦੀਆਂ ਹਨ। ਆਮ ਕਰਕੇ ਬਹੁਤ ਛੋਟੇ ਬੱਚਿਆਂ ਵਿੱਚ ਭੈਂਗਾਪਣ, ਟੀਰ ਮਾਰਨਾ, ਇੱਕ ਅੱਖ ਦਾ ਸੁਸਤ ਹੋਣਾ, ਜਨਮ ਤੋਂ ਹੀ ਚਿੱਟਾ ਮੋਤੀਆ ਆਦਿ ਕਈ ਤਰ੍ਹਾਂ ਦੀਆਂ ਬੀਮਾਰੀਆਂ ਹੋ ਸਕਦੀਆਂ ਹਨ। ਕੁੱਝ ਵੱਡੇ ਬੱਚਿਆਂ ਵਿੱਚ ਨਿਕਟ ਦਰਸ਼ੀ, ਦੂਰ ਦਰਸ਼ੀ ਜਾਂ ਅੱਖ ਦੀ ਬਣਤਰ ਗੋਲ ਨਾ ਹੋ ਕੇ ਅੰਡੇ ਵਰਗੀ ਹੋਣਾ ਆਦਿ। ਬੁਢਾਪੇ ਵਿੱਚ ਕੈਟਾਰੈਕਟ (ਚਿੱਟਾ ਮੋਤੀਆ), ਗਲੂਕੋਮਾ (ਕਾਲਾ ਮੋਤੀਆ), ਮੈਕੂਲਰ ਡੀਜਿਨਰੇਸ਼ਨ ਆਦਿ ਵਰਗੀਆਂ ਬੀਮਾਰੀਆਂ ਆਮ ਹੋ ਸਕਦੀਆਂ ਹਨ।

**? ਰੈਟਿਨਾ ਅੱਖ ਦਾ ਕਿਹੜਾ ਹਿੱਸਾ ਹੈ? ਸਾਡੀ ਨਿਗ੍ਹਾ ਨੂੰ ਠੀਕ ਰੱਖਣ ਲਈ ਰੈਟਿਨਾ ਦਾ ਕੀ ਰੋਲ ਹੈ? ਕਈ ਵਾਰ ਬੱਚਿਆ ਵਿੱਚ ਭੈਂਗਾ-ਪਨ ਦੀ ਬਿਮਾਰੀ ਹੁੰਦੀ ਹੈ। ਇਸ ਦਾ ਕੋਈ ਇਲਾਜ ਹੋ ਸਕਦਾ?**

: ਭੈਂਗਾ-ਪਨ ਇੱਕ ਵੱਖਰੀ ਚੀਜ਼ ਹੈ। ਇਸ ਵਿੱਚ ਇੱਕ ਅੱਖ ਜਾਂ ਦੋਵੇਂ ਅੱਖਾਂ ਇੱਕ ਪਾਸੇ ਨੂੰ ਜਾਂਦੀਆਂ ਹਨ ਜਾਂ ਇਕੱਠੀਆਂ ਕੰਮ ਨਹੀਂ ਕਰਦੀਆਂ। ਹਾਂ ਜੀ, ਇਸਦਾ ਇਲਾਜ ਹੈ ਪਰ ਸਮੇਂ ਸਿਰ ਜਾਂਚ ਕਰਵਾਉਣੀ ਬਹੁਤ ਜ਼ਰੂਰੀ ਹੈ।

**? ਆਮ ਧਾਰਨਾ ਹੈ ਕਿ ਨਿਗ੍ਹਾ ਸੱਠ ਸਾਲ ਦੀ ਉਮਰ ਤੋਂ ਬਾਅਦ ਹੀ ਕਮਜ਼ੋਰ ਹੋਣ ਲੱਗਦੀ ਹੈ। ਤੁਹਾਡਾ ਤਜ਼ਰਬਾ ਕੀ ਕਹਿੰਦਾ ਹੈ? ਕੀ ਇਸ ਤੋਂ ਪਹਿਲਾਂ ਇੱਕ ਤੰਦੂਰਤ ਇਨਸਾਨ ਦੀਆਂ ਅੱਖਾਂ ਵੀ ਤੰਦਰੁਸਤ ਹੁੰਦੀਆਂ ਹਨ?**

: ਨੇੜੇ ਦੀ ਨਿਗ੍ਹਾ ਤਾਂ ਆਮ ਕਰਕੇ 40 ਸਾਲ ਤੋਂ ਬਾਅਦ ਹੀ ਘੱਟਣੀ ਸ਼ੁਰੂ ਹੋ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਿਅਕਤੀ ਇਸ ਨੂੰ ਮਹਿਸੂਸ ਨਹੀਂ ਕਰਦੇ। ਪਰ 60 ਸਾਲ ਤੀਕਰ ਆਮ ਕਰਕੇ ਚਿੱਟਾ ਮੋਤੀਆ ਆਉਣ ਕਾਰਨ ਦੂਰ ਦੀ ਨਿਗ੍ਹਾ ਵੀ ਘੱਟ ਜਾਂਦੀ ਹੈ ਜਿਸ ਕਰਕੇ ਬਹੁਤੇ ਲੋਕਾਂ ਨੂੰ ਮਹਿਸੂਸ ਹੋਣ ਲੱਗ ਪੈਂਦਾ ਹੈ।

**? ਡਾ. ਸਾਹਿਬ ਇਹ ਵੀ ਸੁਣਨ ਵਿੱਚ ਆਇਆ ਹੈ ਕਿ ਬੇਬੀ-ਬੂਮਰਾਂ (1946-1964) ਵਿੱਚ ਉਮਰ ਦੇ ਚਾਲ਼ੀਵੇਂ ਸਾਲ ਵਿੱਚ ਹੀ ਨਿਗ੍ਹਾ ਦੀ ਸਮੱਸਿਆ ਆਉਂਦੀ ਹੈ। ਕੀ ਇਹ ਠੀਕ ਹੈ? ਇਹਦੇ ਬਾਰੇ ਤੁਹਾਡਾ ਕੀ ਵਿਚਾਰ ਹੈ?**

: ਜੀ ਹਾਂ, ਇਹ ਠੀਕ ਹੈ ਕਿ ਜਦੋਂ ਨਜ਼ਦੀਕ ਦੀ ਨਿਗ੍ਹਾ ਘੱਟਣੀ ਸ਼ੁਰੂ ਹੁੰਦੀ ਹੈ ਤਾਂ ਐਨਕ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਇਹ ਉਮਰ ਦੇ ਚਾਲ਼ੀਵੇਂ ਸਾਲ ਦੇ ਆਲੇ ਦੁਆਲੇ ਹੀ ਹੁੰਦਾ ਹੈ।

**? ਛੋਟੀ ਤੋਂ ਛੋਟੀ ਕਿਸ ਉਮਰ ਵਿੱਚ ਸਾਨੂੰ ਅੱਖਾਂ ਚੈਕ ਕਰਵਾਉਣੀਆਂ ਚਾਹੀਦੀਆਂ ਹਨ? ਕਈ ਵਾਰ ਇਹ ਦੇਖਿਆ ਗਿਆ ਹੈ ਕਿ ਛੋਟੇ ਬੱਚਿਆਂ ਵਿੱਚ ਇਹ ਸਮੱਸਿਆ ਆਉਦੀ ਹੈ ਕਿ ਉਨ੍ਹਾਂ ਦੀ ਨਿਗ੍ਹਾ 20/20 ਹੁੰਦੀ ਹੈ ਪਰ ਸਕੂਲ ਵਿੱਚ ਪੜ੍ਹਨ ਸਮੇਂ ਜਾਂ ਬਲੈਕ-ਬੋਰਡ ਤੋਂ ਦੇਖਣ ਸਮੇਂ ਮੁਸ਼ਕਲ ਪੇਸ਼ ਆਉਦੀ ਹੈ। ਇਸ ਦੇ ਕੀ ਕਾਰਨ ਹੋ ਸਕਦੇ ਹਨ?**

: ਅਲਬਰਟਾ ਐਸੋਸੀਏਸ਼ਨ ਆਫ ਔਪਟੌਮਿਟਰਿਸਟਸ ਮੁਤਾਬਿਕ ਪਹਿਲੀ ਅੱਖਾਂ ਦੀ ਜਾਂਚ 6-9 ਮਹੀਨੇ ਦੀ ਉਮਰ ਵਿੱਚ ਹੋਣੀ ਚਾਹੀਦੀ ਹੈ। ਭਾਵੇਂ ਨਿਗ੍ਹਾ 20/20 ਹੋਵੇ ਫਿਰ ਵੀ ਕੁੱਝ ਕਾਰਨ ਐਸੇ ਹਨ ਜਿੰਨ੍ਹਾ ਕਰਕੇ ਪੜ੍ਹਨ ਦੀ ਅਤੇ ਸਿਰ ਦਰਦ ਦੀ ਸ਼ਿਕਾਇਤ ਨਿਗ੍ਹਾ ਕਰਕੇ ਵੀ ਹੋ ਸਕਦੀ ਹੈ। ਇਸ ਕਰਕੇ ਨਿਯਮਤ ਤੌਰ ਤੇ ਅੱਖਾਂ ਦੀ ਜਾਂਚ ਕਰਵਾਉਣੀ ਬਹੁਤ ਜ਼ਰੂਰੀ ਹੈ। ਅਗਰ ਕੋਈ ਸਮੱਸਿਆ ਨਜ਼ਰ ਆਉਂਦੀ ਹੋਵੇ ਤਾਂ ਉਸੇ ਸਮੇਂ ਬੱਚੇ ਨੂੰ ਅੱਖਾਂ ਦੇ ਡਾਕਟਰ ਕੋਲ ਲੈ ਕੇ ਜਾਣਾ ਚਾਹੀਦਾ ਹੈ।

**? ਬਹੁਤ ਸਾਰੇ ਬੱਚੇ ਖ਼ਾਸ ਕਰਕੇ (ਲੜਕੀਆਂ) ਆਈ-ਲੈਂਸ ਦੀ ਵਰਤੋਂ ਕਰਦੀਆਂ ਕੀ ਇਹ ਵੀ ਅੱਖਾਂ ਲਈ ਨੁਕਸਾਨ ਦੇਹ ਹੋ ਸਕਦਾ?**

: ਅੱਖਾਂ ਵਿੱਚ ਕਾਨਟੈਕਟ ਲੈਨਜ਼ ਐਨਕਾਂ ਦੀ ਜਗ੍ਹਾ ਤੇ ਲਗਾਏ ਜਾਂਦੇ ਹਨ। ਇਹ ਅੱਖਾਂ ਦੇ ਡਾਕਟਰ ਤੋਂ ਹੀ ਲਗਾਉਣੇ ਚਾਹੀਦੇ ਹਨ। ਬਹੁਤ ਸਾਰੀਆਂ ਸਮੱਸਿਆਵਾਂ ਇਹੋ ਜਿਹੀਆਂ ਹਨ ਜੋ ਗ਼ਲਤ ਕਾਨਟੈਕਟ ਲੈਨਜ਼ ਲਗਾਉਣ ਨਾਲ ਆਉਂਦੀਆਂ ਹਨ।

**? ਇਸੇ ਸਵਾਲ ਨਾਲ ਜੁੜਵਾ ਸਵਾਲ ਹੈ ਕਿ ਬਹੁਤ ਸਾਰੇ ਲੋਕ ਐਨਕ ਲਾਉਣ ਤੋਂ ਝਿਜਕਦੇ ਹਨ ਉਹਨਾਂ ਲਈ ਨਵੀਂ ਤਕਨੌਲੋਜੀ ਦੀ ਮੱਦਦ ਨਾਲ ਲੇਜ਼ਰ ਸਰਜ਼ਰੀ ਜਾਂ ਲੈਂਜ਼ ਅੱਖਾਂ ਵਿੱਚ ਹੀ ਪਾ ਦਿੱਤੇ ਜਾਂਦੇ ਹਨ। ਇਸ ਨਾਲ ਅੱਖਾਂ ਨੂੰ ਕੋਈ ਨੁਕਸਾਨ ਤਾਂ ਨਹੀਂ ਹੁੰਦਾ?**

: ਨਵੀਆਂ ਤਕਨੀਕਾਂ ਚੰਗੀਆਂ ਹਨ ਪਰ ਇਸ ਬਾਰੇ ਪੂਰੀ ਜਾਣਕਾਰੀ ਲੈਣੀ ਜ਼ਰੂਰੀ ਹੈ। ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਬਾਅਦ ਵਿੱਚ ਇਨ੍ਹਾਂ ਤਕਨੀਕਾਂ ਨਾਲ ਕੀ ਕੀ ਸਮੱਸਿਆਵਾਂ ਹੋ ਸਕਦੀਆਂ ਹਨ।

**? ਹੁਣ ਕਰੋਨਾ ਕਾਰਨ ਸਕੂਲਾਂ ਵਿੱਚ ਛੁੱਟੀਆਂ ਜਿਆਦਾ ਰਹਿੰਦੀਆਂ ਹਨ, ਬਹੁਤ ਸਾਰੇ ਬੱਚੇ ਘਰ ਹਨ ਤੇ ਉਂਜ ਵੀ ਬੱਚੇ ਆਪਣਾ ਬਹੁਤਾ ਸਮਾਂ ਟੀਵੀ ਤੇ ਗੇਮਾਂ ਖੇਡਦੇ ਜਾਂ ਕਾਰਟੂਨ ਜਾਂ ਮੂਵੀ ਦੇਖਣ ਵਿੱਚ ਲਾਉਦੇ ਹਨ ।ਬਹੁਤ ਟੀਵੀ ਦੇਖਣ ਜਾਂ ਫੋਨ ਤੇ ਹੀ ਬੀਤਾਉਂਦੇ ਦੇਖੇ ਜਾਦੇ ਹਨ। ਕੀ ਇਹਦੇ ਨਾਲ ਵੀ ਅੱਖਾਂ ਨੂੰ ਨੁਕਸਾਨ ਹੋ ਸਕਦਾ?**

: ਢਾਅ ਜੀ, ਮਨੁੱਖੀ ਅੱਖ ਕੋਲ ਬਿਨਾ ਕਿਸੇ ਸਮੱਸਿਆ ਤੋਂ ਕੋਈ ਵੀ ਦ੍ਰਿਸ਼ ਲਗਾਤਾਰ 15 ਮਿੰਟ ਵੇਖਣ ਦੀ ਸਮਰੱਥਾ ਹੁੰਦੀ ਹੈ। ਇਸ ਲਈ ਹਰ 15 ਮਿੰਟ ਬਾਅਦ ਅੱਖਾਂ ਨੂੰ ਆਰਾਮ ਜਾਂ ਸਾਹ ਦਿਵਾਉਣ ਦੀ ਜ਼ਰੂਰਤ ਹੁੰਦੀ ਹੈ। ਨਹੀਂ ਤਾਂ ਅੱਖਾਂ ਉਪਰ ਦਬਾਅ ਪੈਣ ਕਰਕੇ ਬੁਰਾ ਪ੍ਰਭਾਵ ਪੈ ਸਕਦਾ ਹੈ।

**? ਇੱਕ ਸਵਾਲ ਹੋਰ ਕਿ ਕਈ ਵਾਰ ਇਹ ਗੱਲ ਵੀ ਸੁਣਨ ਵਿੱਚ ਆਈ ਹੈ ਕਿ ਅੱਖਾਂ ਰੰਗ ਨੂੰ ਨਹੀਂ ਪਛਾਣਦੀਆਂ। ਇਹ ਕੀ ਕਾਰਨ ਹੋ ਸਕਦਾ ਇਸ ਦਾ ਕੋਈ ਇਲਾਜ ਅੱਜ ਦੀ ਨਵੀਂ ਤਕਨੀਕ ਨਾਲ ਸੰਭਵ ਹੈ?**

: ਹਾਂ ਜੀ, ਇਹ ਦੇਖਿਆ ਗਿਆ ਹੈ ਕਿ ਕੁੱਝ ਵਿਅਕਤੀ ਰੰਗ ਨਹੀਂ ਪਛਾਣ ਸਕਦੇ। ਇਹ ਜਮਾਂਦਰੂ ਹੀ ਹੁੰਦਾ ਹੈ। ਕੁੱਝ ਰੰਗਦਾਰ ਸ਼ੀਸ਼ਿਆਂ ਦੀਆਂ ਐਨਕਾਂ ਨਾਲ ਇਸ ਸਮੱਸਿਆ ਦਾ ਇਲਾਜ਼ ਕੀਤਾ ਜਾਂਦਾ ਹੈ।

**? ਇਹ ਮੰਨਿਆ ਜਾਂਦਾ ਹੈ ਕਿ ਅਲਬਰਟਾ ਦਾ ਮੌਸਮ, ਅੱਖਾਂ ਲਈ ਬਹੁਤ ਡਰਾਈ ਹੈ ਦੂਜਿਆਂ ਸੂਬਿਆਂ ਦੇ ਮੁਕਾਬਲੇ ਤੁਸੀਂ ਅਲਬਰਟਾ ਵਿੱਚ ਰਹਿਣ ਵਾਲੇ ਲੋਕਾਂ ਨੂੰ ਇਸ ਡਰਾਈਨੈਸ ਤੋਂ ਬਚਣ ਬਚਾਉਣ ਲਈ ਕੀ ਸੁਝਾਅ ਦੇਣਾ ਚਾਹੋਗੇ?**

: ਇਹ ਬਿਲਕੁਲ ਠੀਕ ਕਿ ਅਲਬਰਟਾ ਦਾ ਮੌਸਮ ਬਹੁਤ ਖੁਸ਼ਕ ਹੈ। ਇੱਥੇ ਆਮ ਨਾਲੋਂ ਜ਼ਿਆਦਾ ਅੱਖਾਂ ਖੁਸ਼ਕ ਹੁੰਦੀਆਂ ਹਨ। ਅੱਖਾਂ ਵਿੱਚ ਡਾਕਟਰ ਦੀ ਸੁਲਾਹ ਨਾਲ ਹੀ ਦਵਾਈ ਪਾਉਣੀ ਚਾਹੀਦੀ ਹੈ। ਖਾਣ ਵਿੱਚ ਰਸੇ ਵਾਲੇ ਫ਼ਲ ਅਤੇ ਹਰੀਆਂ ਸਬਜ਼ੀਆਂ ਜ਼ਿਆਦਾ ਖਾਓ।ਪਾਣੀ ਜ਼ਿਆਦਾ ਪੀਉ।

**? ਸਾਡੇ ਭਾਈਚਾਰੇ ਵਿੱਚ ਕਾਲੀਆਂ ਐਨਕਾਂ ਨੂੰ ਸ਼ੌਕੀਨੀ ਦਾ ਅੰਗ ਮੰਨਿਆ ਜਾਂਦਾ ਹੈ। ਬਹੁਤ ਸਾਰੇ ਲੋਕ ਦੂਜਿਆਂ ਨੂੰ ਮਖੌਲ ਕਰਦੇ ਕਿ ਇਹ ਤਾਂ ਹੁਣ ਸ਼ੌਕੀਨ ਹੋ ਗਿਐ। ਬਹੁਤ ਸਾਰੇ ਲੋਕ ਇਸ ਮਖੌਲ ਤੋਂ ਯਕਦੇ ਡਾਰਕ ਸ਼ੀਸ਼ੇ ਦੀ ਐਨਕ ਨਹੀਂ ਲਾਉਂਦੇ, ਜਦੋਂ ਕਿ ਤੇਜ਼ ਧੁੱਪ ਜਾਂ ਸਨ੍ਹੋ ਦੀ ਚਮਕ ਵਿੱਚ ਡਾਰਕ ਸ਼ੀਸ਼ੇ ਦੀ ਐਨਕ ਲਾਉਣ ਨਾਲ ਤੁਹਾਡੀਆਂ ਅੱਖਾਂ ਸੁਰਖ਼ਿਅਤ ਰਹਿੰਦੀਆਂ ਹਨ। ਇਹਦੇ ਬਾਰੇ ਤੁਹਾਡੇ ਕੀ ਵਿਚਾਰ ਹਨ?**

: ਅੱਖਾਂ ਦੀ ਸੰਭਾਲ ਵਾਸਤੇ ਕਾਲੀਆਂ ਐਨਕਾਂ ਜਾਂ ਡਾਰਕ ਸ਼ੀਸ਼ੇ ਬਹੁਤ ਜ਼ਰੂਰੀ ਹਨ। ਇਸ ਵਿਚ ਯਕਣ ਦੀ ਕੋਈ ਜ਼ਰੂਰਤ ਨਹੀਂ। ਜੇਕਰ ਕੋਈ ਪੁੱਛਦਾ ਹੈ ਤਾਂ ਉਸਨੂੰ ਕਹੋ ਕਿ ਮੇਰੇ ਅੱਖਾਂ ਦੇ ਡਾਕਟਰ ਨੇ ਦੱਸਿਆ ਹੈ।

**? ਬੈਂਸ ਸਾਹਿਬ ਕਈ ਵਾਰ ਸਾਨੂੰ ਬਰੀਕ ਅੱਖਰ ਪੜ੍ਹਨ ਦੀ ਪ੍ਰੋਬਲਮ ਆਉਂਦੀ ਹੈ ਅਸੀਂ ਕਿਸੇ ਸਟੋਰ ਵਿੱਚ ਜਾਂਦੇ ਹਾਂ, ਉਥੋਂ ਠੀਕ ਪੜ੍ਹਨ ਵਾਲੀਆਂ ਐਨਕਾਂ ਪੰਜ ਸੱਤ ਡਾਲਰ ਵਿੱਚ ਲੈ ਕੇ ਆਪਣਾ ਕੰਮ ਸਾਰ ਲੈਂਦੇ ਹਾਂ। ਕੀ ਇਸ ਤਰ੍ਹਾਂ ਐਨਕ ਲਾਉਣ ਨਾਲ ਵੀ ਕੋਈ ਨੁਕਸਾਨ ਸਾਡੀਆਂ ਅੱਖਾਂ ਨੂੰ ਹੋ ਸਕਦੈ?**

: ਨਿਗ੍ਹਾ ਦੀਆਂ ਐਨਕਾਂ ਅੱਖਾਂ ਦੇ ਡਾਕਟਰ ਤੋਂ ਚੈੱਕ ਕਰਵਾ ਕੇ ਹੀ ਲਗਾਉਣੀਆਂ ਚਾਹੀਦੀਆਂ ਹਨ। ਗ਼ਲਤ ਐਨਕਾਂ ਨਹੀਂ ਲਾਉਣੀਆਂ ਚਾਹੀਦੀਆਂ ਜਿਨ੍ਹਾਂ ਨਾਲ ਅੱਖਾਂ ਤੇ ਬੁਰਾ ਅਸਰ ਹੋ ਸਕਦਾ ਹੈ।

**?ਖਾਣ ਪੀਣ ਦਾ ਵੀ ਅਸਰ ਅੱਖਾਂ ਤੇ ਪੈਂਦਾ? ਜਿਵੇਂ ਡਾ. ਤੁਹਾਨੂੰ ਚੰਗੀ ਸੇਹਿਤ ਲਈ ਸੰਤੁਲਤ ਭੋਜਨ ਦੀ ਗੱਲ ਕਰਦੇ ਹਨ ਇਵੇਂ ਅੱਖਾਂ ਲਈ ਵੀ ਸੀ-ਫੂਡ, ਆਡੇ ਅਤੇ ਵਿਟਾਮਨ ਬੀ 12, ਵਿਟਾਮਨ ਸੀ, ਵਿਟਾਮਨ ਏ, ਵਿਟਾਮਨ ਈ ਵਗੈਰਾ ਦੀ ਸ਼ਿਫਾਰਸ਼ ਤੁਸੀਂ ਕਰਦੇ ਹੋ? ਜਿਹੜੇ ਲੋਕ ਵੈਸ਼ਨੂੰ ਹਨ ਇਹ ਸਾਰੀਆ ਚੀਜ਼ਾਂ ਕਿਹੜੇ ਫੂਡ 'ਚੋ ਲੈਣ?**

: ਜੀ ਹਾਂ, ਅਸੀਂ ਵੀ ਅੱਖਾਂ ਦੀ ਚੰਗੀ ਸਿਹਤ ਵਾਸਤੇ ਪੌਸ਼ਟਿਕ ਅਤੇ ਸੰਤੁਲਤ ਭੋਜਨ ਖਾਣ ਲਈ ਕਹਿੰਦੇ ਹਾਂ। ਦੁੱਧ ਵਿੱਚ ਤਕਰੀਬਨ ਹਰ ਪੌਸ਼ਟਿਕ ਤੱਤ ਮੌਜੂਦ ਹੈ। ਵੈਸ਼ਨੂੰ ਲੋਕਾਂ ਲਈ ਦੁੱਧ, ਦਾਲਾਂ, ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

**? ਡਾ. ਸਾਹਿਬ ਇਹ ਗੱਲ ਵੀ ਸੁਣਨ ਵਿੱਚ ਆਈ ਹੈ ਕਿ ਜਿਨ੍ਹਾਂ ਲੋਕਾਂ ਨੂੰ ਸ਼ੁਗਰ ਦੀ ਪ੍ਰੋਬਲਮ ਹੈ ਉਹਨਾਂ ਨੂੰ ਅੱਖਾਂ ਦੀ ਸੰਭਾਲ ਦੀ ਦੂਜੇ ਲੋਕਾਂ ਨਾਲੋਂ ਜ਼ਿਆਦਾ ਹੈ। ਇਹਦੇ ਬਾਰੇ ਥੋੜਾ ਚਾਨਣਾ ਪਾਉ?**

: ਸ਼ੁਗਰ ਦਾ ਗੁਰਦਿਆਂ, ਅੱਖਾਂ, ਸਾਡੀਆਂ ਲੱਤਾਂ ਤੇ ਬਾਹਾਂ ਦੀਆਂ ਨਰਬਜ਼ ਉਪਰ ਬਹੁਤ ਅਸਰ ਪੈਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਅੰਨ੍ਹੇਪਣ ਦੇ ਕਾਰਨਾਂ ਵਿੱਚੋਂ ਨੰਬਰ ਇੱਕ ਕਾਰਨ ਸ਼ੁਗਰ ਹੈ। ਇਸ ਕਰਕੇ ਸ਼ੁਗਰ ਦੇ ਮਰੀਜ਼ਾਂ ਨੂੰ ਹਰ ਸਾਲ (ਜਾਂ ਇਸ ਤੋਂ ਵੀ ਪਹਿਲਾਂ) ਅੱਖਾਂ ਦੇ ਡਾਕਟਰ ਤੋਂ ਚੈੱਕ ਕਰਵਾਉਣਾ ਬਹੁਤ ਜ਼ਰੂਰੀ ਹੈ।

**?ਬੈਂਸ ਸਾਹਿਬ, ਗੁਲਕੋਮਾਂ, ਕੈਟਾਰੈਕਟ (ਚਿੱਟਾ ਮੋਤੀਆਂ, ਕਾਲਾ ਮੋਤੀਆ) ਕੀ ਹੁੰਦਾ? ਬਹੁਤ ਸਾਰੇ ਲੋਕ ਇਹਨਾਂ ਦਾ ਨਾਂ ਸੁਣਦਿਆਂ ਹੀ ਬਹੁਤ ਘਬਰਾ ਜਾਂਦੇ ਹਨ। ਅੱਖਾਂ ਦੀ ਇਸ ਬੀਮਾਰੀ ਦਾ ਕਿਸ ਤਰ੍ਹਾਂ ਖ਼ਿਆਲ ਰੱਖਿਆ ਜਾਵੇ? ਕੀ ਇਨ੍ਹਾਂ ਦਾ ਇਲਾਜ ਹੋ ਸਕਦੈ? ਸਾਨੂੰ ਕਦੋਂ ਤੇ ਕਿਵੇਂ ਪਤਾ ਲੱਗੇ ਕਿ ਸਰਜਰੀ ਦੀ ਲੋੜ ਹੈ?**

: ਚਿੱਟਾ ਮੋਤੀਆ (ਕੈਟਾਰੈਕਟ) ਉਮਰ ਦੇ ਨਾਲ ਆਉਂਦਾ ਹੈ ਅਤੇ ਜਿਨ੍ਹਾਂ ਲੋਕਾਂ ਨੂੰ ਡਾਇਬੀਟੀਜ਼ ਹੈ ਅਤੇ ਜੋ ਵਿਅਕਤੀ ਬਾਹਰ ਤੇਜ਼ ਰੌਸ਼ਨੀ ਵਿੱਚ ਕੰਮ ਕਰਦੇ ਹਨ, ਉਨ੍ਹਾਂ ਨੂੰ ਚਿੱਟਾ ਮੋਤੀਆ ਜਲਦੀ ਆ ਜਾਂਦਾ ਹੈ। ਇਹ ਸਾਡੀ ਅੱਖ ਦੇ ਲੈਨਜ਼ ਨੂੰ ਧੁੰਦਲਾ ਕਰ ਦਿੰਦਾ ਹੈ। ਇਸਦਾ ਇਲਾਜ਼ ਸਰਜਰੀ ਕਰਕੇ ਨਵਾਂ ਲੈਨਜ਼ ਪਾ ਕੇ ਕੀਤਾ ਜਾਂਦਾ ਹੈ। ਕਾਲਾ ਮੋਤੀਆ (ਗੁਲਕੋਮਾ) ਅੱਖ ਦੇ ਪਿਛੇ ਦਿਮਾਗ ਨਾਲ ਜੁੜੀ ਨਰਬ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਅੱਖਾਂ ਦਾ ਪਰੈਸ਼ਰ ਵੱਧ ਜਾਂਦਾ ਹੈ। ਇਸ ਨਾਲ ਨਿਗ੍ਹਾ ਜਾ ਸਕਦੀ ਹੈ। ਹਾਂ, ਇਸਦਾ ਇਲਾਜ਼ ਵੀ ਹੈ ਜਿਸ ਵਿੱਚ ਅੱਖ ਦਾ ਦਬਾਅ (ਪਰੈਸ਼ਰ) ਘਟਾਇਆ ਜਾਂਦਾ ਹੈ, ਭਾਵੇਂ ਕਿ ਇਸ ਵਕਤ ਇਸਦਾ ਪੱਕਾ ਇਲਾਜ਼ ਕੋਈ ਨਹੀਂ ਹੈ। ਇਸ ਕਰਕੇ ਕਾਲੇ ਮੋਤੀਏ ਨੂੰ ਨਿਯਮਤ ਤੌਰ ਤੇ ਚੈੱਕ ਕਰਵਾਉਣਾ ਬਹੁਤ ਜ਼ਰੂਰੀ ਹੈ।

**? ਡਾ. ਜਸਵਿੰਦਰ ਸਿੰਘ ਜੀ, ਤੁਸੀਂ ਆਪਣੇ ਭਾਈਚਾਰੇ ਲਈ ਤਾਂ ਅੱਖਾਂ ਚੈਕ ਕਰਨ ਦੇ ਕੈਂਪ ਹਰ ਸਾਲ ਲਾਉਂਦੇ ਹੋ ਜੋ ਕਿ ਬਹੁਤ ਵਧੀਆ ਉਪਰਾਲਾ ਹੈ। ਕੀ ਤੁਸੀਂ ਮੇਨ ਸਟਰੀਮ ਵਿੱਚ ਵੀ ਕਿਸੇ ਹੋਰ ਸੰਸਥਾ ਲਈ ਆਪਣਾ ਯੋਗਦਾਨ ਪਾਉਂਦੇ ਹੋ?**

: ਹਾਂ ਜੀ, ਆਪਣੇ ਭਾਈਚਾਰੇ ਤੋਂ ਬਿਨਾ ਮੇਨ ਸਟਰੀਮ ਵਿੱਚ ਅਸੀਂ ਚੈਰੀਟੇਬਲ ਸੰਸਥਾਵਾਂ ਵਾਸਤੇ ਦਾਨ ਇਕੱਠਾ ਕਰਦੇ ਹਾਂ। ਸੀਨੀਅਰ ਹੋਮਜ਼ ਵਿੱਚ ਵੀ ਕੈਂਪ ਲਗਾਉਂਦੇ ਹਾਂ।

**? ਡਾ. ਬੈਂਸ ਜੀ, ਤੁਸੀਂ ਪੱਗ ਬੰਨ ਕੇ ਇੰਡੀਆ ਤੋਂ ਬਾਹਰ, ਅਮਰੀਕਾ ਕੈਨੇਡਾ ਵਿਚਲੀਆਂ ਯੂਨੀਵਰਸਿਟੀਆਂ ਵਿੱਚ ਉਸ ਸਮੇਂ ਆਪਣੀ ਵਿੱਦਿਆ ਲਈ ਜਦੋਂ ਸਿੱਖਾਂ ਬਾਰੇ ਲੋਕ ਬਹੁਤੀ ਜਾਣਕਾਰੀ ਨਹੀਂ ਸੀ ਰੱਖਦੇ ਅਤੇ ਉਸ ਤੋਂ ਬਾਅਦ ਹੁਣ ਪ੍ਰੈਕਟਿਸ ਵੀ ਕਰਦੇ ਹੋ ਤੁਹਾਡੇ ਕਲੀਨਿਕ ਤੇ ਪੰਜਾਬੀ ਭਾਈਚਾਰੇ ਤੋਂ ਇਲਾਵਾ ਹੋਰ ਕਮਿਊਨਿਟੀਆਂ ਦੇ ਲੋਕ ਵੀ ਆਉਂਦੇ ਹਨ। ਕਦੇ ਕੋਈ ਨਸਲੀ ਵਿਤਕਰੇ ਦਾ ਅਨੁਭਵ ਹੋਇਆ ਹੋਵੇ?**

: ਸਤਨਾਮ ਸਿੰਘ ਜੀ, ਮੇਰਾ ਅਨੁਭਵ ਇਹ ਹੈ ਕਿ ਇਹ ਸਿੱਖਾਂ ਬਾਰੇ ਪੂਰੀ ਜਾਣਕਾਰੀ ਨਾ ਹੋਣਾ ਹੈ। ਦੂਰੋਂ ਦੇਖਣ ਤੇ ਕਿਸੇ ਨੂੰ ਕੀ ਪਤਾ ਹੈ ਕਿ ਤੁਸੀਂ ਕਿਸ ਤੁਰ੍ਹਾਂ ਦੇ ਹੋ ਜਾਂ ਤੁਸੀਂ ਕੌਣ ਹੋ? ਅਮਰੀਕਾ ਵਿੱਚ ਜਦੋਂ 2001 ਵਿੱਚ 9/11 ਹੋਇਆ ਸੀ ਤਾਂ ਉਥੋਂ ਦੇ ਬਹੁਤ ਸਾਰੇ ਲੋਕ ਸਿੱਖਾਂ ਨੂੰ ਵੀ ਅਫ਼ਗਾਨਿਸਤਾਨੀ ਸਮਝਦੇ ਸਨ। ਉਦੋਂ ਮੈਨੂੰ ਵੀ ਕਿਸੇ ਗੋਰੇ ਵਿਅਕਤੀ ਨੇ ਬਿਨ ਲੈਦਿਨ ਕਹਿ ਕੇ ਬੁਲਾਇਆ ਸੀ। ਪਰ ਦੂਜੇ ਪਾਸੇ ਜਦੋਂ ਤੁਸੀਂ ਲੋਕਾਂ ਨਾਲ ਇੱਕ ਚੰਗੇ ਇਨਸਾਨ ਦੇ ਤੌਰ ਤੇ ਵਿਚਰਦੇ ਹੋ, ਚੰਗੀ ਸਰਵਿਸ ਦਿੰਦੇ ਹੋ ਤਾਂ ਸਾਨੂੰ ਇੱਥੇ ਸਨਮਾਨਿਤ ਵੀ ਕਰਦੇ ਹਨ। ਕੈਨੇਡਾ, ਅਮਰੀਕਾ ਵਿੱਚ ਪੱਗ ਵਾਲੇ ਬਹੁਤ ਸਾਰੇ ਡਾਕਟਰ ਅਤੇ ਹੋਰ ਉੱਚੇ ਅਹੁਦਿਆਂ ਵਾਲੇ ਸਿੱਖ ਵੀ ਕੰਮ ਕਰਦੇ ਹਨ, ਜਿਨ੍ਹਾਂ ਦੀ ਬਹੁਤ ਇੱਜ਼ਤ ਹੈ। ਮੇਰੇ ਖ਼ਿਆਲ ਨਾਲ ਸਾਨੂੰ ਵੀ ਚਾਹੀਦਾ ਹੈ ਕਿ ਅਸੀਂ ਆਪਣੇ ਬਾਰੇ ਦੂਜਿਆਂ ਲੋਕਾਂ ਨੂੰ ਵੱਧ ਤੋਂ ਵੱਧ ਐਜੂਕੇਟ ਕਰੀਏ ਅਤੇ ਮੇਨ ਸਟਰੀਮ ਨਾਲ ਰਲ ਮਿਲ ਕੇ ਕੰਮ ਕਰਨ ਦੀ ਕੋਸ਼ਿਸ਼ ਕਰੀਏ।

**? ਭਾਵੇਂ ਇਹ ਮੁਹਵਰਾ ਅਸੀਂ ਹਰ ਰੋਜ਼ ਸੁਣਦੇ ਹਾ ਕਿ 'ਦੰਦ ਗਏ ਸੁਆਦ ਗਿਆ, ਅੱਖਾਂ ਗਈਆਂ ਜਹਾਨ ਗਿਆ'। ਪਰ ਇਹਨਾਂ ਦੀ ਸਾਂਭ-ਸੰਭਾਲ ਬਾਰੇ ਕਈ ਵਾਰ ਬਹੁਤ ਹੀ ਅਵੇਸਲੇ ਰਹਿੰਦੇ ਹਾਂ। ਕੋਈ ਸੁਖ-ਸੁਨੇਹਾ ਅੱਖਾਂ ਦੀ ਸਾਂਭ ਸੰਭਾਲ ਬਾਰੇ ਆਪਣੇ ਭਾਈਚਾਰੇ ਨੂੰ ਦੇਣਾ ਚਾਹੋਗੇ?**

: ਭਾਵੇਂ ਸਾਡੇ ਸਰੀਰ ਦੇ ਸਾਰੇ ਅੰਗ ਬਹੁਤ ਹੀ ਜ਼ਰੂਰੀ ਹਨ, ਇਹ ਸਹੀ ਹੈ ਕਿ ਜਹਾਨ ਤਾਂ ਅਸੀਂ ਇਨ੍ਹਾਂ ਅੱਖਾਂ ਨਾਲ ਹੀ ਦੇਖਦੇ ਹਾਂ। ਇਸ ਲਈ ਇਨ੍ਹਾਂ ਅੱਖਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ। ਅੱਖਾਂ ਦੀ ਸੰਭਾਲ ਵਾਸਤੇ ਅੱਖਾਂ ਨੂੰ ਤੇਜ਼ ਰੌਸ਼ਨੀ ਤੋਂ ਬਚਾਓ ਅਤੇ ਖਾਣੇ ਵਿੱਚ ਹਰੀਆਂ ਸਬਜ਼ੀਆਂ ਦੀ ਵਰਤੋਂ ਜ਼ਰੂਰ ਕਰੋ।

**? ਡਾ. ਸਾਹਿਬ, ਨਵੇਂ ਨੌਜਵਾਨ ਬੱਚੇ ਜੋ ਇਸ ਫੀਲਡ ਵਿੱਚ ਆਉਣਾ ਚਾਹੁੰਦੇ ਹੋਣ ਉਹਨਾਂ ਨੂੰ ਕੋਈ ਸਲਾਹ ਦੇਣੀ ਚਾਹੋਗੇ? ਕਈ ਵਾਰ ਉਹਨਾਂ ਦੀ ਦਿਲਚਸਪੀ ਤਾਂ ਕਿਸੇ ਖ਼ੇਤਰ ਵਿੱਚ ਹੁੰਦੀ ਹੈ ਪਰ ਉਹਨਾਂ ਨੂੰ ਗਾਈਡ ਕਰਨ ਵਾਲਾ ਕੋਈ ਹੁੰਦਾ ਨਹੀਂ, ਉਹ ਆਪਣਾ ਰਾਹ ਲੱਭਦੇ, ਬਹੁਤ ਸਾਰੀਆਂ ਡੰਡੀਆਂ ਗਾਹੁੰਦੇ, ਕਾਫੀ ਸਮਾਂ ਗੁਆ ਲੈਂਦੇ ਹਨ। ਉਹਨਾਂ ਨੂੰ ਕੋਈ ਸਲਾਹ-ਮਸ਼ਵਰਾ?**

: ਅਪਟੌਮੀਟਰੀ ਬਹੁਤ ਹੀ ਦਿਲਚਸਪ ਵਿਸ਼ਾ ਹੈ। ਸਾਨੂੰ ਫੈਮਲੀ ਡਾਕਟਰਾਂ ਅਤੇ ਦੰਦਾਂ ਦੇ ਡਾਕਟਰਾਂ ਤੋਂ ਇਲਾਵਾ ਅੱਖਾਂ ਦੇ ਡਾਕਟਰ ਵੀ ਚਾਹੀਦੇ ਹਨ। ਮੈਂ ਆਉਣ ਵਾਲੀ ਪੀੜ੍ਹੀ ਨੂੰ ਸਲਾਹ ਦੇਵਾਂਗਾ ਕਿ ਇਸ ਪਾਸੇ ਵੀ ਚੰਗੇ ਮੌਕੇ ਹਨ। ਜਿਸ ਕਿਸੇ ਨੂੰ ਵੀ ਇਸ ਪਾਸੇ ਦਿਲਚਪਸੀ ਹੋਵੇ ਤਾਂ ਮੈਨੂੰ ਮਿਲ ਸਕਦਾ ਹੈ। ਮੈਨੂੰ ਇਸ ਗੱਲ ਵਿੱਚ ਬਹੁਤ ਖੁਸ਼ੀ ਹੈ ਕਿ ਪਹਿਲਾਂ ਵੀ ਕੁੱਝ ਬੱਚਿਆਂ ਨੂੰ ਮੈਂ ਗਾਇਡ ਕੀਤਾ ਹੈ, ਜਿਨ੍ਹਾਂ ਵਿੱਚੋਂ ਸਾਡੇ ਆਪਣੇ ਭਾਈਚਾਰੇ ਦੇ ਬੱਚੇ ਵੀ ਔਪਟੌਮਿਟਰਸ ਬਣੇ ਹਨ।

**? ਤੁਹਾਡੇ ਇਸ ਖੇਤਰ ਵਿੱਚ ਨਵਾਂ ਕੀ ਹੋ ਰਿਹਾ?**

: ਅੱਖਾਂ ਦੇ ਖੇਤਰ ਵਿੱਚ ਅੱਜ ਕੱਲ੍ਹ ਇੱਕ 'ਬਾਓਨਿਕ ਆਈ' ਦੀ ਤਕਨੀਕ ਆਈ ਹੈ। ਇਸ ਨਾਲ ਜਿਹੜੇ ਵਿਅਕਤੀ ਬਿਲਕੁਲ ਦੇਖ ਨਹੀਂ ਸਕਦੇ ਉਨ੍ਹਾਂ ਵਾਸਤੇ ਇੱਕ ਆਸ ਦੀ ਕਿਰਨ ਨਜ਼ਰ ਆਈ ਹੈ। ਦੁਨੀਆਂ ਵਿੱਚ ਕੋਈ ਚਾਲੀ ਮਿਲਿਅਨ ਵਿਅਕਤੀ ਅੰਨ੍ਹੇਪਣ ਤੋਂ ਦੁਖੀ ਹਨ ਅਤੇ ਕੋਈ 124 ਮਿਲਿਅਨ ਲੋਕਾਂ ਨੂੰ ਘੱਟ ਦਿਸਦਾ ਹੈ।

ਇਸ ਨਵੀਂ ਤਕਨੀਕ ਵਿੱਚ ਐਨਕਾਂ ਦੇ ਉਪਰ ਇੱਕ ਕੈਮਰਾ ਫਿੱਟ ਕੀਤਾ ਜਾਂਦਾ ਹੈ ਅਤੇ ਪਿੱਛੇ ਰੈਟੀਨਾ ਉਪਰ ਇਲੈਕਟਰੋਡ ਲਗਾਏ ਜਾਂਦੇ ਹਨ। ਕੈਮਰੇ ਨਾਲ ਜੋ ਵੀ ਦਿਸਦਾ ਹੈ ਉਸ ਨਾਲ ਇਲੈਕਟਰੋਡ ਹਰਕਤ ਵਿੱਚ ਆਉਂਦੇ ਹਨ ਜੋ ਕਿ ਦਿਮਾਗ ਨੂੰ ਸਿਗਨਲ ਭੇਜਦੇ ਹਨ। ਇਸ ਨਾਲ ਦਿਮਾਗ ਨੂੰ ਪਤਾ ਲੱਗਦਾ ਹੈ ਕਿ ਕੀ ਸਿਗਨਲ ਕੀ ਦੱਸਦੇ ਹਨ। ਇਸ ਤਕਨੀਕ ਉਪਰ ਹਾਲੇ ਹੋਰ ਕੰਮ ਕਰਨ ਦੀ ਜ਼ਰੂਰਤ ਹੈ।

**? ਡਾ. ਕੋਈ ਅਜਿਹੀ ਗੱਲ ਜੋ ਮੈਂ ਨਾ ਪੁੱਛ ਸਕਿਆ ਹੋਵਾਂ ਜੋ ਤੁਸੀਂ ਸਮਝਦੇ ਹੋਵੋ ਕਿ ਦੱਸਣੀ ਜ਼ਰੂਰੀ ਹੈ ਜਾਂ ਤੁਸੀਂ ਆਪਣੇ ਤੌਰ ਤੇ ਕੋਈ ਗੱਲ ਦੱਸਣੀ ਚਾਹੁੰਦੇ ਹੋਵੋ?**

: ਹਾਂ ਸਤਨਾਮ ਜੀ, ਮੈ ਦੱਸਣਾ ਚਾਹਾਂਗਾ ਕਿ ਅੱਜ ਕੱਲ੍ਹ ਨਵੀਂ ਤਕਨੌਲੌਜੀ ਨਾਲ ਸਾਡੇ ਬੱਚੇ ਸੈੱਲ਼ ਫੋਨਾਂ ਅਤੇ ਟੈਬਲਟਾਂ ਉਪਰ ਬਹੁਤ ਸਮਾਂ ਗੁਜ਼ਾਰਦੇ ਹਨ ਜਿਸਦਾ ਅੱਖਾਂ ਉਪਰ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਚੀਜ਼ਾ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ। ਖ਼ਾਸ ਕਰਕੇ ਨੀਲੇ ਰੰਗ ਦੀ ਅਤੇ ਤੇਜ਼ ਰੌਸ਼ਨੀ ਤੋਂ ਬਚਿਆ ਜਾਵੇ। ਧੁੱਪ ਦੀਆਂ ਐਨਕਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਅੱਖਾਂ ਦੀ ਜਾਂਚ ਅੱਖਾਂ ਦੇ ਡਾਕਟਰ ਤੋਂ ਸਮੇਂ ਸਮੇਂ ਕਰਵਾਉਣੀ ਬਹੁਤ ਜ਼ਰੂਰੀ ਹੈ ਤਾਂ ਸਮੇਂ ਸਿਰ ਇਲਾਜ ਕੀਤਾ ਕਰਾਇਆ ਜਾ ਸਕੇ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1



# ਗੋਲਡੀ ਬਰਾੜ

## ਰੈੱਡ ਕਾਰਨਰ ਨੋਟਿਸ ਅਤੇ ਹਵਾਲਗੀ ਕੀ ਹੁੰਦੀ ਹੈ ਤੇ ਕੀ ਹੈ ਇਸ ਦੀ ਪ੍ਰਕਿਰਿਆ



ਧੰਨਵਾਦ ਸਹਿਤ ਬੀਬੀਸੀ



ਸਿੱਧੂ ਮੂਸੇਵਾਲਾ ਦੇ ਕਤਲ ਦੀ ਕਥਿਤ ਤੌਰ 'ਤੇ ਜ਼ਿੰਮੇਵਾਰੀ ਲੈਣ ਵਾਲੇ ਗੋਲਡੀ ਬਰਾੜ ਖ਼ਿਲਾਫ਼ ਕੌਮਾਂਤਰੀ ਏਜੰਸੀ ਇੰਟਰਪੋਲ ਨੇ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਸੀ।

ਹਾਲਾਂਕਿ, ਇਹ ਨੋਟਿਸ ਸਿੱਧੂ ਮੂਸੇਵਾਲਾ ਕੇਸ ਵਿੱਚ ਨਹੀਂ ਸਗੋਂ ਦੋ ਪੁਰਾਣੇ ਮਾਮਲਿਆਂ ਵਿੱਚ ਜਾਰੀ ਕੀਤਾ ਗਿਆ ਸੀ।

ਪੰਜਾਬ ਪੁਲਿਸ ਵੱਲੋਂ ਸੀਬੀਆਈ ਨੂੰ ਇਹ ਨੋਟਿਸ ਜਾਰੀ ਕਰਨ ਲਈ ਗੁਜ਼ਾਰਿਸ਼ ਕੀਤੀ ਗਈ ਸੀ।

ਰੈੱਡ ਕਾਰਨਰ ਨੋਟਿਸ ਵਿੱਚ ਦੱਸਿਆ ਗਿਆ ਹੈ ਕਿ 28 ਸਾਲਾ ਗੋਲਡੀ ਬਰਾੜ ਦਾ ਜਨਮ 11 ਮਾਰਚ, 1994 ਨੂੰ ਮੁਕਤਸਰ ਸਾਹਿਬ ਵਿੱਚ ਹੋਇਆ। ਉਹ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਪੜ੍ਹ ਲੈਂਦੇ ਹਨ।

ਨੋਟਿਸ ਵਿੱਚ ਕਿਹਾ ਗਿਆ ਹੈ ਕਿ ਗੋਲਡੀ ਬਰਾੜ ਖਿਲਾਫ ਕਤਲ, ਸਾਜ਼ਿਸ਼ ਕਰਨ ਤੇ ਗੈਰ-ਕਾਨੂੰਨੀ ਹਥਿਆਰ ਸਪਲਾਈ ਕਰਨ ਦੇ ਇਲਜ਼ਾਮ ਹਨ।

ਇਸ ਤੋਂ ਇਲਾਵਾ ਪੰਜਾਬ ਤੇ ਮਹਾਰਾਸ਼ਟਰ ਸਣੇ ਕਈ ਸੂਬਿਆਂ ਵਿੱਚ ਲੋੜੀਂਦੇ ਹਰਵਿੰਦਰ ਸਿੰਘ ਰਿੰਦਾ ਖ਼ਿਲਾਫ਼ ਵੀ ਰੈੱਡ ਕਾਰਨਰ ਨੋਟਿਸ ਜਾਰੀ ਹੋਇਆ ਸੀ। ਹਰਵਿੰਦਰ ਸਿੰਘ ਰਿੰਦਾ ਖਿਲਾਫ਼ ਇਹ ਨੋਟਿਸ ਪੰਜਾਬ ਵਿੱਚ ਵਾਪਰੀਆਂ ਵੱਖ-ਵੱਖ ਅੱਤਵਾਦੀ ਘਟਨਾਵਾਂ ਵਿੱਚ ਰਿੰਦਾ ਦੀ ਕਥਿਤ ਭੂਮਿਕਾ ਕਾਰਨ ਜਾਰੀ ਹੋਇਆ।

ਰੈੱਡ ਕਾਰਨਰ ਨੋਟਿਸ ਤਹਿਤ ਜੇਕਰ ਗ੍ਰਿਫ਼ਤਾਰੀ ਹੋ ਜਾਂਦੀ ਹੈ, ਤਾਂ ਭਾਰਤ ਸਰਕਾਰ ਨੂੰ ਇਨ੍ਹਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਹਵਾਲਗੀ ਦੀ ਪ੍ਰਕਿਰਿਆ ਦਾ ਪਾਲਣ ਕਰਕੇ ਉਨ੍ਹਾਂ ਨੂੰ ਭਾਰਤ ਲਿਆਉਣਾ ਪਵੇਗਾ।

ਸਿੱਧੂ ਮੂਸੇਵਾਲਾ ਪੰਜਾਬੀ ਦੇ ਕੌਮਾਂਤਰੀ ਪੱਧਰ ਦੇ ਪੌਪ ਸਟਾਰ ਸਨ। 29 ਮਈ 2022 ਨੂੰ ਉਨ੍ਹਾਂ ਦਾ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿੱਚ ਕੁਝ ਹਮਲਾਵਰਾਂ ਵੱਲੋਂ ਆਧੁਨਿਕ ਹਥਿਆਰਾਂ ਨਾਲ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

ਸਿੱਧੂ ਮੂਸੇਵਾਲਾ ਜਿੰਨੇ ਮਸ਼ਹੂਰ ਸਨ ਉਨੇ ਹੀ ਆਪਣੀ ਗਾਇਕੀ ਅਤੇ ਬਿਆਨਾਂ ਕਾਰਨ ਵਿਵਾਦਾਂ ਵਿੱਚ ਵੀ ਘਿਰੇ ਰਹਿੰਦੇ ਸਨ।

ਮੂਸੇਵਾਲਾ ਦੇ ਕਤਲ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਐਸਆਈਟੀ ਬਣਾਈ ਗਈ ਹੈ। ਪੁਲਿਸ ਨੇ ਇਸ ਕੇਸ ਵਿੱਚ 8 ਗ੍ਰਿਫ਼ਤਾਰੀਆਂ ਕੀਤੀਆਂ ਹਨ।

ਪੰਜਾਬ ਪੁਲਿਸ ਨੇ ਉਨ੍ਹਾਂ ਦੇ ਦਿਨ-ਦਿਹਾੜੇ ਕਤਲ ਨੂੰ ਗੈਂਗਵਾਰ ਨਾਲ ਜੋੜਿਆ ਹੈ।

ਕਬੱਡੀ ਖਿਡਾਰੀ ਨੰਗਲ ਅੰਬੀਆਂ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਘਟਨਾਵਾਂ ਨੇ ਪੰਜਾਬ ਦੇ ਸਮੁੱਚੇ ਮਾਹੌਲ ਨੂੰ ਗਮਗੀਨ ਕੀਤਾ ਹੈ।

**ਰੈੱਡ ਕਾਰਨਰ ਨੋਟਿਸ ਨੂੰ ਅਧਿਕਾਰਤ ਭਾਸ਼ਾ ਵਿੱਚ ਰੈੱਡ ਨੋਟਿਸ ਕਿਹਾ ਜਾਂਦਾ ਹੈ, ਜੇਕਰ ਕੋਈ ਮੁਜਰਮ ਪੁਲਿਸ ਅਤੇ ਜਾਂਚ ਏਜੰਸੀਆਂ ਤੋਂ ਬਚਣ ਲਈ ਦੂਜੇ ਮੁਲਕ ਵਿੱਚ ਭੱਜ ਜਾਂਦਾ ਹੈ ਤਾਂ ਰੈੱਡ ਕਾਰਨਰ ਨੋਟਿਸ ਅਜਿਹੇ ਮੁਲਜ਼ਮਾਂ ਬਾਰੇ ਦੁਨੀਆਂ ਭਰ ਦੀ ਪੁਲਿਸ ਨੂੰ ਸੁਚੇਤ ਕਰਦਾ ਹੈ।**

### ਰੈੱਡ ਕਾਰਨਰ ਨੋਟਿਸ ਕੀ ਹੁੰਦਾ ਹੈ?

ਰੈੱਡ ਕਾਰਨਰ ਨੋਟਿਸ ਨੂੰ ਅਧਿਕਾਰਤ ਭਾਸ਼ਾ ਵਿੱਚ ਰੈੱਡ ਨੋਟਿਸ ਕਿਹਾ ਜਾਂਦਾ ਹੈ, ਜੇਕਰ ਕੋਈ ਮੁਜਰਮ ਪੁਲਿਸ ਅਤੇ ਜਾਂਚ ਏਜੰਸੀਆਂ ਤੋਂ ਬਚਣ ਲਈ ਦੂਜੇ ਮੁਲਕ ਵਿੱਚ ਭੱਜ ਜਾਂਦਾ ਹੈ ਤਾਂ ਰੈੱਡ ਕਾਰਨਰ ਨੋਟਿਸ ਅਜਿਹੇ ਮੁਲਜ਼ਮਾਂ ਬਾਰੇ ਦੁਨੀਆਂ ਭਰ ਦੀ ਪੁਲਿਸ ਨੂੰ ਸੁਚੇਤ ਕਰਦਾ ਹੈ।

ਇਹ ਨੋਟਿਸ ਸਰੰਡਰ ਕਰਨ, ਹਵਾਲਗੀ, ਗ੍ਰਿਫ਼ਤਾਰੀ ਲਈ ਜਾਂ ਫਿਰ ਕਿਸੇ ਤਰ੍ਹਾਂ ਦੀ ਕਾਨੂੰਨ ਕਾਰਵਾਈ ਕਰਨ ਲਈ ਜਾਰੀ ਹੁੰਦਾ ਹੈ। ਇਸ ਨੋਟਿਸ ਨੂੰ ਕੌਮਾਂਤਰੀ ਏਜੰਸੀ ਇੰਟਰਪੋਲ ਵੱਲੋਂ ਜਾਰੀ ਕੀਤਾ ਜਾਂਦਾ ਹੈ।

ਜਦੋਂ ਇੰਟਰਪੋਲ ਦੀ ਮਦਦ ਨਾਲ ਕਿਸੇ ਵੀ ਦੇਸ ਦੀ ਪੁਲਿਸ ਅਜਿਹੇ ਵਿਅਕਤੀ ਨੂੰ ਫੜ ਲੈਂਦੀ ਹੈ ਤਾਂ ਜਿਸ ਦੇਸ ਵਿੱਚ ਉਹ ਮੁਲਜ਼ਮ ਲੋੜੀਂਦਾ ਹੈ ਉਸ ਦੇਸ ਨੂੰ ਹਵਾਲਗੀ ਲੈਣ ਲਈ ਪ੍ਰਕਿਰਿਆ ਦਾ ਪਾਲਣ ਕਰਨਾ ਪੈਂਦਾ ਹੈ।

ਹਵਾਲਗੀ ਕੀ ਹੈ?

ਸੁਪਰੀਮ ਕੋਰਟ ਵੱਲੋਂ ਤੈਅ ਕੀਤੀ ਗਈ ਪਰਿਭਾਸ਼ਾ ਮੁਤਾਬਕ ਹਵਾਲਗੀ ਉਹ ਪ੍ਰਕਿਰਿਆ ਹੈ ਜਿਸ ਵਿੱਚ ਇੱਕ ਮੁਲਕ ਵੱਲੋਂ ਦੂਜੇ ਮੁਲਕ ਤੋਂ ਇੱਕ ਅਜਿਹੇ ਸ਼ਖ਼ਸ ਨੂੰ ਹਵਾਲੇ ਕਰਨ ਦੀ ਗੁਜਾਰਿਸ਼ ਕੀਤੀ ਜਾਂਦੀ ਹੈ, ਜਿਸ ਨੂੰ ਸਬੰਧਤ ਦੇਸ਼ ਦੀਆਂ ਅਦਾਲਤਾਂ ਵਿੱਚ ਦੋਸ਼ੀ ਠਹਿਰਾਇਆ ਗਿਆ ਹੋਵੇ।

### ਕਿਨ੍ਹਾਂ ਦੀ ਹਵਾਲਗੀ ਕੀਤੀ ਜਾ ਸਕਦੀ ਹੈ

ਉਹ ਲੋਕ, ਜੋ ਕਿਸੇ ਜੁਰਮ ਵਿੱਚ ਸ਼ਾਮਲ ਹੋਣ ਜਾਂ ਉਨ੍ਹਾਂ ਖ਼ਿਲਾਫ਼ ਕੋਈ ਗੰਭੀਰ ਜੁਰਮ ਦਾ ਇਲਜ਼ਾਮ ਲੱਗਣ ਤੋਂ ਬਾਅਦ ਅਦਾਲਤੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੋਵੇ ਅਤੇ ਜਾਂ ਫਿਰ ਉਨ੍ਹਾਂ ਨੂੰ ਜੋ ਪੁਲਿਸ ਜਾਂ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਗਿਆ ਹੋਵੇ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਇੱਕ ਦੇਸ ਹਵਾਲਗੀ ਉਦੋਂ ਹੀ ਦੇਵੇਗਾ ਜੇ ਸਬੰਧਤ ਮੁਲਜ਼ਮ ਵੱਲੋਂ ਕੀਤੇ ਗਏ ਅਪਰਾਧ, ਉਸ ਦੇ ਦੇਸ ਵਿੱਚ ਵੀ ਅਪਰਾਧ ਮੰਨੇ ਜਾਂਦੇ ਹੋਣ।

### ਹਵਾਲਗੀ ਦਾ ਅਧਿਕਾਰ ਕਿਸ ਦੇ ਕੋਲ ਹੈ

ਹਵਾਲਗੀ ਲੈਣ ਦੇ ਮਾਮਲੇ ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਕੋਲ ਅਧਿਕਾਰ ਹੁੰਦੇ ਹਨ।

ਲਾਅ ਇਨਫੋਰਸਮੈਂਟ ਏਜੰਸੀ ਵੱਲੋਂ ਹਵਾਲਗੀ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ।

ਆਮ ਤੌਰ 'ਤੇ ਉਨ੍ਹਾਂ ਕੇਸਾਂ ਵਿੱਚ ਜਿੱਥੇ ਕਿਸੇ ਸੂਬੇ ਦੀ ਪੁਲਿਸ ਨੂੰ ਹਵਾਲਗੀ ਦੀ ਲੋੜ ਹੋਵੇ ਤਾਂ ਉਹ ਸੀਬੀਆਈ ਨੂੰ ਇਸ ਲਈ ਗੁਜਾਰਿਸ਼ ਕਰਦੇ ਹਨ।

ਉਹ ਏਜੰਸੀ ਅੱਗੇ ਸਬੰਧਤ ਮੁਲਕ ਦੇ ਨਾਲ ਰਾਬਤਾ ਕਾਇਮ ਕਰਕੇ ਪ੍ਰਕਿਰਿਆ ਪੂਰੀ ਕਰਦੀ ਹੈ। ਕੁਝ ਮਾਮਲਿਆਂ ਵਿੱਚ ਕੋਰਟ ਵੀ ਹਵਾਲਗੀ ਦੀ ਗੁਜ਼ਾਰਿਸ਼ ਕਰ ਸਕਦਾ ਹੈ।

ਹਵਾਲਗੀ ਕਿਸ ਕਾਨੂੰਨ ਤਹਿਤ ਆਉਂਦੀ ਹੈ ਤੇ ਇਸ ਲਈ ਕਿਹੜੇ ਦਸਤਾਵੇਜ਼ਾਂ ਦੀ ਲੋੜ ਹੁੰਦੀ ਹੈ

ਭਾਰਤ ਵਿੱਚ ਹਵਾਲਗੀ ਪ੍ਰਕਿਰਿਆ ਲਈ ਭਾਰਤੀ ਹਵਾਲਗੀ ਐਕਟ 1962 ਹੈ। ਇਸੇ ਕਾਨੂੰਨ ਤਹਿਤ ਪੂਰੀ ਪ੍ਰਕਿਰਿਆ ਚਲਾਈ ਜਾਂਦੀ ਹੈ।

ਹਵਾਲਗੀ ਦੀ ਅਰਜ਼ੀ ਇੱਕ ਐਫੀਡੇਵਿਟ ਫਾਰਮ ਰਾਹੀਂ ਪਾਈ ਜਾਂਦੀ ਹੈ, ਜਿਸ ਨੂੰ ਐੱਸਪੀ ਤੋਂ ਘੱਟ ਰੈਂਕ ਦਾ ਅਫ਼ਸਰ ਫਾਈਲ ਨਹੀਂ ਕਰ ਸਕਦਾ ਹੈ।

ਐਫੀਡੇਵਿਟ ਯਾਨਿ ਕਿ ਹਲਫ਼ੀਆ ਬਿਆਨ ਨੂੰ ਕੋਰਟ ਵਿੱਚ ਦਾਇਰ ਕੀਤਾ ਜਾਣਾ ਚਾਹੀਦਾ ਹੈ।

ਕਿਸੇ ਦੂਜੇ ਮੁਲਕ ਵਿੱਚ ਭਗੌੜੇ ਖ਼ਿਲਾਫ਼ ਕੇਸ ਨੂੰ ਸਾਬਿਤ ਕਰਨ ਲਈ, ਇਸ ਹਲਫ਼ੀਆ ਬਿਆਨ ਵਿੱਚ ਕੇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਇਸ ਦਸਤਾਵੇਜ਼ ਵਿੱਚ ਭਗੌੜੇ ਮੁਲਜ਼ਮ 'ਤੇ ਲੱਗੇ ਇਲਜ਼ਾਮ, ਚੰਗੀ ਤਰ੍ਹਾਂ ਤਸਦੀਕ ਕੀਤੇ ਸਬੂਤ ਅਤੇ ਪਛਾਣ ਸਬੰਧੀ ਕਾਗਜ਼ਾਦ ਨੱਥੀ ਹੋਣੇ ਚਾਹੀਦੇ ਹਨ।

### ਕਿਹੜੇ ਮੁਲਕਾਂ ਵਿੱਚੋਂ ਹਵਾਲਗੀ ਕੀਤੀ ਜਾ ਸਕਦੀ ਹੈ

ਮੌਜੂਦਾ ਸਮੇਂ ਵਿੱਚ ਭਾਰਤ ਦੀ ਕੈਨੇਡਾ, ਅਮਰੀਕਾ, ਯੂਕੇ, ਆਸਟੇਰਲੀਆ, ਅਫ਼ਗਾਨਿਸਤਾਨ ਅਤੇ ਯੂਕਰੇਨ ਸਮੇਤ 48 ਮੁਲਕਾਂ ਦੇ ਨਾਲ ਹਵਾਲਗੀ ਸੰਧੀ ਹੈ ਤੇ 11 ਦੇਸ਼ਾਂ ਦੇ ਨਾਲ ਹਵਾਲਗੀ ਸਮਝੌਤਾ ਹੈ।

ਮੌਤ ਦੀ ਸਜ਼ਾ ਅਤੇ ਹਵਾਲਗੀ


ਉਹ ਮਾਮਲਾ, ਜਿੱਥੇ ਦੋਸ਼ੀ ਨੂੰ ਮੌਤ ਦੀ ਸਜ਼ਾ ਮਿਲੀ ਹੈ ਤੇ ਹਵਾਲਗੀ ਦੀ ਗੁਜਾਰਿਸ਼ ਕਰਨ ਵਾਲੇ ਮੁਲਕ ਵਿੱਚ ਮੌਤ ਦੀ ਸਜ਼ਾ ਉੱਤੇ ਪਾਬੰਦੀ ਹੈ, ਤਾਂ ਉਸ ਮਾਮਲੇ ਵਿੱਚ ਮੌਤ ਦੀ ਸਜ਼ਾ ਲਾਗੂ ਨਹੀਂ ਹੋਵੇਗੀ, ਜੇਕਰ ਹੁੰਦੀ ਵੀ ਹੈ ਤਾਂ ਦਿੱਤੀ ਨਹੀਂ ਜਾ ਸਕੇਗੀ।

ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਮਾਮਲਾ ਧਾਰਾ 302 ਦਾ ਬਣਦਾ ਹੈ ਜਿਸ ਵਿੱਚ ਦੋਸ਼ੀ ਪਾਏ ਜਾਣ ਉੱਤੇ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਜੇ ਭਾਰਤ ਸਰਕਾਰ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਗੋਲਡੀ ਬਰਾੜ ਦੀ ਕੈਨੇਡਾ ਤੋਂ ਹਵਾਲਗੀ ਲੈਂਦੀ ਹੈ ਤਾਂ ਉੱਥੇ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਹੈ।

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
83 Martindale Blvd NE Calgary, AB T3J 3M7
P: 403-453-9000 / C:403-477-5142
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।





CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ!



# ਇੱਕ ਕੁੜੀ



ਰਸ਼ਪਿੰਦਰ ਸਰੋਏ
1 437- 981-9700

ਪਿੰਡ ਵਾਲੀ ਮਿੰਨੀ ਬੱਸ ਦੇ ਪਿੱਛੇ ਲਾਲ ਟੇਪ ਨਾਲ ਲਿਖਿਆ ਸੀ "ਬੇਟੀ ਬਚਾਓ"। ਸ਼ਾਇਦ ਇਸ ਤੋਂ ਪਿੱਛੇ ਵਾਲੀ ਲਾਇਨ "ਬੇਟੀ ਪੜਾਓ" ਕਿਸੇ ਨੇ ਖੁਰਚ ਖੁਰਚ ਕੇ ਲਾਹ ਸੁੱਟੀ ਸੀ ਸਿਰਫ ਇਹੀ ਲਾਇਨ ਰਹਿ ਗਈ ਸੀ "ਬੇਟੀ ਬਚਾਓ।"

ਬੱਸ ਦੇ ਸੈਲਫ ਨੇ ਮੇਰਾ ਧਿਆਨ ਤੋੜਿਆ ਤੇ ਮੈਂ ਭੱਜ ਕੇ ਬੱਸ ਵਿੱਚ ਜਾ ਬੈਠਾ। ਬੱਸ ਵਿੱਚ ਚੜਦੇ ਹੋਏ ਮੇਰੀ ਨਜਰ ਖਿੜਕੀ ਦੇ ਕੋਲ ਬੈਠੀ ਇੱਕ ਅੱਲੜ ਜਿਹੀ ਕੁੜੀ ਤੇ ਪਈ,ਜਿਹਦੇ ਨੈਣਾਂ ਚ ਸੱਜਰਾ ਜਿਹਾ ਪਾਣੀ ਛੱਲਾਂ ਮਾਰਦਾ। ਜੋ ਇੱਕ ਸਾਂਤ ਤੂਫਾਨ ਆਪਣੀ ਛਾਤੀ ਵਿੱਚ ਲਈ ਬੈਠੀ ਸੀ ਬਿਲਕੁਲ ਚੁੱਪ। ਉਹਦੇ ਬੁੱਕਲ ਵਿੱਚ ਉਸਦਾ ਬੱਚਾ ਸੀ। ਬੱਸ ਵਿੱਚ ਲੱਗਭੱਗ ਸਾਰੀਆਂ ਹੀ ਸਵਾਰੀਆਂ ਪਿੰਡਾਂ ਵਾਲੀਆਂ ਸੀ। ਇਹ ਮਿੰਨੀ ਬੱਸ ਇੱਕ ਸਕੂਲ ਵੈਨ ਵਾਂਗ ਲੱਗਦੀ। ਬੱਸ ਤੁਰ ਪਈ। ਸ਼ਹਿਰ ਦੇ ਬਾਈਪਾਸ ਹੁੰਦੀ ਬੱਸ ਪਿੰਡ ਵਾਲੀ ਕੱਚੀ ਪਹੀ ਤੇ ਜਾ ਚੜੀ। ਬੱਸ ਦੀ ਰਫਤਾਰ ਦਰਮਿਆਨੀ ਸੀ। ਖਿੜਕੀ ਵਿੱਚੋਂ ਹਰੇ ਹਰੇ ਖੇਤ, ਜਿੰਨਾਂ ਨੇ ਵਿੱਚ ਵਿੱਚ ਸਰੋਂ ਦੇ ਫੁੱਲਾਂ ਵਾਲੀ ਪੀਲੀ ਚੁੰਨੀ ਲ੍ਹੀ ਹੋਈ ਸੀ. ਕਿੱਕਲੀ ਪਾਉਣ ਲੱਗਦੇ। ਮੈਂ ਕੰਡੈਕਟਰ ਨੂੰ ਪੈਸੇ ਫੜਾਏ। "ਹਾਂ ਅੰਬੋ।" ਉਹ ਅਗਲੀ ਸਵਾਰੀ ਵੱਲ ਜਾ ਵਧਿਆ।

ਮੈਂ ਪੁੱਛਿਆ "ਟਿਕਟ?"

ਸਾਰੀਆਂ ਸਵਾਰੀਆਂ ਦੀਆਂ ਨਿਗਾਹਾਂ ਠੋਸ ਮੇਰੇ ਵੱਲ ਹੋ ਗਈਆਂ।

"ਟਿਕਟ ਨੀ ਹੁੰਦੀ ਏਸ ਬੱਸ ਚ ਭਰਾਵਾ।"

ਕੰਡੈਕਟਰ ਨੇਂ ਹਲਕੀ ਜਿਹੀ ਮੁਸਕੁਰਾਹਟ ਨਾਲ ਜਵਾਬ ਦਿੱਤਾ।

"ਕੱਲ ਨੂੰ ਦੇਊਗੀ ਵੇ।" ਆਪਣੇ ਹੀ ਖਿਆਲਾਂ ਵਿੱਚ ਉਲਝੀ ਹੋਈ ਅਗਲੀ ਸਵਾਰੀ ਨੇ ਕਿਹਾ।

ਉਹ ਇੱਕ ਬਿਰਧ ਬੁੜੀ ਸੀ। ਜਿਸਦਾ ਚਿਹਰਾ ਝੁਰੜੀਆਂ ਨੇ ਘੇਰਿਆ ਹੋਇਆ ਸੀ। ਕੰਡੈਕਟਰ ਬਿਨਾਂ ਕੁਝ ਕਹੇ ਅਗਲੀ ਸਵਾਰੀ ਵੱਲ ਹੋ ਗਿਆ। ਉਸ ਕੁੜੀ ਨਾਲ ਬੈਠੀ ਔਰਤ, ਬਿਰਧ ਬੁੜੀ ਵੱਲ ਘੁੰਮੀ।

"ਤਕੜੀਂ ਆਂ ਅੰਬੋ? ਮੱਥਾ ਟੇਕਦੀ ਆਂ।"

ਅੰਬੋ ਨੇ ਹੱਥ ਦੀ ਛੱਤ ਜੀ ਬਣਾ ਕੇ ਆਪਣੇ ਮੱਥੇ ਤੇ ਟਕਾਈ, ਤੇ ਕਨੱਖਾ ਜਿਹਾ ਝਾਕ ਕੇ ਉਸ ਔਰਤ ਦੀ ਸਿਆਣ ਕੱਢਣ ਲੱਗੀ। "ਹੈਂ? ਕਿਹੜੀ ਆ?

"ਨੀਂ, ਕਰਤਾਰੋ ਆ। ਬੰਦਰਾਂ ਕੀ।" ਨਾਲ ਹੀ ਬੈਠੀ ਦੂਜੀ ਬੇਬੇ ਨੇ ਉਸ ਔਰਤ ਨੂੰ ਪਛਾਣ ਲਿਆ।

"ਅੱਛਾ! ਜਣੋ ਅੰਬੋ ਦੇ ਦਿਮਾਗ ਵਿੱਚ ਕਰਤਾਰੋ ਦੇ ਨਕਸ਼ ਉਲੀਕੇ ਗਏ।

"ਹਾਂ! ਹਾਂ! ਭਾਈ ਸੂਤ ਆਂ।" ਅੰਬੋ ਨੇ ਹੱਥ ਨਾਲ ਅਸੀਸ ਦਿੰਦੇ ਆਖਿਆ।

"ਤੂੰ ਕਿਵੇਂ ਆ? ਸੱਚ ਲੇ ਆਈ ਗੁੱਡੀ ਨੂੰ?" ਅੰਬੋ ਨੇ ਕੋਲ ਹੋ ਕੇ ਪੁੱਛਿਆ।

"ਹਾਂ ਲੇ ਆਈ। ਆ ਦੇਖ ਨਾਲ ਤਾਂ ਬੈਠੀ ਆ ਮੇਰੇ।" ਕਰਤਾਰੋ ਨੇਂ ਉਸ ਕੁੜੀ ਵੱਲ ਇਸ਼ਾਰਾ ਕਰ ਕੇ ਆਖਿਆ।

"ਲੈ। ਦੱਸ! ਨੀਂ ਆ ਅੱਖਾਂ ਨੂੰ ਨੀਂ ਮੱਚਦਾ। ਦਿਸਦਾ ਕੁਸ।" ਹੋਰ ਭਾਈ ਗੁੱਡੀ ਠੀਕ ਆਂ। ਅੰਬੋ ਨੇ ਕੁੜੀ ਦਾ ਮੋਢਾ ਪਲੋਸ ਕੇ ਬੱਚੇ ਦੇ ਸਿਰ ਤੇ ਹੱਥ ਰੱਖਿਆ।

"ਹਾਂ ਬੇਬੇ। ਕੁੜੀ ਨੇ ਨਿਗਾਂਹ ਨਿਵਾਂ ਕੇ ਆਖਿਆ।"

"ਲਾਂਵੇਗੀ 2-4 ਦਿਨ???"

"ਹਾਂ ਬੇਬੇ" ਕੁੜੀ ਨੇ ਹਲਕੀ ਜਿਹੀ ਅਵਾਜ ਚ ਆਖਿਆ।

"ਇਹ ਗੁੱਡੀ ਕੋਲੇ ਕੀ ਜਵਾਕ ਆ? ਅੰਬੋ ਨੇਂ ਕਰਤਾਰੋ ਨੂੰ ਪੁੱਛਿਆ।

"ਕੁੜੀ ਆ! ਅੰਬੋ।" "ਚਲੋ! ਭਾਈ। ਉਹ ਆਵਦੇ ਕਰਮ ਲਖਾ ਕੇ ਆਈ ਆ। ਹੁਣ ਤਾਂ ਵਾਰੀ ਕੱਟੀ ਗਈ ਅੱਗੇ ਮੁੰਡਾ ਹੋਜੂ।" ਅੰਬੋ ਨੇ ਕਰਤਾਰੋ ਦਾ ਦਿਲ ਖੜਾਉਣ ਲਈ ਕਿਹਾ।

"ਨਾਂ ਅੰਬੋ ਕੀ ਕਰਾਉਣਾ ਮੁੰਡਿਆਂ ਤੋਂ ਇਹ ਕੁੜੀ ਹੀ ਵਾਧੂ ਆ। ਅੱਗੇ ਜਿੰਨਾਂ ਦੇ ਮੁੰਡੇ ਸੀ ਉਹਨਾਂ ਨੇਂ ਤਾਂ ਖਵਾ ਤੇ ਫੁਲਕੇ।"

ਕਰਤਾਰੋ ਦੇ ਬੋਲ ਸਾਰੀ ਬੱਸ ਨੂੰ ਸੁਣੇ। ਡਰਾਇਵਰ ਸੀਟ ਲਾਗੇ ਸੀਟ ਤੈ ਬੈਠੀਆਂ ਸਵਾਰੀਆਂ ਕਾਰਤਾਰੋ ਵੱਲ ਝਾਕੀਆਂ। ਬੱਸ ਵਿੱਚ ਪੂਰਨ ਸ਼ਾਂਤੀ ਸੀ। ਇਸ ਸ਼ਾਂਤ ਵਾਤਾਵਰਨ ਵਿੱਚ ਸਿਰਫ ਹਵਾ ਦੀ ਰਫਤਾਰ ਘੁਲੀ ਸੀ। ਜਿਹੜੀ ਸਵਾਰੀਆਂ ਨੂੰ ਇਕ ਸੁਰ ਬੈਠਣ ਦੀ ਲੋਰ ਦਿੰਦੀ। ਅੰਬੋ ਦੇ ਬੁੱਝੇ ਨੇਤਰਾਂ ਚ ਹੈਰਾਨੀ ਦੀ ਲੋਅ ਸੀ।

"ਤਿੰਨ ਲੱਖ ਰਪੀਆ ਲਾਇਆ ਤੀ! ਵਿਆਹ ਤੇ, ਲੋੜੇ ਦਾ ਸਮਾਨ ਦਿੱਤਾ। ਡੰਗਰ ਪਸੂ ਦਾ ਕਰਦੀ। ਕੱਪੜੇ ਸਿਆਂਉਦੀ ਮਸੀਨ ਤੇ। ਜੈ ਵੱਢੇ ਦੇਆਂ ਨੇਂ ਭੋਰਾ ਨੀ ਕਦਰ ਪਈ।" ਕਰਤਾਰੋ ਦੇ ਬੋਲਾਂ ਵਿੱਚ ਸ਼ਕਾਇਤ ਸੀ।

"ਲੈ! ਕਿਉਂ?

"ਕੀ ਦੱਸਾਂ ਨੀਂ! ਖੇਹ ਖਾਂਦਾ ਫਿਰਦਾ ਕਿਸੇ ਨਾਂ ਕਿਸੇ ਦੇ। ਸ਼ਰਮ ਤਾਂ ਭੋਰਾ ਨੀਂ। ਕੁਸ ਨੀਂ ਛੜਦਾ।

ਮੋਟਰ - ਸ਼ੈਂਕਲ ਮੰਗਿਆ ਤੀ ਉਹ ਦੇਤਾ। ਦੋ ਤੋਲੇ ਸਿਉਨਾ ਪਾਇਆ ਤੀ। ਵਿਆਹ ਤੋਂ ਮਗਰੋਂ ਇੱਕ ਵਾਰੀ ਨੀਂ ਕੁੜੀ ਦੇ ਪਾਇਆ ਦੇਖਿਆ। ਹਾਰ ਕੇ ਕੱਲ ਨਿਮੇੜ ਕੇ ਆਈ ਆਂ। ਪੰਚਾਇਤ ਗਈ ਤੀ ਸਾਰੀ, ਨਾਲ ਇਹਦਾ ਬਾਪੂ ਸੀ, ਉਧਰੋਂ ਉਹਨਾਂ ਦੀ ਪੰਚਾਇਤ ਸੀ ਕਹਿੰਦਾ 'ਰੱਖਦਾ ਨੀਂ ਮੈਂ ਤਾਂ। ਹੋਰ ਲਿਆਊ!

"ਜਾ ਲੇ ਆ ਕਹਿ। ਪਹਿਲਾਂ ਹੀ ਲੈ ਆਂਉਦਾ। ਸਾਡੀ ਕੁੜੀ ਦੀ ਜਿੰਦਗੀ ਕਿਉ ਖਰਾਬ ਕਰਦੈਂ। ਲੋਹੜਾ ਆ ਗਿਆ ਕੁੜੇ।" ਅੰਬੋ ਨੇਂ ਠੋਕਵਾਂ ਜਵਾਬ ਦਿੱਤਾ।

"ਨੀਂ ਇਹਦੀ ਸੱਸ ਨੀਂ ਬੋਲਦੀ ਕੁਸ ਮੁੰਡੇ ਨੂੰ?" ਦੂਜੀ ਬੇਬੇ ਨੇਂ ਹੈਰਾਨ ਹੋ ਕੇ ਪੁੱਛਿਆ।

"ਸੱਸ ਤਾਂ ਆਪ ਵੱਢਣਜੋਗੀ ਆ। ਆ ਕੁੜੀ ਦੇ ਹੋਏ ਬਾਅਦ ਰਾਮ ਨੀਂ ਕਰਨ ਦਿੱਤਾ ਜਵਾਕੜੀ ਨੂੰ, ਕਹਿੰਦੀ ਐਵੇ ਨਾਂ ਪਈ ਰਿਹਾ ਕਰ ਨੀਂ! ਕੰਮ ਕਰ। ਤੂੰ ਕਿਹੜਾ ਮੁੰਡਾ ਜੰਮਿਆ? ਲੈ ਦੱਸ।

"ਲੈ ਹਰਾਮਣ ਨੀਂ! ਅ ਕੇ ਤੂੰ ਵੀ ਹੋਈ ਸੀ ਕਿਸੇ ਦੇ ਮੱਚੜੀਏ!" ਅੰਬੋ ਦੇ ਬੋਲਾਂ ਵਿੱਚ ਗੁੱਸਾ ਭਖਿਆ।"

"ਜਦੋਂ ਇਹ ਹੋਣ ਆਲੀ ਤੀ ਕੁੜੀ!" ਕਰਤਾਰੋ ਨੇਂ ਆਪਣੀ ਦੋਤੀ ਵੱਲ ਸੈਨਤ ਕਰਕੇ ਆਖਿਆ, ਓਦੋਂ ਬਲਾਂਈ ਕੁੱਟਿਆ।

"ਬੂ..." ਦੂਜੀ ਬੇਬੇ ਕਰਤਾਰੋ ਦਾ ਦੁੱਖ ਸੁਣਦੀ ਗਈ।

"ਹੋਰ! ਕਹਿੰਦਾ ਦੋਵਾਂ ਨੂੰ ਮਾਰੂ। ਨਾਲੇ ਕੁੜੀ ਨੂੰ ਨਾਲੇ ਬੱਚੇ ਨੂੰ। ਰਾਤੋ ਰਾਤ ਗਵਾਂਢੀਆਂ ਨੇ ਕੰਧਾਂ ਟੱਪ ਟੱਪ ਕੇ ਛੜਾਈ। ਫੇਰ ਉਹਨਾਂ ਨੇ ਸਾਨੂੰ ਫੂਨ ਕੀਤਾ ਫੇਰ ਅਸੀਂ ਲੈ ਕੇ ਆਏ। ਹਾਲੇ ਇਹ ਕਹਿੰਦੀ ਬੀਬੀ ਮੇਰੇ ਬਾਈ ਗਿੰਦਰ ਨੂੰ ਨਾਂ ਦੱਸੀਂ। ਓ ਜੇ ਆਗਿਆ ਤੋੜ ਦੂ ਕੁਸ ਨਾਂ ਕੁਸ ਓਹਦਾ। ਐਂਵੇ ਪੜਾਈ ਖਰਾਬ ਹੋਜੂ ਓਹਦੀ। ਇਹਦਾ ਕੀ ਆ ਸੜੇ ਦਾ। ਕਹਿੰਦੀ ਸੀ ਏ ਬੀ ਪੜਨ ਨੂੰ, ਬੀ ਮੈਨੂੰ ਗਿੰਦਰ ਦੇ ਕਾਲਜ ਚ ਨਾਲੇ ਲਾ ਦੋ। ਮਖਾਂ ਨੀ ਭੈਣ ਬੱਸ ਬਾਰਾਂ ਕਰਲੀਆਂ। ਨੌਕਰੀਆਂ ਕਿਹੜਾ ਧਰੀਆਂ ਪਈਆਂ। ਟੈਮ ਮਾੜਾ। ਅੱਜਕੱਲ ਪੜੀਆਂ ਲਿਖੀਆਂ ਉੱਤੋ ਦੀ ਹੋਈਆਂ ਪਈਆਂ।

"ਨੀਂ ਵਧੀਆ ਤੀ। ਸਮਾ ਲਾ ਦਿੰਦੀ ਪੜ੍ਹਨ! ਹੋਰ ਲਾ ਦਿੰਦੀ ਪੜ੍ਹਨ। ਕੋਈ ਚੱਜ ਦਾ ਟੱਕਰ ਜਾਂਦਾ ਅਗਲਾ ਆਪੇ ਲਵਾ ਦਿੰਦਾ।" ਦੂਜੀ ਬੇਬੇ ਨੇਂ ਮੱਤ ਦਿੱਤੀ।

ਕੁੜੀ ਬਾਰੀ ਨਾਲ ਸਿਰ ਲਾ ਕੇ ਆਪਣੀ ਜਿੰਦਗੀ ਦੇ ਵਹਿਣਾਂ ਵਿੱਚ ਵਹਿ ਰਹੀ ਸੀ। ਇੰਝ ਲੱਗਦਾ ਇਹਨਾਂ ਸਾਰੇ ਜਖ਼ਮਾਂ, ਚੀਸਾਂ, ਦੁੱਖਾਂ ਦਾ ਜਹਿਰ ਉਹਨੇ ਪੀ ਲਿਆ ਜਿਸਦਾ ਦਰਦ ਉਹਦੇ ਧੁਰ ਅੰਦਰੋ ਉੱਠ ਕੇ ਉਸੇ ਵਿੱਚ ਸਮਾ ਜਾਂਦਾ। ਸਾਰੀਆਂ ਸਵਾਰੀਆਂ ਦੇ ਹਿਰਦੇ ਉਸ ਕੁੜੀ ਦੁੱਖ ਨਾਲ ਲਬਰੇਜ ਹੋ ਚੁੱਕ ਸਨ।

"ਕੀ ਕਰੀਏ ਬੱਸ ਅਕਲ ਤੇ ਪਰਦਾ ਪੈ ਗਿਆ ਸੀ। ਹੁਣ ਚੌਥੇ ਲੈ ਕੇ ਆਈ ਆਂ ਸਾਰੀ ਰਾਤ ਨੀਂ ਸੁੱਤੀ ਕਹਿੰਦੀ ਬੀਬੀ ਗੋਲੀ ਲਿਆ ਦੇ ਡਾਕਟਰ ਤੋਂ, ਢੂੰਹੀ ਦੁਖੀ ਜਾਂਦੀ ਆ। ਗੋਲੀ ਵੀ ਦਿੱਤੀ। ਹਾਰ ਕੇ ਮਹਾਂ ਲੈ ਮੈਂ ਲਤੜ ਦਿੰਨੀ ਆਂ ਪੋਲੀ ਪੋਲੀ ਜੀ, ਕੁੜਤੀ ਚੱਕ ਕੇ ਦੇਖੀ ਐਡੇ ਐਡੇ ਲੀਲ ਪਏ ਜਵਾਕੜੀ ਦੇ, ਫੇਰ ਦੱਸਿਆ ਇਹਨੇ, ਕਹਿੰਦੀ ਕੱਲ ਵੀ ਕੁੱਟ ਗਿਆ। ਜੇ ਮੈਂ ਨਾਂ ਮੂਹਰੇ ਹੁੰਦੀ ਕੁੜੀ ਨੂੰ ਮਾਰਦਾ।"

"ਨੀ ਭੈਣੇ ਹੋਰ ਕਿਉਂ ਡਰਦੇ ਆਂ। ਤਾਂ ਹੀ ਫਿਟਕਾਰਾਂ ਖਾਂਦੀਆ ਨੇ। ਨਾਲੇ ਐਧਰ ਦੇਖਦੀਆਂ ਨੇ। ਨਾਲੇ ਓਧਰ।" ਦੂਜੀ ਬੇਬੇ ਨੇਂ ਆਪਣਾ ਹੇਜ ਦਖਾਇਆ।

"ਨੀਂ ਸਾਨੂੰ ਤਾਂ ਪਹਿਲਾਂ ਈ ਕਹਿਤਾ ਤੀ ਆੜਤੀਏ ਨੇਂ। ਬੀ ਤੁਸੀ ਭਾਈ ਭੈੜਿਆਂ ਬੰਦਿਆਂ ਨਾਲ ਮੱਥਾ ਲਾ ਲਿਆ। ਹਜੇ ਬੀ ਰਹਿਣ ਦੋ।"

"ਨੀਂ ਜੈ ਰੋਏਆਂ ਦਿਓ। ਫੇਰ ਛੱਡ ਦਿੰਦੇ ਪਰਾਂ। ਵਿਚੋਲੇ ਦੀਆਂ ਨਾਸਾਂ ਕੁੱਟਣੀਆਂ ਸੀ ਤੁਸੀਂ" ਅੰਬੋ ਨੇ ਕਰਤਾਰੋ ਨੂੰ ਵਰਜਿਆ।

"ਕਿੱਥੋਂ ਵਿਚੋਲੇ ਤਾਂ ਆਪ ਲਾਲਚੀ ਨੇਂ। ਛੱਡ ਦੇ ਕਿਵੇਂ? ਇਹੀ ਨੀਂ ਮੰਨੀ ਕਹਿੰਦੀ, ਬੀਬੀ ਕੋਈ ਨਾਂ! ਹੁਣ ਤਾਂ ਹੋ ਗਿਆ ਸਾਰਾ ਬੰਨ - ਬੰਨਾ। ਮੇਰਾ ਬਾਪੂ ਰੋਜ ਰੋਜ ਕਿੱਥੇ ਛਿੱਤਰ ਘਸਾਂਉਦਾ ਫਿਰੂ। ਜੇ ਛੱਡ ਤਾ ਸਾਰੇ ਪਿੰਡ ਚ ਕਹਿਣਗੇ ਬੀ ਫਲਾਣਿਆਂ ਕੀ ਕੁੜੀ ਪੱਕ ਠੱਕ ਕਰ ਕੇ ਛੱਡਤੀ।" ਕਹਿੰਦੀ ਕਹਿੰਦੀ ਕਰਤਾਰੋ ਦਾ ਗੱਚ ਭਰ ਆਇਆ।

"ਨੀਂ ਧੀ ਹੋਈ ਫੇਰ ਵੀ। ਲਹੂ ਮੱਚਦਾ ਆਵਦੇ ਮਾਂ ਬਾਪ ਦੇਖ ਕੇ" ਦੂਜੀ ਬੇਬੇ ਦੇ ਬੋਲਾਂ ਚ ਦਰਦ ਉੱਠਿਆ।

"ਹਾਂ ਵੀ 'ਜਲਵੇੜੇ' ਪਿੰਡ ਆਲਾ ਕੋਈ ਵੀਰ? ਕੰਡੈਕਟਰ ਦੇ ਉੱਚੇ ਬੋਲ ਨਾਲ ਮੈਂ ਉੱਠ ਖੜਿਆ। ਬੱਸ ਰੁਕੀ ਮੈਂ ਉੱਤਰ ਗਿਆ। ਤੁਰਦੀ ਬੱਸ ਦੇ ਪਿੱਛੇ ਹੀ ਮੇਰੀ ਨਜਰ ਜਾ ਪਈ, ਉਹਨਾਂ ਸ਼ਬਦਾਂ ਤੇ ਜੋ ਲਾਲ ਟੇਪ ਨਾਲ ਲਿਖੇ ਹੋਏ ਸਨ "ਬੇਟੀ ਬਚਾਓ।" ਇਸ ਤੋਂ ਪਿੱਛੇ ਵਾਲੀ ਲਾਇਨ "ਬੇਟੀ ਪੜਾਓ" ਨੂੰ ਖੁਰਚ ਖੁਰਚ ਕੇ ਲਾਹ ਸੁੱਟਣ ਵਾਂਗ ਉਸ ਕੁੜੀ ਦੀ ਜਿੰਦਗੀ ਵੀ ਉਸ ਦੇ ਡਲਕਾਂ ਮਾਰਦੇ ਜੋਬਨ, ਚਾਅ, ਉਮੰਗਾਂ ਤੋਂ ਲਾਹੀ ਸੁੱਟੀ ਗਈ ਸੀ।

# ਜ਼ਿੰਦਗੀ ਜਿਉਣ ਦਾ ਢੰਗ

ਜਿੰਦਗੀ ਦੀ ਊਣਾਤਾਈ ਵਿੱਚ ਉਲੱਝਿਆ ਆਦਮੀ ਆਪਣੀ ਅਸਲੀ ਜਿੰਦਗੀ ਜਿਉਣ ਦੇ ਢੰਗ ਨੂੰ ਭੁੱਲ ਕੇ ਸਮਾਜਿਕ ਆਵਾਗੋਣ ਵਿੱਚ ਉਲਝਿਆਂ ਰਹਿੰਦਾ ਹੈ। ਉਹ ਇੱਥੋ ਤੱਕ ਉਲਝਕੇ ਰਹਿ ਜਾਂਦਾ ਹੈ ਕਿ ਇੱਕ ਸਮੇ ਉਸ ਨੂੰ ਆਪਣੇ ਚੰਗੇ ਮਾੜੇ ਦਾ ਫਰਕ ਵੀ ਭੁੱਲ ਜਾਂਦਾ ਹੈ ਵਿਅਕਤੀ ਸੰਸਾਰ ਦੇ ਇਸ ਚੱਕਰਵਿਊ ਵਿੱਚ ਇੰਨਾਂ ਫਸ ਜਾਂਦਾ ਹੈ ਕਿ ਉਹ ਸਿਰਫ ਪੈਸੇ ਨੂੰ ਹੀ ਸਭ ਕੁਝ ਮੰਨਣ ਲੱਗ ਜਾਂਦਾ ਹੈ ਉਸਨੂੰ ਇਹ ਭੁੱਲ ਜਾਂਦਾ ਹੈ ਕਿ ਪੈਸਾ ਸਾਡੇ ਲਈ ਬਣਿਆਂ ਹੈ ਨਾਂ ਕਿ ਅਸੀ ਪੈਸੇ ਲਈ। ਪਰ ਹੁੰਦਾ ਕਿ ਹੈ ਵਿਅਕਤੀ ਇਸ ਮੋਹ-ਮਾਇਆਂ ਦੇ ਚੱਕਰ ਵਿੱਚ ਫਸਕੇ ਆਪਣੇ ਸਕੇ ਭੈਣ-ਭਰਾਵਾਂ ਨੂੰ ਵੀ ਭੁੱਲ ਜਾਂਦਾ ਹੈ। ਉਸਨੂੰ ਸਿਰਫ ਪੈਸਾ ਅਤੇ ਪੈਸਾ ਹੀ ਨਜਰ ਆਉਦਾ ਹੈ ਉਹ ਆਪ ਤੋ ਗਰੀਬ ਵਿਅਕਤੀ ਨਾਲ ਰਿਸਤਾ ਨਿਭਾਉਣਾ ਤਾਂ ਦੂਰ ਦੀ ਗੱਲ ਸਗੋਂ ਉਸਨੂੰ ਬੁਲਾਉਣ ਤੋ ਵੀ ਗੁਰੇਜ ਕਰਦਾ ਹੈ। ਕਿ ਕਿਤੇ ਮੇਰੇ ਕੋਲੋ ਕੁਝ ਉਧਾਰ ਹੀ ਨਾ ਮੰਗ ਲਵੇ। ਅਤੇ ਉਹ ਸਿਰਫ ਆਪਣੇ ਜਵਾਕਾਂ ਅਤੇ ਘਰਵਾਲੀ ਤੱਕ ਸੀਮਿਤ ਰਹਿ ਜਾਂਦਾ ਹੈ ਪਰ ਇਕ ਦਿਨ ਅਜਿਹਾ ਵੀ ਆਉਂਦਾ ਜਾ ਵਾਪਰਦਾ ਹੈ ਜਿਸ ਸਮੇਂ ਉਸਦਾ ਚਾਅ ਲਾਡਾਂ ਨਾਲ ਪਾਲੇ ਪੁੱਤ ਅਤੇ ਪਿਆਰੀ ਘਰਵਾਲੀ ਵੀ ਉਸਨੂੰ ਇਸ ਰੁਪਇਆਂ ਦੀ ਖਾਤਿਰ ਘਰੋਂ ਬਾਹਰ ਕਰ ਦਿੰਦੇ ਹਨ ਕਿ ਹੁਣ ਅਸੀ ਸਿਆਣੇ ਹੋ ਗਏ ਹਾਂ। ਤੁਸੀ ਬੁੱਢੇ ਸਾਡੀ ਬੇਇਜਤੀ ਕਰਾਉਂਦੇ ਹੋ ਜਾ ਫਿਰ ਤੁਹਾਨੋ ਇਸ ਨਵੇ ਜਮਾਨੇ ਦੇ ਹਿਸਾਬ ਨਾਲ ਜਿਉਣਾ ਨਹੀ ਆਉਦਾ ਉਸ ਸਮੇ ਉਸਨੂੰ ਉਹ ਸਭ ਕੁਝ ਯਾਦ ਆਉਦਾ ਹੈ ਕਿ ਕਿਸ ਤਰ੍ਹਾ ਉਹ ਲੋਕਾਂ ਨੂੰ ਲੁੱਟ-ਖਸੁੱਟ ਕਰਕੇ ਆਪਣੇ ਸਕੇ ਭਰਾਵਾਂ ਦਾ ਹੱਕ ਮਾਰਕੇ ਅਤੇ ਘਰਵਾਲੀ ਦੇ ਪਿੱਛੇ ਲੱਗਿਆਂ ਆਪਣੇ ਸਕੇ ਭੈਣ ਭਰਾਵਾਂ ਨੂੰ ਭੁੱਲਕੇ ਨਕਲੀ ਰਿਸਤੇ ਪਿੰਡੋ ਨਿਕਲ ਸ਼ਹਿਰਾਂ ਵਿੱਚ ਬਣਾਉਦਾ ਹੈ ਇਥੋ ਤੱਕ ਕਿ ਆਪਣੇ ਬਿਰਧ ਮਾਂ ਪਿਉ ਨੂੰ ਵੀ ਪਿੱਛੇ ਤੜਫਨ ਲਈ ਛੱਡ ਜਾਂਦਾ ਹੈ। ਇਸ ਤਰ੍ਹਾ ਜਿੰਦਗੀ ਦਾ ਇਹ ਚੱਕਰ ਘੁੱਮਦਾ ਹੋਇਆ ਮੁੜ ਉਸ ਸਮੇਂ ਤੇ ਹੀ ਆ ਖੜਦਾ ਹੈ

ਜਦੋਂ ਸਮੇ ਦੀ ਤਾਣੀ ਉਲੱਝ ਜਾਂਦੀ ਹੈ ਅਤੇ ਵਿਅਕਤੀ ਦਾ ਅਖੀਰਲਾ ਪੜਾਅ ਸ਼ੁਰੂ ਹੋ ਜਾਂਦਾ ਹੈ। ਜਿਸ ਵਿੱਚ ਉਹ ਬਿਰਧ ਆਯੂ ਵਿੱਚ ਪਹੁੰਚ ਕੇ ਆਪਣੇ ਧੀਆਂ ਪੁੱਤਰਾਂ ਉੱਪਰ ਨਿਰਭਰ ਹੋ ਜਾਂਦਾ ਹੈ ਇਹ ਸਮਾਂ ਇਹੋ ਜਿਹਾ ਹੁੰਦਾ ਹੈ ਕਿ ਇਸ ਬਿਰਧ ਆਯੂ ਵਿੱਚ ਭਾਵੇਂ ਕੋਈ ਗਰੀਬ ਜਾਂ ਅਮੀਰ ਹੋਵੇ ਫਿਰ ਵੀ ਤੰਗੀ ਮਹਿਸੂਸ ਹੁੰਦੀ ਹੈ। ਭਾਵੇ ਪੁੱਤਰ ਧੀਆਂ ਅਤੇ ਨੂੰਹਾਂ ਕਿਨੇ ਵੀ ਨੇਕ ਹੋਣ ਤਾਂ ਵੀ ਘਰ ਵਿੱਚ ਬੁੱਢੇ ਦੀ ਘੱਟ ਹੀ ਸੱਦ ਪੁੱਛ ਹੁੰਦੀ ਹੈ। ਨਾ ਹੀ ਉਸਦੀ ਕੋਈ ਗੱਲ ਮੰਨੀ ਜਾਂਦੀ ਹੈ। ਇਸ ਉਮਰ ਵਿਚ ਬੁੱਢੇ ਨੂੰ ਮੰਜਾਂ ਘਟੀਆ ਦੇਣਗੇ ਅਤੇ ਨਾ ਹੀ ਬਿਸਤਰਾਂ ਸਾਫ ਸੁੱਥਰਾ ਹੁੰਦਾ ਹੈ। ਰੋਟੀ ਵੀ ਇੱਕੋ ਵਾਰ ਪਰਸਨਗੇ ਫਿਰ ਕਿਸੇ ਨੇ ਪੁੱਛਣਾ ਨਹੀਂ। ਜਿਵੇ ਕਿ ਇਸ ਕਹਾਣੀ ਵਿੱਚ ਵਾਪਰਦਾ ਹੈ।

ਇੱਕ ਵਾਰ ਬੁੱਢੇ ਕੋਲ ਉਸਦੇ ਪੁੱਤਰ ਨੇ ਟੱਲੀ ਰੱਖ ਦਿੱਤੀ ਕਿ ਜਦੋ ਤੈਨੂੰ ਕਿਸੇ ਚੀਜ ਦਾ ਲੋੜ ਹੋਵੇ ਤਾਂ ਇਹ ਟੱਲੀ ਖੜਕਾ ਦੇਵੀ ਕਿਉਕਿ ਕੰਮ ਧੰਦੇ ਵਿੱਚ ਕਈ ਵਾਰ ਅਵਾਜ ਨਹੀਂ ਸੁਣਦੀ, ਇੱਕ ਦਿਨ ਸੁੱਤੇ ਪਏ ਬਾਬੇ ਦੀ ਟੱਲੀ ਉਸਦਾ ਪੋਤਾ ਚੁੱਕ ਕੇ ਲੈ ਗਿਆ। ਲੋੜ ਪੈਣ ਤੇ ਬਾਬੇ ਨੂੰ ਕਿਸੇ ਨੇ ਵੀ ਰੋਟੀ ਪਾਣੀ ਨਾ ਦਿੱਤਾ। ਜਦੋਂ ਬਾਹਰੋ ਆਇਆ ਪੁੱਤਰ ਕੋਲ ਦੀ ਲੰਘਣ ਲੱਗਿਆ ਤਾਂ ਪੁੱਤਰ ਨੇ ਕਿਹਾ ਬਾਪੂ ਕੀ ਗੱਲ ਹੈ.........? "ਭਾਈ ਕਿਸੇ ਨੇ ਮੈਨੂੰ ਰੋਟੀ ਪਾਣੀ ਨਹੀ ਦਿੱਤਾ" ਉਸਨੇ ਆਪਣੀ ਘਰਵਾਲੀ ਨੂੰ ਪੁੱਛਿਆ। "ਕੀ ਗੱਲ ਹੈ ਅੱਜ ਬਾਪੂ ਨੂੰ ਰੋਟੀ ਪਾਣੀ ਨਹੀਂ ਦਿੱਤਾ।" ਕਹਿਣ ਲੱਗੀ ਬਾਬੇ ਨੇ ਅੱਜ ਟੱਲੀ ਨਹੀਂ ਖੜਕਾਈ ਮੈਂ ਸਮਝਿਆਂ ਕਿ ਬਾਪੂ ਨੂੰ ਕਿਸੇ ਵੀ ਚੀਜ ਦੀ ਲੋੜ ਨਹੀਂ। ਪੁੱਤਰ ਬਾਪੂ ਨੂੰ ਕਹਿਣ ਲੱਗਾ ਬਾਪੂ ਤੂੰ ਟੱਲੀ ਨਹੀਂ ਵਜਾਈ। ਭਾਈ ਮੈਨੂੰ ਤਾਂ ਟੱਲੀ ਕਿਤੇ ਮਿਲੀ ਨਹੀਂ, ਪਤਾ ਨਹੀਂ ਕੌਣ ਲੈ ਗਿਆ? ਜਦੋਂ ਬੁੱਢੇ ਦੇ ਪੁੱਤਰ ਨੇ ਆਪਣੇ ਮੁੰਡੇ ਤੋ ਪਤਾ ਕੀਤਾ, ਮੁੰਡੇ ਨੇ ਦੱਸਿਆ ਕਿ ਟੱਲੀ ਮੈਂ ਲਕੋ ਕੇ ਰੱਖ ਦਿੱਤੀ ਹੈ ਜਦ ਤੂੰ ਬੁੱਢਾ ਹੋ ਗਿਆ ਤਾਂ ਇਹ ਟੱਲੀ ਮੈਂ ਤੈਨੂੰ ਦਿਆਗਾਂ।

ਕਿਉਕਿ ਅਜੋਕੇ ਸਮੇ ਵਿੱਚ ਜਿੱਥੇ ਤਕਨੀਕ ਦਾ ਵਿਕਾਸ ਹੋਇਆ ਉਥੇ ਰਿਸ਼ਤਿਆਂ ਵਿੱਚ ਖੋਖਲਾਪਣ ਵੇਖਣ ਨੂੰ ਆਇਆ ਹੈ ਅੱਜ ਹਰ ਉਮਰ ਦਾ ਵਿਅਕਤੀ ਸਿਰਫ ਮੋਬਾਇਲ ਤੱਕ ਸਿਮਿਤ ਹੋਕੇ ਰਹਿ ਗਿਆ ਹੈ ਅੱਜ ਹਰ ਰਿਸਤਾਂ ਲੋਕ ਮੋਬਾਇਲਾਂ ਦੇ ਜਰੀਏ ਹੀ ਨਿਭਾਉਣ ਲੱਗ ਪਏ ਹਨ ਅੱਜ ਆਪਸੀ ਰਿਸ਼ਤਿਆਂ ਵਿੱਚ ਫਿੱਕਾਪਣ ਵੱਧਦਾ ਦਿਖਾਈ ਦਿੰਦਾ ਹੈ ਲੋਕ ਸਿਰਫ ਹਾਲ-ਚਾਲ ਪੁੱਛਣ ਤੱਕ ਹੀ ਸੀਮਿਤ ਰਹਿ ਗਏ ਹਨ ਜਿੰਦਗੀ ਜੋ ਕਿ ਸਿਰਫ ਵਿਖਾਵਾ ਬਣਕੇ ਰਹਿ ਗਈ ਹੈ ਅੱਜ ਲੋਕ ਸਿਰਫ ਵਿਖਾਵੇ ਦੀ ਜਿੰਦਗੀ ਨੂੰ ਹੀ ਜਿਉਣ ਦਾ ਢੰਗ ਸਮਝ ਕੇ ਬੈਠ ਗਏ ਹਨ ਪਹਿਲਾਂ ਵਾਲਾ ਪਿਆਰ ਅਤੇ ਸਨੇਹ ਵੇਖਣ ਨੂੰ ਨਹੀ ਮਿਲਦਾ ਜਿੰਦਗੀ ਤੇਜੀ ਨਾਲ ਲੰਘ ਰਹੀ ਹੈ ਇੰਨੀ ਤਕਨੋਲਜੀ ਅਤੇ 4 ਜੀ ਨੈਟਵਰਕ ਦੇ ਬਾਵਜੂਦ ਵੀ ਵਿਅਕਤੀ ਅੱਜ ਆਪਣੀ ਜਿੰਦਗੀ ਦੀ ਜੰਗ ਹਾਰਦਾ ਹੋਇਆ ਵਿਖਾਈ ਦਿੰਦਾ ਹੈ ਅੱਜ ਉਹ ਇਨ੍ਹੇ ਤੇਜ ਨੈਂਟਵਰਕ ਦੇ ਹੁੰਦੀਆ ਵੀ ਆਪਣੇ ਬਜੁਰਗਾਂ ਦੀ ਕੀਤੀ ਕਮਾਈ ਤੋ ਕਿਤੇ ਪਿੱਛੇ ਰਹਿ ਗਿਆ ਹੈ ਇਨ੍ਹਾਂ ਗਿਆਨ ਅਤੇ ਵਿਗਿਆਨ ਦੇ ਨਾਲ-ਨਾਲ ਅੰਨਾਂ ਜੋਰ ਪੈਸਾ ਹੋਣ ਦੇ ਬਾਵਜੂਦ ਵੀ ਅੱਜ ਦੇ ਲੋਕ ਆਪਣੇ ਬਜੁਰਗਾਂ ਦੀ ਕੀਤੀ ਕਮਾਈ ਦਾ ਇੱਕ ਹਿੱਸਾ ਵੀ ਨਹੀ ਜੋੜ ਸਕਦੇ ਸਗੋਂ ਉਹਨਾਂ ਦੁਆਰਾ ਕੀਤੀ ਕਮਾਈ ਨੂੰ ਵੀ ਵਿੱਚੇ ਹੀ ਰੌਲ ਦਿੰਦੇ ਹਨ।

ਇਸ ਤਰ੍ਹਾਂ ਕਿਸੇ ਸਿਆਣੇ ਨੇ ਸਹੀ ਕਿਹਾ ਹੈ ਕਿ ਜਦੋ ਉਲਟੀ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਹ ਖੇਤ ਕਿਸ ਤਰ੍ਹਾਂ ਅਬਾਦ ਹੋਣਗੇ, ਇਸ ਤਰ੍ਹਾਂ ਗੁਰਬਾਣੀ ਵਿਚ ਵੀ ਜਿਕਰ ਆਉਂਦਾ ਹੈ ਕਿ ਜਿਹਾ ਬੀਜੇਗਾ, ਵੱਡੇਗਾ ਮਨਾਂ ਮੇਰਿਆ ਫਲ ਤੇਰੇ ਕਰਮਾਂ ਦਾ, ਜੈਸਾ ਕਰੋਗੇ ਵੈਸਾ ਭਰੋਗੇ। ਸੋ ਇਸ ਪ੍ਰਕਾਰ ਵਿਅਕਤੀ ਇਸ ਮੋਹ ਮਾਇਆ ਵਿੱਚ ਫਸਿਆ ਆਪਣੇ ਸਕੇ ਭੈਣ ਭਰਾਵਾਂ ਨੂੰ ਭੁਲਿਆ ਜਿੰਦਗੀ ਦਾ ਅਸਲ ਮਕਸ਼ਦ ਭੁੱਲ ਕੇ ਫੋਕਟ ਦੇ ਕੰਮਾਂ ਕਾਰਾਂ ਠੱਗੀਆਂ, ਧੋਖੇ ਧੜੀਆਂ ਕਰਦਾ ਹੋਇਆ ਆਖਿਰ ਨੂੰ ਹਾਰ ਕੇ ਬੈਠ ਜਾਂਦਾ ਹੈ ਅਤੇ ਬੀਤੇ ਸਮੇਂ ਨੂੰ ਯਾਦ ਕਰਦਾ ਹੈ ਕਿ ਨਾ ਹੀ ਉਹ ਰੱਜ ਕੇ ਜਿੰਦਗੀ ਦਾ ਆਨੰਦ ਮਾਣ ਸਕਿਆ ਅਤੇ ਨਾ ਹੀ ਢੰਗ ਨਾਲ ਮਾਤਾ-ਪਿਤਾ ਦਾ ਬਣ ਸਕਿਆ ਆਖੀਰ ਨੂੰ ਹੋਇਆ ਉਹੀ ਜੋ ਉਸਨੇ ਆਪਣੇ ਨਾਲ ਕੀਤਾ ਆਪਣਿਆ ਨੇ ਹੀ ਅੰਤ ਵਿੱਚ ਉਸਨੂੰ ਉਸ ਸਮੇ ਤੇ ਲਿਆਂ ਕੇ ਖੜ੍ਹਾ ਕਰ ਦਿੱਤਾ ਜਿਥੋ ਉਸਨੇ ਸੁਰੂਆਤ ਕੀਤੀ ਸੀ ਇਸ ਲਈ ਜਿੰਦਗੀ ਨੂੰ ਜਿਉਂਣ ਦਾ ਢੰਗ ਸਿੱਖੋ ਵਿਅਰਥ ਦੇ ਵਿਖਾਵੇ ਫੋਕਟ ਪਦਾਰਥਾਂ ਪਿੱਛੇ ਆਪਣੇ ਖੂਨ ਦੇ ਰਿਸ਼ਤਿਆਂ ਨੂੰ ਨਾ ਭੁੱਲੋ ਕਿਉਂਕਿ ਇਹ ਰਿਸ਼ਤੇ ਸਿਰਫ ਇੱਕ ਵਾਰ ਹੀ ਜੁੜਦੇ ਹਨ ਅਤੇ ਮੁੜਕੇ ਕਦੇ ਵੀ ਇੱਕ ਨਹੀਂ ਹੋ ਸਕਦੇ।

ਜਗਮੀਤ ਸਿੰਘ ਚੁੰਬਰ
(ਬਰੜਵਾਲ)
ਮੋਬਾਇਲ- 96536-39891

## ਖਿਆਲੀਂ-ਤੋਪੇ

ਤੇਰੇ ਸੁਪਨੇ ਦੇ ਨਵਰੰਗ ਵੇ
ਅਸਾਂ ਨੈਣੀਂ ਲਏ ਖਿੜਾ।
ਰੰਗ ਜਿੰਨ੍ਹਾਂ ਦਾ ਇਸਕ-ਭਿੰਨੜਾ
ਚੜ੍ਹਦੇ ਦਿਨ ਵਰਗਾ।
ਚੰਨਿਆ ਸਬਜ-ਪਹਾੜੀਂ ਧੁੱਪ ਦਾ
ਸੀਸਾ ਚਮਕ ਰਿਹਾ।
ਤੱਕ ਕੀਕਣ ਪੱਤੀਆਂ ਪਾਉਂਦੀਆਂ
ਕਿਰਨਾਂ ਦਾ ਸੁਰਮਾ।
ਅੱਜ ਅੰਬਰ ਦੇ ਪਿੜ ਬਦਲੋਟੀਆਂ
ਰਹੀਆਂ ਕਿੱਕਲੀ ਪਾ।
ਪੁੰਨਿਆਂ ਦਾ ਕੋਈ ਲੋਕ-ਗੀਤ ਜਿਉਂ
ਚੰਨ ਪਿਆ ਗਾਂਉਦਾ।
ਠੁਮ-ਠੁਮ ਵਗਦੇ ਝਰਨੇ ਵੇ ਅੱਜ
ਠੁਮਰੀ ਰਿਹੇ ਸੁਣਾ।
ਪਾਣੀ ਦੀ ਚਿੱਟੀ ਚਾਦਰੀਂ ਫੁੱਲ
ਚਾਨਣੀਆਂ ਕੱਢਿਆ।
ਦਿਲ ਦੇ ਜੰਗਲ ਇਸਕ-ਹਨ੍ਹੇਰਾ
ਜਲਦੀ ਜਾਂਦੈ ਛਾਅ।
ਇਸ 'ਨ੍ਹੇਰੇ ਦਾ ਨਸਾ ਅਸਾਨੂੰ
ਸੂਹੀ ਸਾਮ ਜਿਹਾ।
ਗੁਲਾਬ-ਕਾਗਜੀ ਜਿਉਂ ਫਿਰ ਸੀਨੇ
ਮਹਿਕਾਂ ਰਿਹਾ ਖਿੰਡਾ।
ਜਾਂ ਕੋਈ ਰਾਤ ਦੀ ਰਾਣੀਆਂ ਨੇਂ
ਡੰਗੀ ਰਾਤ ਹਵਾ।
ਤੇਰੇ ਸੁਪਨੇ ਦੇ ਨਵਰੰਗ ਵੇ
ਅਸਾਂ ਨੈਣੀ ਲਏ ਖਿੜਾ।
ਰੰਗ ਜਿੰਨ੍ਹਾਂ ਦਾ ਇਸਕ-ਭਿੰਨੜਾ
ਚੜ੍ਹਦੇ ਦਿਨ ਵਰਗਾ।

## ਖੇਤਾਂ ਦੀ ਲਿਪੀ

(ਉਰਦੂ ਸਾਹਮੁਖੀ ਵਿੱਚ ਅਨੁਵਾਦ ਹੋਈ ਕਵਿਤਾ)

ਕੁੱਪਾਂ ਦੇ ਜੂੜੇ।
ਗੰਨੇਆਂ ਦੇ ਬੋਦੇ।
ਪਹੀਆਂ ਦੇ ਪਰਾਂਦੇ।
ਛਾਂਵਾਂ ਦੇ ਕੇਸ।
ਸੱਗੀ ਫੁੱਲ ਵਾਲੀਆਂ ਟਾਹਲੀਆਂ।
ਸੰਦਲੀ ਹਵਾਵਾਂ। ਮਹਿਕਾਂ ਦਾ ਕਚੀਰਾ।
ਇੰਝਣ - ਮੋਟਰਾਂ ਦੀ ਛਣਕਾਰ।
ਖਾਲਾਂ ਚ ਵਗਦੇ ਪਾਣੀਆਂ ਦੇ ਗੀਤ
ਸੋਨੇ ਦੇ ਕਰਚੇ।
ਭਰੂਪਣ ਰੁੱਤਾਂ।
ਅੱਲੜ ਜਿਹੀਆਂ ਅੰਬੀਆਂ।
ਬਾਬੇਆਂ ਦੀਆਂ ਮਟੀਆਂ।
ਧੁੱਪਾਂ ਦਾ ਜੋਬਨ।
ਚੌਂਦਾ ਦੁਪਹਿਰਾ।
ਗੰਢੇ ਛਿੱਤਰ।
ਬੋਲਦੇ ਡਰਨੇ।
ਸੌਂਕੀ ਕਾਮੇ।
ਬੜਾ ਸੋਹਣੈ ਮੇਰੇ ਬਾਪੂ ਦਾ ਇਹ ਕਿਸਾਨਕੋਸ।

ਰਸ਼ਪਿੰਦਰ ਸਰੋਏ
+1437-981-9700














‘ਤੇਰੇ ਲਈ’



# ਫ਼ਿਲਮ ਦੀ ਨਾਇਕਾ ਬਣੀ ਰਾਜ ਬਰਾੜ ਦੀ ਧੀ

## ‘ਸਵਿਤਾਜ ਬਰਾੜ’

ਰਾਜ ਬਰਾੜ ਪੰਜਾਬੀ ਸੰਗੀਤ ਦਾ ਨਾਮੀ ਕਲਾਕਾਰ ਸੀ ਜਿਸਨੇ ਬੜੇ ਹੀ ਖੂਬਸੂਰਤ ਗੀਤਾਂ ਦੀ ਸਿਰਜਣਾ ਕਰਕੇ ਸੁਰੀਲੀ ਆਵਾਜ਼ ਦਿੱਤੀ। ਉਸਦਾ ਬੇਵਕਤੇ ਤੁਰ ਜਾਣਾ ਪੰਜਾਬੀ ਸੰਗੀਤ ‘ਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਰਾਜ ਬਰਾੜ ਜਿੰਨ੍ਹਾਂ ਵਧੀਆ ਗਾਇਕ ਤੇ ਗੀਤਕਾਰ ਸੀ ਉਨ੍ਹਾਂ ਹੀ ਵਧੀਆ ਅਦਾਕਾਰ ਵੀ। ਗਾਇਕੀ ਤੋਂ ਬਾਅਦ ਉਸਦੇ ਕਦਮ ਫ਼ਿਲਮਾਂ ਵੱਲ ਵਧ ਰਹੇ ਸੀ। ਉਸਨੇ ‘ ਪੁਲਿਸ ਇੰਨਪੌਲੀਵੁੱਡ’ ਅਤੇ ‘ ਜਵਾਨੀ ਜਿੰਦਾਬਾਦ’ ਫ਼ਿਲਮਾਂ ਕੀਤੀਆਂ। ਕਈ ਫ਼ਿਲਮਾਂ ਦਾ ਕੰਮ ਅਜੇ ਬਾਕੀ ਸੀ ਜੋ ‘ਹੋਣੀ’ ਨੇ ਪੂਰਾ ਨਾ ਹੋਣ ਦਿੱਤਾ। ਜ਼ਿਕਰਯੋਗ ਹੈ ਕਿ ਹੁਣ ਉਸਦੀ ਹੋਣਹਾਰ ਧੀ ਸਵਿਤਾਜ ਬਰਾੜ ਆਪਣੇ ਪਿਤਾ ਦੇ ਸੁਪਨੇ ਪੂਰੇ ਕਰਨ ਦੀ ਸੋਚ ਨਾਲ ਗਾਇਕੀ ਦੇ ਨਾਲ ਨਾਲ ਪੰਜਾਬੀ ਸਿਨਮੇ ਲਈ ਵੀ ਸਰਗਰਮ ਹੈ। ਕਈ ਨਾਮੀਂ ਗਾਇਕਾਂ ਨਾਲ ਉਸਦੇ ਗੀਤ ਦਰਸ਼ਕਾਂ ਦੀ ਪਸੰਦ ਬਣੇ ਹਨ। ਇਸ ਤੋਂ ਇਲਾਵਾ ਪਿਛਲੇ ਸਾਲ ਸਿੱਧੂ ਮੂਸੇ ਵਾਲੇ ਨਾਲ ਆਈ ਫ਼ਿਲਮ ‘ਮੂਸਾ ਜੱਟ’ ਵਿੱਚ ਵੀ ਉਸਦੀ ਅਦਾਕਾਰੀ ਵੇਖਣ ਨੂੰ ਮਿਲੀ। ਭਾਵੇਂਕਿ ‘ਮੂਸਾ ਜੱਟ’ ਸਵਿਤਾਜ ਦੀ ਪਹਿਲੀ ਫ਼ਿਲਮ ਸੀ ਪਰ ਉਸਨੇ ਸੂਟਿੰਗ ਦੌਰਾਨ ਸੀਨੀਅਰ ਕਲਾਕਾਰਾਂ ਤੋਂ ਵੀ ਬਹੁਤ ਕੁਝ ਸਿੱਖਿਆ। ਭਾਵੇਂਕਿ ਪਹਿਲੀ ਫ਼ਿਲਮ ਨੇ ਉਸਨੂੰ ਖ਼ਾਸ ਪਹਿਚਾਣ ਨਾ ਦਿੱਤੀ ਪਰ ਦਰਸ਼ਕਾਂ ਨੇ ਉਸਦੀ ਆਮਦ ਨੂੰ ਖਿੜੇ ਮੱਥੇ ਜੀ ਆਇਆ ਕਿਹਾ। ਸਵੀਤਾਜ ਨੇ ਆਪਣੀਆਂ ਕਮੀਆਂ ਨੂੰ ਦੂਰ ਲਈ ਹੋਰ ਮੇਹਨਤ ਕੀਤੀ ਅਤੇ ਬਹੁਤ ਜਲਦ ਉਸਦੀ ਹਰੀਸ਼ ਵਰਮਾ ਨਾਲ ਇੱਕ ਰੁਮਾਂਟਿਕ ਫ਼ਿਲਮ ‘ ਤੇਰੇ ਲਈ ’ ਆ ਰਹੀ ਹੈ । ਸਵਿਤਾਜ ਬਰਾੜ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਦੀ ਅਹਿਮ ਫ਼ਿਲਮ ਹੈ ਜੋ ਉਸਦੇ ਫ਼ਿਲਮੀ ਖੇਤਰ ਵਿੱਚ ਪੈਰ ਮਜਬੂਤ ਕਰੇਗੀ। ਇਸ ਵਿੱਚ ਉਹ ਇਕ ਐਸੀ ਲੜਕੀ ਦਾ ਕਿਰਦਾਰ ਨਿਭਾ ਰਹੀ ਹੈ ਜੋ ਆਪਣੀ ਜ਼ਿੰਦਗੀ ਆਪਣੇ ਅਸੂਲਾਂ ‘ਤੇ ਜਿਉਂਦੀ ਹੈ। ਘਰ ਤੋਂ ਦੂਰ ਰਹਿ ਕੇ ਨੌਕਰੀ ਕਰ ਰਹੀ ਉਸ ਕੁੜੀ ਦੀ ਜ਼ਿੰਦਗੀ ਇਕ ਦਮ ਉਦੋਂ ਪਲਟਦੀ ਹੈ ਜਦੋਂ ਉਸਦਾ ਪਰਿਵਾਰ ਉਸਦੀ ਬਿਨਾਂ ਕਿਸੇ ਰਜਾਮੰਦੀ ਤੋਂ ਉਸਦੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੰਦਾ ਹੈ। ਉਸਦਾ ਇਹ ਕਿਰਦਾਰ ਅਜੋਕੀ ਨੌਜਵਾਨ ਪੀੜ੍ਹੀ ਤੋਂ ਪ੍ਰੇਰਿਤ ਹੈ। ਇਹ ਫ਼ਿਲਮ ਮਨੋਰੰਜਨ ਦੇ ਨਾਲ ਨਾਲ ਅਜੋਕੀ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਨੂੰ ਵੀ ਪਰਦੇ ‘ਤੇ ਪੇਸ਼ ਕਰੇਗੀ।




ਫ਼ਿਲਮਾਂ ਤੋਂ ਇਲਾਵਾ ਦਰਸ਼ਕ ਸਵਿਤਾਜ ਨੂੰ ਐਮੀ ਵਿਰਕ ਤੇ ਗੀਤ ‘ ਜੱਟ ਖੱਬੀ ਸੀਟ ‘ਤੇ ਬੰਦੂਕ ਰੱਖਦਾ..’ ਜੌਰਡਨ ਸੰਧੂ ਦੇ ਗੀਤ ‘ ਮੁੰਡਾ ਸਰਦਾਰਾਂ ਦਾ..’ ਵਿੱਚ ਵੀ ਵੇਢ ਪਸੰਦ ਕਰ ਚੁੱਕੇ ਹਨ। ਸਵਿਤਾਜ ਬਰਾੜ ਕੋਲ ਭਵਿੱਖ ਵਿੱਚ ਕਈ ਚੰਗੀਆਂ ਫ਼ਿਲਮਾਂ ਹਨ ਜੋ ਉਸਦੇ ਫ਼ਿਲਮੀ ਕਰੀਅਰ ਮਜਬੂਤ ਕਰਨਗੀਆ।

**-ਸੁਰਜੀਤ ਜੱਸਲ**
**981460773**

# ਦੁਨੀਆਂ ਦੇ ਸਭ ਤੋਂ ਤਾਕਤਵਰ ਪਾਸਪੋਰਟ ਦੀ ਸੂਚੀ ’ਚ ਭਾਰਤ 69ਵੇਂ ਨੰਬਰ ’ਤੇ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ): ਆਰਟਨ ਕੈਪੀਟਲ ਨੇ 2022 ਵਿਚ ਦੁਨੀਆ ਦੇ ਸਭ ਤੋਂ ਤਾਕਤਵਰ ਤੇ ਕਮਜ਼ੋਰ ਪਾਸਪੋਰਟ ਵਾਲੇ ਦੇਸ਼ਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿਚ ਯੂਏਈ ਦੇ ਪਾਸਪੋਰਟ ਨੂੰ ਸਭ ਤੋਂ ਮਜ਼ਬੂਤ ਦੱਸਿਆ ਗਿਆ ਹੈ। ਲਿਸਟ ਵਿਚ ਭਾਰਤ ਦਾ ਪਾਸਪੋਰਟ 69ਵੇਂ ਸਥਾਨ’ਤੇ ਰਿਹਾ ਹੈ। ਪਾਕਿਸਤਾਨ 94ਵੇਂ ਅਤੇ ਬੰਗਲਾਦੇਸ਼ 92ਵੇਂ ਸਥਾਨ’ਤੇ ਰਿਹਾ ਹੈ। ਇਸ ਲਿਸਟ ਤੋਂ ਇਹ ਪਤਾ ਲੱਗਦਾ ਹੈ ਕਿ ਕਿਸ ਦੇਸ਼ ਦੇ ਨਾਗਰਿਕਾਂ ਨੂੰ ਕਿੰਨੇ ਦੇਸ਼ਾਂ ਵਿਚ ਵੀਜ਼ਾ ਫ੍ਰੀ ਪ੍ਰਵੇਸ਼ ਤੇ ਕਿੰਨੇ ਦੇਸ਼ਾਂ ਵਿਚ ਵੀਜ਼ਾ ਆਨ ਅਰਾਈਵਲ ਪ੍ਰਵੇਸ਼ ਮਿਲ ਸਕਦਾ ਹੈ।

ਆਰਟਨ ਕੈਪੀਟਲ ਵੱਲੋਂ ਜਾਰੀ ਸਾਲ 2022 ਦੇ ਸਭ ਤੋਂ ਪਾਵਰਫੁੱਲ ਪਾਸਪੋਰਟ ਦੀ ਸੂਚੀ ਵਿਚ ਭਾਰਤ ਨੂੰ 69ਵੇਂ ਸਥਾਨ’ਤੇ ਰੱਖਿਆ ਗਿਆ ਹੈ। ਭਾਰਤੀ ਨਾਗਰਿਕ 24 ਦੇਸ਼ਾਂ ਵਿਚ ਵੀਜ਼ਾ ਫ੍ਰੀ ਪ੍ਰਵੇਸ਼ ਕਰ ਸਕਦੇ ਹਨ ਜਦੋਂ ਕਿ 48 ਦੇਸ਼ਾਂ ਵਿਚ ਭਾਰਤੀ ਨਾਗਰਿਕਾਂ ਨੂੰ ਵੀਜ਼ਾ ਆਨ ਅਰਾਈਵਲ ਦੀ ਸਹੂਲਤ ਮਿਲੇਗੀ। ਭਾਰਤ ਦੇ ਨਾਗਰਿਕਾਂ ਨੂੰ 126 ਦੇਸ਼ਾਂ ਵਿਚ ਜਾਣ ਲਈ ਵੀਜ਼ੇ ਦੀ ਲੋੜ ਹੋਵੇਗੀ। ਪਾਕਿਸਤਾਨ ਨੂੰ ਇਸ ਲਿਸਟ ਵਿਚ 94ਵੇਂ ਸਥਾਨ’ਤੇ ਰੱਖਿਆ ਗਿਆ ਹੈ। ਇਥੋਂ ਦੇ ਨਾਗਰਿਕਾਂ ਨੂੰ ਸਿਰਫ 10 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਂਟਰੀ ਮਿਲ ਸਕਦੀ ਹੈ ਜਦੋਂ ਕਿ 154 ਦੇਸ਼ਾਂ ਵਿਚ ਪ੍ਰਵੇਸ਼ ਲਈ ਵੀਜ਼ੇ ਦੀ ਲੋੜ ਹੋਵੇਗੀ। ਤਾਕਤਵਰ ਪਾਸਪੋਰਟ ਵਾਲੇ ਦੇਸ਼ਾਂ ਦੀ ਸੂਚੀ ਵਿਚ ਦੂਜੇ ਸਥਾਨ’ਤੇ 10 ਯੂਰਪੀ ਦੇਸ਼ ਜਿਵੇਂ ਜਰਮਨੀ, ਇਟਲੀ ਫਰਾਂਸ, ਸਪੇਨ, ਲਕਜ਼ ਬਰਗ, ਉੱਤਰ ਕੋਰੀਆ ਸਣੇ ਕੁੱਲ 11 ਦੇਸ਼ ਸ਼ਾਮਲ ਹਨ, ਇਨ੍ਹਾਂ ਸਾਰੇ ਦੇਸ਼ਾਂ ਦੇ ਨਾਗਰਿਕ 126 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਂਟਰੀ ਪਾ ਸਕਦੇ ਹਨ ਜਦੋਂ ਕਿ 47 ਦੇਸ਼ਾਂ ਵਿਚ ਵੀਜ਼ਾ ਆਨ ਅਰਾਈਵਲ ਦੀ ਸਹੂਲਤ ਮਿਲੇਗੀ।ਆਰਟਨ ਕੈਪੀਟਲ ਵੱਲੋਂ ਇਸ ਸੂਚੀ ਵਿਚ ਅਮਰੀਕਾ ਤੇ ਬ੍ਰਿਟੇਨ ਨੂੰ ਕ੍ਰਮਵਾਰ ਤੀਜੇ ਤੇ ਚੌਥੇ ਸਥਾਨ ’ਤੇ ਰੱਖਿਆ ਗਿਆ ਹੈ। ਅਮਰੀਕੀ ਨਾਗਰਿਕ 116 ਦੇਸ਼ਾਂ ਵਿਚ ਤਾਂ ਬ੍ਰਿਟਿਸ਼ ਨਾਗਰਿਕ 118 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਂਟਰੀ ਪਾ ਸਕਦੇ ਹਨ। ਯੂਨਾਈਟਿਡ ਨੇਸ਼ਨ ਵਿਚ ਸ਼ਾਮਲ 139 ਦੇਸ਼ਾਂ ਵਿਚੋਂ ਯੂਏਈ ਦੇ ਪਾਸਪੋਰਟ ਨੂੰ ਸਾਲ 2022 ਵਿਚ ਸਭ ਤੋਂ ਤਾਕਤਵਰ ਦੱਸਿਆ ਗਿਆ ਹੈ। ਯੂਏਈ ਦੇ ਨਾਗਰਿਕ 180 ਦੇਸ਼ਾਂ ਵਿਚ ਆਸਾਨੀ ਨਾਲ ਪ੍ਰਵੇਸ਼ ਕਰ ਸਕਦੇ ਹਨ।ਇਥੋਂ ਦੇ ਨਾਗਰਿਕਾਂ ਲਈ 121 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਂਟਰੀ ਰਹੇਗੀ ਜਦੋਂ ਕਿ 59 ਦੇਸ਼ਾਂ ਵਿਚ ਵੀਜ਼ਾ ਆਨ ਅਰਾਈਵਲ ਦੀ ਸਹੂਲਤ ਮਿਲੇਗੀ। ਯਾਨੀ 59 ਦੇਸ਼ਾਂ ਵਿਚ ਯੂਏਈ ਦੇ ਨਾਗਰਿਕਾਂ ਨੂੰ ਪਹੁੰਚਣ’ਤੇ ਆਸਾਨੀ ਨਾਲ ਵੀਜ਼ਾ ਮਿਲ ਜਾਵੇਗਾ। ਯੂਏਈ ਦੇ ਨਾਗਰਿਕਾਂ ਨੂੰ ਸਿਰਫ 18 ਦੇਸ਼ਾਂ ਵਿਚ ਪ੍ਰਵੇਸ਼ ਲਈ ਪਹਿਲਾਂ ਤੋਂ ਵੀਜ਼ੇ ਦੀ ਲੋੜ ਹੋਵੇਗੀ।ਜਾਰੀ ਇਸ ਸੂਚੀ ਵਿਚ ਅਫਗਾਨਿਸਤਾਨ ਦੇ ਪਾਸਪੋਰਟ ਨੂੰ ਸਭ ਤੋਂ ਕਮਜ਼ੋਰ ਦੱਸਿਆ ਗਿਆ ਹੈ। ਅਫਗਾਨਿਸਤਾਨ ਦੇ ਨਾਗਰਿਕ ਸਿਰਫ 38 ਦੇਸ਼ਾਂ ਵਿਚ ਵੀਜ਼ਾ ਫ੍ਰੀ ਐਂਟਰੀ ਪਾ ਸਕਦੇ ਹਨ। ਇਸ ਪਾਸਪੋਰਟ ਇੰਡੈਕਸ ਨੂੰ ਯੂਨਾਈਟਿਡ ਨੇਸ਼ਨਲ ਦੇ 139 ਮੈਂਬਰ ਦੇਸ਼ਾਂ ਤੇ ਇਸ ਦੇ 6 ਵੱਖ-ਵੱਖ ਪਹਿਲੂਆਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਜਾਂਦਾ ਹੈ।


ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ ਦਾ ਸੀਜ਼ਨ ਖਤਮ ਹੋਣ ਉਪਰੰਤ ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263












# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 30 ਸਾਲ,ਕੱਦ 6 ਫੁੱਟ, ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਫਾਸਟ ਫੂਡ ਫਰੈਂਚਾਈਜ਼,ਕਾਰੋਬਾਰ ਹੈ। ਲੁਧਿਆਣਾ ਜਿਲੇ ਨਾਲ ਸਬੰਧਿਤ ਛੋਟਾ ਅਤੇ ਕੈਲਗਰੀ ਵਿੱਚ ਵੈੱਲ ਸੈਟਲਡ ਪਰਿਵਾਰ ਹੈ। ਪੀ ਆਰ ਜਾਂ ਸਿਟੀਜਨ ਲੜਕੀ ਦਾ ਕੇਸ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 403 870 2221 ***215***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਰੇਵਾਲ ਪਰਿਵਾਰ ਦੀ ਲੜਕੀ, ਉਮਰ 35 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਸ ਸੀ ਨਰਸਿੰਗ,ਲਈ ਬਰਾਬਰ ਦੀ ਯੋਗਤਾ ਵਾਲੇ ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਲੜਕੇ ਬਾਰੇ ਵੀ ਵੀਚਾਰ ਹੋ ਸਕਦੀ ਹੈ । ਕੈਲਗਰੀ ਅਤੇ ਲੁਧਿਆਣਾ ਜਿਲੇ ਨਾਲ ਸਬੰਧਿਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਉੱਪਰ ਵੀਚਾਰਿਆ ਜਾਵੇਗਾ। ਸੰਪਰਕ: 587 350 8755 ਜਾਂ 403 464 8765 ***215***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ, 31 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਐਮ ਐਸ ਸੀ ,ਆਈ ਟੀ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਚੰਗੀ ਪੜੀ ਲਿਖੀ ਹੋਵੇ ,ਉਹ ਕਨੇਡਾ ਚਾਹੇ ਪੰਜਾਬ ਕਿਤੇ ਵੀ ਰਹਿੰਦੀ ਹੋਵੇ । ਆਪਣਾ ਬਾਇਓਡਾਟਾ ਅਤੇ ਫੋਟੋ ਵਟਸਐਪ ਭੇਜੋ। ਸੰਪਰਕ: 403 633 0084,ਜਾਂ 306 209 3747 ***211**

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 610 ਫ਼ੁੱਟ, ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 780 236 0958 ***215***

### ਲੜਕੀ ਦੀ ਲੋੜ

Looking a suitable match for Canadian citizen s/c engineer boy. Age 31yr,ht 5.7ft. Citizen/PR girl from technical or medical profession proffered. Contact : 403 862 6806 / 403 830 5721.email is askumar3251@hotmail.com ***215***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸੋਢਾ ਪਰਿਵਾਰ ਦੇ ਸੋਹਣੇ ਸੁਨੱਖੇ ਤਲਾਕਸੁਦਾ ਲੜਕੇ ਉਮਰ 35 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ ਪਲੱਸ ਟੂ ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 991 8099 ***211***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 8 ਇੰਚ, ਆਈ ਟੀ ਡਿਪਲੋਮਾ ਹੋਲਡਰ ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ ਸੈੱਟ ਹੈ ਅਤੇ ਪੰਜਾਬ ਵਿੱਚ 18 ਏਕੜ ਜ਼ਮੀਨ ਦਾ ਮਾਲਕ ਹੈ। ਸੰਪਰਕ: 1 431 336 8812 ***214***

### ਲੜਕੀ ਦੀ ਲੋੜ

ਕਨੇਡਾ ਵਿੱਚ ਰਹਿ ਰਹੇ ਸੈਣੀ ਪਰਿਵਾਰ ਦੇ ਲੜਕੇ ਉਮਰ 28 ਸਾਲ,ਕੱਦ 6 ਫੁੱਟ,ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ(ਇੰਡੀਆ) ਪੋਸਟ ਗਰੈਜੂਏਟ ਡਿਪਲੋਮਾ ਇਨ ਬਿਜਨਿਸ ਮੈਨੇਜਮੈਂਟ ਐਂਡ ਲੌਜਿਸਟਿਕਸ (ਕਨੇਡਾ) ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦੀ ਪੀ ਆਰ ਐਪਲੀਕੇਸਨ ਲੱਗੀ ਹੋਈ ਹੈ ਅਤੇ ਬਾਕੀ ਸਾਰਾ ਪਰਿਵਾਰ ਵੀ ਕਨੇਡਾ ਹੀ ਸੈਟਲ ਹੈ। ਸੰਪਰਕ: 1 306 541-1337 ***210***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਸੈਣੀ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 30 ਸਾਲ ,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਮਾਸਟਰ ਇਨ ਬਾਇਓਟੈਕਨੋਲਿਜੀ (ਇੰਡੀਆ) ਅਤੇ ਪੋਸਟ ਗਰੈਜੂਏਟ ਡਿਪਲੋਮਾ (ਕਨੇਡਾ) ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 541-1337 ***210***

### ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਪਰਿਵਾਰ ਦੇ ਸੋਹਣੇ ਸੁਨੱਖੇ ਕਨੇਡਾ ਰਹਿ ਰਹੇ ਲੜਕੇ ਉਮਰ 28 ਸਾਲ , ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਆਪਣੀ ਕੰਨਸਟਰੱਕਸ਼ਨ ਕੰਪਨੀ ਹੈ ਅਤੇ ਵੈਲਡਰ ਦਾ ਕੋਰਸ ਵੀ ਕੀਤਾ ਹੋਇਆ ਹੈ। ਸੰਪਰਕ: 1 780 260 7777 ਜਾਂ 1780 290 7777 ***214***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 29 ਸਾਲ,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਬੈਚੂਲਰ ਆਫ ਸਾਇੰਸ ਇਨ ਨਰਸਿੰਗ,ਲਈ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੀ ਸਾਰੀ ਫੈਮਿਲੀ ਕਨੇਡਾ ਹੀ ਸੈਟਲਡ ਹੈ। ਮਾਲਵਾ ਇਲਾਕੇ ਨੂੰ ਪਹਿਲ,ਚੰਗੇ ਪੜ੍ਹੇ ਲਿਖੇ ਵਰਕ ਪਰਮਿਟ ਉੱਪਰ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 403 605 6012 ਜਾਂ 403 479 1325 ***214***

### ਜੀਵਨ ਸਾਥਣ ਦੀ ਲੋੜ

ਅਮਰੀਕਨ ਸਿਟੀਜਨ ,ਜੱਟ ਸਿੱਖ ਸਿੱਧੂ, ਉਮਰ 57 ਸਾਲ,ਕੱਦ 5 ਫੁੱਟ 11 ਇੰਚ,ਚੰਗੀ ਸਿਹਤ ਅਤੇ 34 ਸਾਲ ਤੋਂ ਅਮਰੀਕਾ ਵਿੱਚ ਚੰਗਾ ਕਾਰੋਬਾਰ ਕਰਦੇ ,ਦੋ ਘਰਾਂ ਦੇ ਮਾਲਕ,ਤਲਾਕ ਸੁਦਾ ਲਈ 40-45 ਸਾਲ ਦੀ ਉਮਰ ਦੀ ਜੀਵਨ ਸਾਥਣ ਦੀ ਲੋੜ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ ਸੰਪਰਕ: 1 317 476 6223 ***225***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 35 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 236 867 4005 ***214***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਸੰਧੂ ਪਰਿਵਾਰ ਦੀ (1988) ਲੜਕੀ,ਕੱਦ 5 ਫੁੱਟ 6 ਇੰਚ,ਅਨਮੈਰਿਡ, ਜੋ ਕਨੇਡਾ ਵਿੱਚ ਹੀ ਪੜ੍ਹ ਲਿਖਕੇ ਵੱਡੀ ਹੋਈ ਹੈ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਬਿਜਨਿਸ ਫਾਇਨਾਂਸ ਵਿੱਚ ਡਿਪਲੋਮਾ ਕਰਨ ਉਪਰੰਤ ਹੁਣ ਫਾਇਨਾਂਸ ਕੰਪਨੀ ਵਿੱਚ ਹੀ ਚੰਗੀ ਜੌਬ ਕਰ ਰਹੀ ਹੈ। ਸਟੂਡੈਂਟ,ਵਿਜਟਿਰ ਜਾਂ ਡਿਵੋਰਸ ਕੇਸ ਵਾਲੇ ਕ੍ਰਿਪਾ ਕਰਕੇ ਸੰਪਰਕ ਨਾ ਕਰਨ । ਸੰਪਰਕ: 403 919 1672 ***214***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਉਮਰ 29 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬੀ ਸੀ ਟੀ ਐਂਡ ਸੀ ਏ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 839 1530 ਜਾਂ ਈ ਮੇਲ Jaswinderssingh01@gmail.com ***213***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 33 ਸਾਲ, ਕੱਦ 6 ਫੁੱਟ ,ਬੀ ਟੈੱਕ ਆਈ ਟੀ ਵਿਦਿਅਕ ਯੋਗਤਾ ਵਾਲੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਟਰੱਕਿੰਗ ਇੰਡਸਟਰੀ ਵਿੱਚ ਚੰਗਾ ਕਾਰੋਬਾਰ ਹੈ। ਸੰਪਰਕ: 1 204 963 3976 ***213***

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, ਉਮਰ 32 ਸਾਲ, ਕੱਦ 5 ਫੁੱਟ 9 ਇੰਚ, ਹੈਲਥ ਕੇਅਰ ਏਡ ਯੋਗਤਾ, ਵਾਲੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ ਇੰਡੀਆ ਫੋਨ: 8694987000 ਜਾਂ ਈ ਮੇਲ: Charnjeetbrar96@gmail.com ***213***

### ਲੜਕੀ ਦੀ ਲੋੜ

ਮਲੇਸੀਅਨ ਸਿਟੀਜਨ, ਕਨੇਡਾ ਵਿਜਟਿਰ ਵੀਜੇ ਉੱਪਰ ਆਏ, ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਲੜਕੇ (ਬਿਨਾ ਬੱਚੇ ਤੋਂ), ਉਮਰ 36 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਪੱਕੇ ਤੌਰ ਤੇ ਸੈਟਲ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।ਕੈਲਗਰੀ ਰਹਿਣ ਵਾਲੀ ਲੜਕੀ ਬਾਰੇ ਪਹਿਲ ਦੇ ਅਧਾਰ ਉੱਪਰ ਵਿਚਾਰ ਕੀਤਾ ਜਾਵੇਗਾ ਸੰਪਰਕ: 403 926 6073 ***212***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 10 ਇੰਚ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਭੈਣ ਕਨੇਡੀਅਨ ਪੀ ਆਰ ਹਨ । ਸਾਰਾ ਪਰਿਵਾਰ ਐਡਮੰਟਨ ਵੈੱਲ ਸੈਟਲਡ ਹੈ। ਸੰਪਰਕ: 403 923 8025 ਜਾਂ 1 825 522 1954 ***211**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, BSc, Health care diploma, ਕਨੇਡਾ ਵਿੱਚ ਹੀ ਚੰਗੀ ਜੌਬ ਕਰ ਰਹੇ, ਲਈ ਹਾਣ ਪ੍ਰਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕਨੇਡਾ ਦੇ ਸੈਸਕੈਚਵਾਨ ਸੂਬੇ ਵਿੱਚ ਵੈੱਲ ਸੈਟਲਡ ਹੈ। ਸੰਪਰਕ: 306 580 4935 ***211***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵੈਸ਼ਨੂੰ ਹੈ ਅਤੇ ਉਸ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***212***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਉਮਰ 28 ਸਾਲ,ਕੱਦ 5 ਫੁੱਟ 4 ਇੰਚ, ਧਾਲੀਵਾਲ (ਨਾਈ ਸਿੱਖ) ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਕਨੇਡਾ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਅਤੇ ਇੰਡੀਆ ਤੋਂ ਬੈਚੂਲਰ ਡਿਗਰੀ ਹੈ। ਸੰਪਰਕ: 587 839 1530 ਜਾਂ ਈ ਮੇਲ : jagdevssingh12@gmail.com ***211***

### ਲੜਕੇ ਦੀ ਲੋੜ

ਕਨੇਡੀਅਨ ਬੌਰਨ, 1990,ਕੱਦ 5 ਫੁੱਟ 7 ਇੰਚ,ਕਨੇਡਾ ਦੀ ਲੈਥਬਰਿੱਜ ਯੂਨੀਵਰਸਿਟੀ ਤੋਂ ਬੈਚੂਲਰ ਆਫ ਮੈਨੇਜਮੈਂਟ (ਅਕਾਊਂਟਿੰਗ ਮੇਜਰ) ਦੀ ਡਿਗਰੀ ਹੋਲਡਰ,ਜੱਟ ਸਿੱਖ ਬਰਾੜ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਨਾਮਵਰ ਕੰਪਨੀ ਵਿੱਚ ਜੌਬ ਕਰਦੀ ਲੜਕੀ ਲਈ ਕਨੇਡਾ ਦੇ ਹੀ ਜਨਮੇ, ਅਤੇ ਕਨੇਡਾ ਵਿੱਚ ਹੀ ਪੜੇ ਲਿਖੇ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 7072 ***211***

### ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਬਾਠ ,ਤਲਾਕਸੁਦਾ ਉਮਰ 42 ਸਾਲ ,ਕੱਦ 5 ਫੁੱਟ 7 ਇੰਚ,ਲਈ ਹਾਣ ਪ੍ਰਵਾਣ ਦੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। 2 ਬੱਚੇ ਜੋ ਕਿ 18 ਸਾਲ ਤੋਂ ਵੱਧ ਉਮਰ ਦੇ ਹਨ ਉਹ ਮਾਂ ਨਾਲ ਰਹਿੰਦੇ ਹਨ। ਬਿਨਾ ਬੱਚਿਆਂ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 825 438 9687 ਜਾਂ 403 560 7894 ***211***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1988,ਕੱਦ 5 ਫੁੱਟ 3 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਫੀਜੀਓਥਰੈਪੀ,ਜੋ ਕਿ ਫੀਜੀਓਥਰੈਪੀ ਦੇ ਕਲਿਨੀਕਲ ਇਮਤਿਹਾਨ ਦੀ ਉਡੀਕ ਵਿੱਚ ਹੈ ਲਈ ਕਨੇਡਾ ਤੋਂ ਹੀ ਬਰਾਬਰ ਦੀ ਯੋਗਤਾ ਵਾਲੇ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 400 6017 ,825 365 6017 ਜਾਂ ਵਟਸ ਐਪ 91 9646618381 ***210***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਤੂਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਸੋਹਣੇ ਸੁਨੱਖੇ,(Never Married) ਉਮਰ 37 ਸਾਲ,ਕੱਦ 5 ਫੁੱਟ 10 ਇੰਚ, ਸਾਫਟਵੇਅਰ ਇੰਜੀਨੀਅਰ ਦੀ ਨੌਕਰੀ ਕਰਦੇ, ਨਾਨ ਡਰਿੰਕਰ ਲੜਕੇ ਲਈ ਪ੍ਰੋਫੈਸਨਲ ਕੁਆਲੀਫਾਈਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ ਜਾਂ ਵਟਸਐਪ 403 470 9599 ***210***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

### ਲੜਕੇ ਦੀ ਲੋੜ

ਜੱਟ ਸਿੱਖ ਔਲਖ ਪਰਿਵਾਰ ਦੀ,ਬੀਤੇ 4 ਸਾਲ ਵਰਕ ਪਰਮਿਟ ਉੱਪਰ ਤੋਂ ਸਾਈਪ੍ਰਸ ਰਹਿ ਰਹੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ : ਜੀ ਐਨ ਐਮ ਨਰਸਿੰਗ, 2 ਸਾਲ ਦਾ ਹਸਪਤਾਲ ਵਿੱਚ ਜੌਬ ਕਰਨ ਦਾ ਤਜ਼ਰਬਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਉੱਪਰ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ। ਕਾਲ: 403 681 7586 ***210***

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

### ਲੜਕੇ ਦੀ ਲੋੜ

ਪੰਜਾਬ ਰਹਿ ਰਹੀ ਚੰਗੀ ਪੜੀ ਲਿਖੀ, ਯੁਨੀਵਰਸਿਟੀ ਵਿੱਚ ਜੌਬ ਕਰਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ ਐਮ ਏ ,ਬੀ ਐਡ, ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਦੋਵੇਂ ਭਰਾ ਕਨੇਡਾ ਵੈਲ ਸੈਟਲਡ ਹਨ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ । ਸੰਪਰਕ: 403 702 0424 ***210***

**Need Nanny**

Looking for a nanny live in or live out 5 days a week (Mon - Fri) to cook, clean, and babysit 2.5 year old baby girl & 7 year old baby boy.

**Salary: $13 - $15**

**Gurbinder Sohal**

City: Regina, SK

**Contact Number 306-520-4313**

**Hiring**

**Hair and face art salon islooking for hairdresser (NOC CODE 6341) Applicants should have minimum of 1-2 years of experience.**

**Number of Vacancies :2**

**Wage rate: 20/hour fulltime job**

**Interested candidates please send your resume at email: hairandfaceart994@gmail.com**

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

**ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ**

ਪ੍ਰਿੰਟ ਐਂਡ ਡਿਜ਼ਾਇਨ ਦੇ ਖੇਤਰ ਵਿੱਚ ਕੈਲਗਰੀ ਦੀ ਵੱਡੀ ਕੰਪਨੀ ਐਰੋ ਸਾਈਨ ਵਾਲਿਆਂ ਨੂੰ ਗ੍ਰਾਫਿਕ ਡਿਜ਼ਾਇਨਰ (ਸਾਈਨ) ਦੀ ਲੋੜ ਹੈ। 3-5 ਸਾਲ ਕੰਮ ਕਰਨ ਦਾ ਤਜ਼ਰਬਾ ਹੋਵੇ । ਚੈਨਲ ਲੈਟਰ ਬਣਾਉਣ ਦਾ ਕੰਮ ਜਾਣਦਾ ਹੋਵੇ। ਤੁਸੀਂ ਇੰਡੀਆ ਤੋਂ ਵੀ ਅਪਲਾਈ ਕਰ ਸਕਦੇ ਹੋ।

aerosignandprintinc@gmail.com AERO

**ਡਰਾਇਵਰਾਂ ਦੀ ਲੋੜ**

Gagan Express LTD o/a VB Ace of Spades is now

Hiring Class 1 long haul driver

Minimum 1 year experience required

Benefits and competitive pay rate plus safety bonus

Contact :

Kanwar Brar

Hiring@vbaspades.com

**ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ**

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।

**ਸੰਪਰਕ : 587 854 3124**

**Need Office Manager/Assistant**

Hiring for a office manager/assistant who has prior proven experience in the field of law. Preference will be given to individuals who can speak and write Punjabi/ Hindi and English at a expert level. This position can be permanent full time. Interested candidates are encouraged to share resume and cover letter at :

**info@targetlaw.ca**

# BBB: The 8 Scams of XMAS

**CALGARY** (PAB) The Better Business Bureau is warning consumers this holiday season they should take care to protect themselves from scammers.

"We issue the 8 Scams of Xmas list to heighten awareness," says Mary O'Sullivan-Andersen, President and CEO of BBB Serving Southern Alberta and East Kootenay. "So far in 2022 more than $380 million has been lost to Online shopping scams across North America."

1. **Misleading social media ads:** As you scroll through your social media feed, you often see items for sale from a small business. The 2022 BBB Online Scams Report found that online purchase scams were the most common cons reported to Scam Tracker and the category with the most victims. Do your homework and research the company before ordering. Check out the business profile on BBB.org and read the reviews.

2. **Holiday apps:** Holiday-themed apps where children can video chat live with Santa, light the menorah, watch Santa feed live reindeer, track his sleigh on Christmas Eve, or relay their holiday wish lists. Review privacy policies to see what information will be collected. Be wary of free apps, as they can sometimes contain more advertising than apps that require a nominal fee. Free apps can also contain malware.

3. **Alerts about compromised accounts:** BBB has been receiving reports on Scam Tracker about a con claiming your Amazon, PayPal, Netflix or bank account has been compromised. Victims receive an email, call, or text message which explains that there has been suspicious activity on one of their accounts, and it further urges them to take immediate action to prevent the account from being compromised. Be extra cautious about unsolicited calls, emails, and texts.

4. **Free gift cards:** Nothing brings good cheer like the word 'FREE'. Scammers have been known to take advantage of this weakness by sending bulk phishing emails requesting personal information to receive free gift cards. In some of these emails, scammers impersonate legitimate companies like Starbucks and promise gift cards to loyal customers that have been supporting their business throughout the pandemic. They may also use pop-up ads or send text messages with links saying you were randomly selected as the winner for a prize.

5. **Temporary holiday jobs:** Retailers typically hire seasonal workers to help meet the demands of holiday shoppers. Shippers and delivery services are top holiday employers this year because of the increase in online orders and the need to get most of these packages delivered before Christmas. These jobs are a great way to make extra money, sometimes with the possibility of turning into a long-term employment opportunity. However, job seekers need to be wary of employment scams aimed at stealing money and personal information from job applicants. Keep an eye out for opportunities that seem too good to be true.

6. **Look-alike websites:** The holiday season brings endless emails offering deals, sales, and bargains. Be wary of emails with links enclosed. Some may lead to look-alike websites created by scammers to trick people into downloading malware, making dead-end purchases, and sharing private information. If you are uncertain about the email, do not click any of the links. Instead, hover over them to see where they reroute.

7. **Fake charities:** Typically, 40% of all charitable donations are received during the last few weeks of the year. Donors are advised to look out for fraudulent charities and scammers pretending to be individuals in need. Avoid impromptu donation decisions to unfamiliar organizations. Responsible organizations will welcome a gift tomorrow as much as they do today. Verify a charity at BBB's Give.org or on the Canada Revenue Agency website. Where possible, donate to the charity through their website and use a credit card.

8. **Fake shipping notifications:** More consumers are making purchases online, and there is also an increase in the number of notifications about shipping details from retailers and carriers. Scammers are using this new surge to send phishing emails with links enclosed that may allow unwanted access to your private information or download malware onto your device.

# ਮਹਾਨ ਕਿੱਸਾਕਾਰ ਸਾਧੂ ਦਯਾ ਸਿੰਘ ਆਰਿਫ਼

**ਦਯਾ ਸਿੰਘ ਨੇ 1915 ਵਿੱਚ ਕਿੱਸਾ ਫ਼ਨਾਹ ਦਾ ਮਕਾਨ ਲਿਖਿਆ ਜੋ ਲੱਖਾਂ ਦੀ ਗਿਣਤੀ ਵਿੱਚ ਛਪਿਆ। ਉਸ ਨੇ ਆਪਣੇ ਪੁੱਤਰ ਕੁਲਤਾਰ ਸਿੰਘ ਨੂੰ ਸੰਬੋਧਿਤ ਹੋ ਕੇ ਸਪੁੱਤਰ ਬਿਲਾਸ ਦੀ ਰਚਨਾ ਕੀਤੀ। ਉਸ ਦੀਆਂ ਹੋਰ ਰਚਨਾਵਾਂ ਵਿੱਚ ਮੁੱਖ ਤੌਰ 'ਤੇ ਪੈਂਤੀ ਅੱਖਰੀ ਬੈਂਤ ਵਿੱਚ, ਦੂਜੀ ਪੈਂਤੀ ਅੱਖਰੀ ਕਬਿੱਤ ਵਿੱਚ, ਫ਼ਾਰਸੀ ਲਿਪੀ ਤੇ ਅਧਾਰਿਤ ਸੀਹਰਫ਼ੀ ਵਗੈਰਾ ਹਨ। ਕੁੱਲ ਦੋ ਦਰਜਨ ਦੇ ਕਰੀਬ ਪ੍ਰਸੰਗ ਲਿਖੇ ਜਿੰਨ੍ਹਾਂ ਵਿੱਚੋਂ ਬਹੁਤੇ ਅਣਛਪੇ ਪਏ ਹਨ।**




ਜਗਦੇਵ ਸਿੱਧੂ
403 351 1136

ਉਹ ਵੀ ਸਮਾਂ ਸੀ ਜਦੋਂ ਕੋਈ ਬਰਾਤ ਆਉਂਦੀ, ਤੀਜੇ ਦਿਨ ਮੁੜਦੀ ਹੁੰਦੀ ਸੀ, ਫੇਰ ਅਗਲੇ ਦਿਨ ਮੁੜਨ ਲੱਗ ਪਈ ਤੇ ਫੇਰ ਜੋ ਕੁਛ ਹੋ ਰਿਹੈ, ਸਭ ਦੇ ਸਾਹਮਣੇ ਹੈ। ਲੱਗਦਾ ਹੈ ਇਸ ਤਬਦੀਲੀ ਨਾਲ ਅਸੀਂ ਖੱਟਿਆ ਤਾਂ ਕੁੱਝ ਨਹੀਂ ਪਰ ਗੰਵਾ ਬਹੁਤ ਕੁੱਝ ਲਿਆ ਹੈ, ਜੋ ਇੱਕ ਵੱਖਰਾ ਵਿਸ਼ਾ ਹੈ। ਉਦੋਂ ਜੰਨ ਦਾ ਉਤਾਰਾ ਹਥਾਈ ਵਿੱਚ ਕੀਤਾ ਜਾਂਦਾ ਸੀ, ਜਾਂ ਕਿਸੇ ਘਰ ਦੇ ਮੂਹਰਲੇ ਵੱਡੇ ਦਰਵਾਜ਼ੇ (ਦਲਾਣ) ਵਿੱਚ ਹੁੰਦਾ ਸੀ। ਕੋਠੇ 'ਤੇ ਦੋ ਮੰਜੇ ਪੈਂਦ ਪਰਨੇ ਕਰ ਕੇ ਉੱਪਰ ਸਪੀਕਰ ( ਧੂਤੂ ) ਟੰਗਿਆ ਜਾਂਦਾ ਸੀ। ਤਵਿਆਂ ਵਾਲੀ ਮਸ਼ੀਨ ( ਗ੍ਰਾਮੋਫ਼ੋਨ ) ਨੂੰ ਚਾਬੀ ਦੇ ਕੇ, ਉੱਪਰ ਸੂਈ ਟਿਕਾ ਕੇ ਜਦੋਂ ਸਪੀਕਰ ਵਿੱਚੋਂ ਨਿੱਕਲੀ ਆਵਾਜ਼ ਸਾਰੇ ਪਿੰਡ 'ਤੇ ਫੈਲ ਜਾਂਦੀ ਸੀ ਤਾਂ ਲੋਕਾਂ ਦੇ ਕੰਨ ਖੜ੍ਹੇ ਹੋ ਜਾਂਦੇ ਸਨ। ਜਵਾਕ ਮਸ਼ੀਨ ਦੁਆਲੇ ਆ ਬਹਿੰਦੇ, ਘਸੀਆਂ ਸੂਈਆਂ ਚੁੱਕਦੇ ਰਹਿੰਦੇ। ਉਸ ਵੇਲੇ ਦਾ ਕਿਹੜਾ ਅਭਾਗਾ ਸਰੋਤਾ ਹੋਵੇਗਾ ਜਿਸ ਨੇ ਇਹ ਰਿਕਾਰਡ ਵਜਦਾ ਨਾ ਸੁਣਿਆਂ ਹੋਵੇਗਾ। ਇਸ ਦੇ ਬੋਲ ਤਾਂ ਹੁਣ ਤੱਕ ਗੁਣਗੁਣਾਏ ਜਾਂਦੇ ਹਨ।

**ਖਾ ਲੈ ਖਰਚ ਲੈ ਪੁੰਨ ਤੇ ਦਾਨ ਕਰ ਲੈ, ਦੌਲਤ ਵਿੱਚ ਜ਼ਮੀਨ ਦੇ ਪੜੀ ਰਹਿਣੀ।**
**ਕੋਈ ਰੋਜ਼ ਤੂੰ ਸੜਕ ਤੇ ਸੈਰ ਕਰ ਲੈ, ਬੱਘੀ ਵਿੱਚ ਤਬੇਲਿਆਂ ਖੜ੍ਹੀ ਰਹਿਣੀ।**
**ਦਾਰੂ ਬੂਟੀਆਂ ਲੱਖ ਇਲਾਜ ਕਰ ਲੈ, ਜਿੰਦ ਨਹੀਂ ਹਕੀਮ ਦੀ ਫੜੀ ਰਹਿਣੀ।**
**ਨਾ ਹੱਟ ਬਜ਼ਾਰ ਨਾ ਬਾਣੀਆਂ ਈਂ, ਵੱਟਾ, ਤੱਕੜੀ, ਸੇਰ ਨਾ ਧੜੀ ਰਹਿਣੀ।**

ਇਹ ਮਸ਼ਹੂਰ ਬੈਂਤ ਸਾਧੂ ਦਯਾ ਸਿੰਘ ਆਰਿਫ਼ ਦੀ ਅਮਰ ਰਚਨਾ 'ਜ਼ਿੰਦਗੀ ਬਿਲਾਸ' ਵਿੱਚੋਂ ਉੱਨੀਵੀਂ ਉਮਰ ਦੇ ਬਿਲਾਸ ਦੀ ਹੈ। ਉਹ ਕਵੀਸ਼ਰਾਂ ਤੇ ਕਿੱਸਾਕਾਰਾਂ ਦਾ ਜ਼ਮਾਨਾ ਸੀ ਜੋ ਲੋਕਾਂ ਦਾ ਮਨੋਰੰਜਨ ਵੀ ਕਰਦੇ ਸਨ, ਸੱਭਿਆਚਾਰ ਤੇ ਬੋਲੀ ਨੂੰ ਅਮੀਰੀ ਵੀ ਬਖ਼ਸ਼ਦੇ ਸਨ ਅਤੇ ਉਪਦੇਸ਼ਾਤਮਕ ਬ੍ਰਿਤਾਂਤ ਸਿਰਜ ਕੇ ਸਮਾਜ ਨੂੰ ਨਰੋਈ ਸੇਧ ਵੀ ਦਿੰਦੇ ਸਨ।


ਦਯਾ ਸਿੰਘ ਦਾ ਜਨਮ 26 ਦਸੰਬਰ, 1894 ਈ: ਨੂੰ ਸੰਤਾ ਸਿੰਘ ਦੇ ਘਰ ਮਾਤਾ ਰਾਮਦੇਈ ਦੀ ਕੁੱਖੋਂ ਜਲਾਲਾਬਾਦ



ਪੂਰਬੀ, ਤਹਿਸੀਲ ਜ਼ੀਰਾ, ਜ਼ਿਲਾ ਫ਼ੀਰੋਜ਼ਪੁਰ ( ਉਦੋਂ ) ਵਿਖੇ ਹੋਇਆ। ਉਸ ਦਾ ਪਹਿਲਾ ਨਾਂ ਦੇਵਾ ਸਿੰਘ ਸੀ। ਉਸ ਨੂੰ ਬਚਪਨ ਤੋਂ ਹੀ ਕਈ ਜ਼ਬਾਨਾਂ ਸਿੱਖਣ ਅਤੇ ਕਈ ਤਰ੍ਹਾਂ ਦੀ ਵਿੱਦਿਆ ਹਾਸਲ ਕਰਨ ਦੀ ਰੁਚੀ ਸੀ। ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਗੁਰਮੁਖੀ ਸਿੱਖੀ, ਬਾਬਾ ਹਰੀ ਸਿੰਘ ਨੇ ਉਸ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਨਾ ਸਿਖਾਇਆ। ਉਰਦੂ ਜ਼ੁਬਾਨ ਦੀ ਸਿੱਖਿਆ ਮੌਲਵੀ ਇਬਰਾਹੀਮ ਕੋਲੋਂ ਪ੍ਰਾਪਤ ਕੀਤੀ। ਸੁੰਦਰ ਸਿੰਘ ਪਟਵਾਰੀ ਅਤੇ ਮੁਨਸ਼ੀ ਰਾਮ ਖੱਤਰੀ ਤੋਂ ਫ਼ਾਰਸੀ ਪੜ੍ਹਨ- ਲਿਖਣ ਦਾ ਗਿਆਨ ਹਾਸਲ ਕੀਤਾ। ਸ਼ਾਦੀ ਖ਼ਾਂ ਤੋਂ ਕੁਰਾਨ ਸ਼ਰੀਫ਼ ਦਾ ਅਧਿਐਨ ਕਰਨਾ ਸਿੱਖਿਆ। ਉਸ ਨੇ ਵਿੱਦਿਆ ਦਾ ਗਿਆਨ ਜਿੱਥੋਂ ਕਿਤੋਂ ਪ੍ਰਾਪਤ ਹੋ ਸਕਿਆ, ਗ੍ਰਹਿਣ ਕੀਤਾ। ਡੇਰੇ ਵਿੱਚ ਰਹਿ ਕੇ ਪੁਰਾਤਨ ਹਿੰਦੂ ਸ਼ਾਸ਼ਤਰਾਂ, ਵੇਦਾਂ, ਪੁਰਾਣਾਂ, ਉਪਨਿਸ਼ਦਾਂ ਦਾ ਗਿਆਨ ਪ੍ਰਾਪਤ ਕੀਤਾ। ਧਰਮਕੋਟ ਦੇ ਬਾਬਾ ਸਾਵਨ ਦਾਸ ਤੋਂ ਸੰਸਕ੍ਰਿਤ ਦਾ ਅਤੇ ਪ੍ਰਭਾਤੀ ਦਾਸ ਤੋਂ ਵੇਦਾਂਤ ਦੇ ਖੇਤਰ ਦਾ ਗਿਆਨ ਗ੍ਰਹਿਣ ਕੀਤਾ। 20 ਸਾਲ ਦੀ ਉਮਰ ਤੱਕ ਉਸ ਦੀ ਜਗਿਆਸਾ ਗਿਆਨ ਪ੍ਰਾਪਤੀ ਵੱਲ ਹੀ ਰਹੀ। ਇਸ ਸਮੇਂ ਦੌਰਾਨ ਉਸ ਨੇ ਇਸਲਾਮ, ਵੇਦਾਂਤ ਅਤੇ ਗੁਰਮਤਿ ਦਾ ਜਿੰਨਾ ਵੀ ਗਿਆਨ ਉਪਲਬਧ ਹੋਇਆ, ਆਪਣੀ ਬੁੱਧੀ ਤੇ ਮਿਹਨਤ ਸਦਕਾ ਹਾਸਲ ਕਰ ਲਿਆ ਸੀ।

ਇਸ ਵਿਸ਼ਾਲ ਤੇ ਅਹਿਮ ਗਿਆਨ ਪ੍ਰਾਪਤੀ ਦੇ ਨਾਲ-ਨਾਲ ਉਸ ਦੀ ਜਗਿਆਸਾ ਪੂਰੀ ਨਹੀਂ ਹੋਈ। ਉਸ ਸਮੇਂ ਸੁਲੱਭਦ ਸ਼ਾਇਰਾਂ ਦੇ ਕਿੱਸੇ ਤੇ ਰਚਨਾਵਾਂ ਵੀ ਪੜ੍ਹੀਆਂ ਜਿੰਨ੍ਹਾਂ ਵਿੱਚ ਮੁੱਖ ਤੌਰ ਤੇ ਉਲੇਖ ਕਰਨ ਯੋਗ ਹਨ — ਕਿਸ਼ਨ ਸਿੰਘ ਆਰਿਫ਼ ਦੀ ਹੀਰ, ਪੰਡਿਤ ਮਾਨ ਸਿੰਘ ਕਾਲੀਦਾਸ ਵਾਲੇ ਗੁੱਜਰਾਂਵਾਲੇ ਦਾ ਪੂਰਨ ਭਗਤ, ਪੰਡਿਤ ਦੌਲਤ ਰਾਮ ਦਾ ਰੂਪ ਬਸੰਤ, ਮੌਲਵੀ ਅਬਦੁਲ ਸਿਤਾਰ ਦਾ ਯੂਸਫ਼ ਜ਼ੁਲੈਖ਼ਾਂ ਅਤੇ ਹੋਰ ਜੋ ਵੀ ਕਿੱਸੇ ਤੇ ਬ੍ਰਿਤਾਂਤ ਮਿਲੇ। ਉਪ੍ਰੋਕਤ ਸਾਰੇ ਵੇਰਵੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਦਯਾ ਸਿੰਘ ਦਾ ਝੁਕਾਅ ਧਾਰਮਿਕ ਕੱਟੜਤਾ, ਜਾਤੀ ਪ੍ਰਥਾ ਅਤੇ ਰੁਮਾਂਚਵਾਦ ਵੱਲ ਨਹੀਂ ਸੀ। ਉਸ ਦੀਆਂ ਰਚਨਾਵਾਂ ਕਰ ਕੇ ਵੀ ਉਸ ਨੂੰ ਉਪਦੇਸ਼ਾਤਮਕ ਕਵੀ/ਕਵੀਸ਼ਰ ਵੱਜੋਂ ਜਾਣਿਆ ਜਾਂਦਾ ਹੈ। ਉਸ ਨੇ ਕਿੱਸੇ ਲਿਖੇ ਵੀ ਅਤੇ ਆਪਣਾ ਕਵੀਸ਼ਰੀ ਜਥਾ ਵੀ ਬਣਾਇਆ ਹੋਇਆ ਸੀ। ਉਸ ਦੇ ਸ਼ਾਗਿਰਦਾਂ ਵਿੱਚ ਪ੍ਰਮੁੱਖ ਰੱਲਾ ਸਿੰਘ ਸੀ। ਭਾਰਤ ਦੀ ਕੇਂਦਰੀ ਵਜ਼ਾਰਤ ਵਿੱਚ ਰਾਜਮੰਤਰੀ ਬਨਣ ਵਾਲਾ ਧੰਨਾ ਸਿੰਘ ਗੁਲਸ਼ਨ, ਦਯਾ ਸਿੰਘ ਦਾ ਸ਼ਾਗਿਰਦ ਕਵੀਸ਼ਰ ਵੀ ਸੀ ਅਤੇ ਰਿਸ਼ਤੇਦਾਰ ਵੀ। ਦਯਾ ਸਿੰਘ ਨੇ 1928-29 ਵਿੱਚ ਮਲਾਇਆ ਦਾ ਦੌਰਾ ਵੀ ਕੀਤਾ ਸੀ। ਉਸ ਦਾ ਪਹਿਰਾਵਾ ਦਰਵੇਸ਼ਾਂ ਵਾਲਾ ਸੀ। ਖੱਦਰ ਦਾ ਕੁੜਤਾ, ਢਾਈ ਗਜ਼ ਦੀ ਧੋਤੀ, ਪਗੜੀ ਕਦੇ ਚਿੱਟੀ ਜਾਂ ਕਦੇ ਪੀਲੇ ਰੰਗ ਦੀ ਹੁੰਦੀ ਸੀ। ਅੰਮ੍ਰਿਤ ਛਕਣ ਤੋਂ ਮਗਰੋਂ ਉਹ ਸਫ਼ੈਦ ਕੱਪੜੇ ਪਹਿਨਿਆ ਕਰਦਾ ਸੀ। ਘੁੱਟਵਾਂ ਚੂੜੀਦਾਰ ਪਜਾਮਾ, ਗਾਤਰੇ ਕ੍ਰਿਪਾਨ, ਸਫ਼ੈਦ ਰੰਗ ਦਾ ਚੋਲਾ, ਚਿੱਟੀ ਦਸਤਾਰ, ਜਿਸ ਦੇ ਹੇਠਾਂ ਪੀਲੇ ਰੰਗ ਦੀ ਕੇਸ਼ਕੀ ਹੁੰਦੀ ਸੀ। ਉਸ ਨੂੰ ਪੜ੍ਹਨ ਅਤੇ ਅਧਿਐਨ ਕਰਨ ਦਾ ਸ਼ੌਕ ਲਗਾਤਾਰ ਰਿਹਾ। ਉਹ ਘੰਟਿਆਂ-ਬੱਧੀ ਮਗਨ ਹੋ ਕੇ ਪੜ੍ਹਨ ਵਿੱਚ ਮਸਰੂਫ਼ ਰਹਿੰਦਾ ਸੀ। ਜੋ ਕੁਛ ਚੰਗਾ ਲੱਗਦਾ, ਉਹ ਲਿਖ ਕੇ ਰੱਖ ਲੈਂਦਾ। ਉਸ ਦੀ ਯਾਦਦਾਸ਼ਤ ਕਮਾਲ ਦੀ ਸੀ। ਪ੍ਰਾਪਤ ਕੀਤੇ ਗਿਆਨ ਨੂੰ ਰਚਨਾ ਕਰਨ ਸਮੇ ਨਿਪੁੰਨਤਾ ਸਹਿਤ ਵਰਤ ਲੈਂਦਾ ਸੀ।

ਦਯਾ ਸਿੰਘ ਦੇਵੀ ਦੇਵਤਿਆਂ ਦੀ ਪੂਜਾ, ਮੜ੍ਹੀ ਮਸਾਣਾ ਦੀ ਪੂਜਾ, ਪਖੰਡ, ਵਹਿਮਾਂ, ਭਰਮਾਂ, ਜਾਤ-ਪਾਤ ਤੇ ਊਚ-ਨੀਚ ਦਾ ਕੱਟੜ ਵਿਰੋਧੀ ਸੀ। ਗੰਭੀਰਤਾ, ਸਚਿਆਰ, ਸਾਦਗੀ, ਨਿਮਰਤਾ, ਵੈਰਾਗ ਅਤੇ ਉਦਾਸੀਨਤਾ ਉਸ ਦੇ





ਜੀਵਨ ਦਾ ਅਨਿੱਖੜਵਾਂ ਅੰਗ ਸਨ। ਇਨ੍ਹਾਂ ਰੰਗਾਂ ਦੀ ਉਸ ਦੀ ਸ਼ਾਇਰੀ ਵਿੱਚ ਬਹੁਲਤਾ ਮਿਲਦੀ ਹੈ। ਉਹ ਮੌਤ ਨੂੰ ਅਟੱਲ ਤਾਂ ਮੰਨਦਾ ਹੀ ਸੀ ਪਰ ਜੀਵਨ ਨੂੰ ਮਿੱਥਿਆ ਨਹੀਂ ਸੀ ਸਮਝਦਾ, ਸਗੋਂ ਸ਼ੁਭ ਕਰਮ ਕਰਨ ਦਾ ਸੰਦੇਸ਼ ਦਿੰਦਾ ਸੀ। ਉਹ ਬੁਰਾਈਆਂ ਤਿਆਗਣ, ਸੰਭਲ ਕੇ ਚੱਲਣ ਤੇ ਦਯਾ ਕਰਨ ਵਰਗੇ ਸਦਾਚਾਰੀ ਗੁਣਾਂ ਦਾ ਧਾਰਨੀ ਸੀ।

ਦਯਾ ਸਿੰਘ ਨੇ 1915 ਵਿੱਚ ਕਿੱਸਾ ਫ਼ਨਾਹ ਦਾ ਮਕਾਨ ਲਿਖਿਆ ਜੋ ਲੱਖਾਂ ਦੀ ਗਿਣਤੀ ਵਿੱਚ ਛਪਿਆ। ਉਸ ਨੇ ਆਪਣੇ ਪੁੱਤਰ ਕੁਲਤਾਰ ਸਿੰਘ ਨੂੰ ਸੰਬੋਧਿਤ ਹੋ ਕੇ ਸਪੁੱਤਰ ਬਿਲਾਸ ਦੀ ਰਚਨਾ ਕੀਤੀ। ਉਸ ਦੀਆਂ ਹੋਰ ਰਚਨਾਵਾਂ ਵਿੱਚ ਮੁੱਖ ਤੌਰ ਤੇ ਪੈਂਤੀ ਅੱਖਰੀ ਬੈਂਤ ਵਿੱਚ, ਦੂਜੀ ਪੈਂਤੀ ਅੱਖਰੀ ਕਬਿੱਤ ਵਿੱਚ, ਫ਼ਾਰਸੀ ਲਿਪੀ ਤੇ ਅਧਾਰਿਤ 'ਸੀਹਰਫ਼ੀ' ਵਗੈਰਾ ਹਨ। ਕੁੱਲ ਦੋ ਦਰਜਨ ਦੇ ਕਰੀਬ ਪ੍ਰਸੰਗ ਲਿਖੇ ਜਿੰਨ੍ਹਾਂ ਵਿੱਚੋਂ ਬਹੁਤੇ ਅਣਛਪੇ ਪਏ ਹਨ।

ਜ਼ਿੰਦਗੀ ਬਿਲਾਸ — ਜ਼ਿੰਦਗੀ ਬਿਲਾਸ ਉਹ ਸ਼ਾਹਕਾਰ ਹੈ ਜੋ ਹੀਰ ਵਾਰਸ ਸ਼ਾਹ ਤੋਂ ਬਾਦ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਕਿੱਸਾ ਹੈ। ਇਸ ਦੇ ਛਪਣ ਦੀ ਗਿਣਤੀ ਪੰਜ ਲੱਖ ਤੋਂ ਵੱਧ ਮੰਨੀ ਜਾਂਦੀ ਹੈ। ਇਹ ਕਿੱਸਾ 23 ਅਗਸਤ,1916 ਨੂੰ ਮੁਕੰਮਲ ਹੋਇਆ ਸੀ, ਜਦੋਂ ਦਯਾ ਸਿੰਘ ਦੀ ਉਮਰ ਵੀਹ ਸਾਲ ਸੀ। ਇਸ ਛਪੇ ਹੋਏ ਕਿੱਸੇ ਦੇ 82 ਪੰਨੇ ਹਨ। ਉਮਰ ਦੇ ਸੌ ਸਾਲ ਮੰਨ ਕੇ ਲਿਖਿਆ ਗਿਆ ਹੈ ਜਿਸ ਵਿੱਚੋਂ ਅੱਸੀ ਸਾਲ ਦੇ ਬਿਲਾਸ ਬੈਂਤ ਵਿੱਚ, 81 ਤੋਂ 100 ਸਾਲ ਦੇ ਤਾਟੰਕ ਛੰਦ ਵਿੱਚ ਹਨ। ਇਸ ਤੋਂ ਅੱਗੇ 'ਉੱਤਮ ਉਪਦੇਸ਼' ਹੇਠ 39 ਬੈਂਤਾਂ ਹਨ। ਪ੍ਰਚੱਲਤ ਰਵਾਇਤ ਅਨੁਸਾਰ ਸ਼ੁਰੂ ਵਿੱਚ ਮੰਗਲਾਚਰਨ ਲਿਖ ਕੇ ਪ੍ਰਮਾਤਮਾ ਦੀ ਮਹਿਮਾ ਕੀਤੀ ਹੈ, ਜੋ ਇਸ ਤਰ੍ਹਾਂ ਹੈ —

ੴਅੰਕਾਰ ਸਰਬ ਘਟ ਵਾਸੀ। ਅਜਰ ਅਮਰ ਨਿਹਚਲ ਅਬਿਨਾਸੀ।
ਬ੍ਰਹਮ ਬਿੰਦ ਤੇ ਸਭ ਉਤਪਾਤੀ। ਕੈਸੇ ਮਾਨੂੰ ਜਾਤ-ਬੇਜਾਤੀ।

ਉਹ ਏਥੇ ਹੀ ਨਿਬੇੜਾ ਕਰ ਦਿੰਦਾ ਹੈ ਕਿ ਜਦੋਂ ਸਾਰੀ ਉਤਪਤੀ ਇੱਕੋ ਸ੍ਰੋਤ ਤੋਂ ਹੋਈ ਹੈ ਤਾਂ ਕੋਈ ਉੱਚਾ ਨੀਵਾਂ ਕਿਵੇਂ ਹੋ ਸਕਦਾ ਹੈ। ਇਉਂ ਜਾਤ-ਪਾਤ ਨੂੰ ਮੂਲੋਂ ਨਕਾਰਦਾ ਹੈ।

ਦਯਾ ਸਿੰਘ ਨੇ ਅਧਿਐਨ ਦੀ ਅਹਿਮੀਅਤ ਦਸਵੇਂ ਸਾਲ ਵਿੱਚ ਦੱਸੀ ਹੈ ਜਦੋਂ ਇਹ ਕਰਮ ਕਰਨ ਦੀ ਰੁਚੀ ਪੈਦਾ ਹੋਣੀ ਚਾਹੀਦੀ ਹੈ –

ਜਿਹੜਾ ਰੋਜ਼ ਮੁਤਾਲਿਆ ਨਹੀਂ ਕਰਦਾ, ਕਿਸੇ ਰੋਜ਼ ਨੂੰ ਹਿਫ਼ਜ਼ ਕੁਰਾਨ ਹੈ ਨਹੀਂ।

**ਪੰਦਰ੍ਹਵੇਂ ਸਾਲ ਅੰਦਰ ਜਪਾਂ, ਤਪਾਂ, ਭੇਖਾਂ, ਪਖੰਡਾਂ, ਮੰਤਰਾਂ ਵਗੈਰਾ ਦਾ ਖੰਡਨ ਕਰਦਾ ਲਿਖਦਾ ਹੈ -**

**ਵਸਦਾ ਅੰਦਰੇ ਰੱਬ ਰਹੀਮ ਸਾਡੇ, ਕਰੀਏ ਵਿਚ ਉਜਾੜ ਦੇ ਭਾਲ ਕਿੱਥੇ।**

**ਇਸੇ ਤਰ੍ਹਾਂ ਚੌਵੀਵੇਂ ਸਾਲ ਅੰਦਰ -**

**ਗੱਲ ਅੰਦਰੋਂ ਲੱਭ ਲਈ ਆਸ਼ਕਾਂ ਨੇ, ਮੱਕੇ ਜਾਣ ਦੀ ਬਾਤ ਮੁਕਾ ਦਿੱਤੀ।**

**ਹਰੇਕ ਉਮਰ ਦੀ ਵਿਸ਼ੇਸ਼ਤਾ ਵੀ ਬਿਆਨ ਕੀਤੀ ਹੈ, ਜਿਵੇਂ ਸੋਲ੍ਹਵੇਂ ਸਾਲ ਬਾਰੇ -**

**ਮੁੱਛਾਂ ਫੁੱਟੀਆਂ ਰੰਗ ਨੇ ਚਮਕ ਮਾਰੀ, ਜੋਬਨ ਕੀਤੀਆਂ ਜ਼ਾਹਰ ਨਿਸ਼ਾਨੀਆਂ ਈਂ।**

ਇੱਕੀਵੇਂ ਸਾਲ ਅੰਦਰ ਭੈੜੀਆਂ ਆਦਤਾਂ ਪ੍ਰਤੀ ਸੁਚੇਤ ਕਰਦਾ ਹੈ –

ਦਾਰੂ, ਕੰਜਰੀ, ਮਾਸ, ਸ਼ਰਾਬ ਪੀਵੇ, ਖੱਟੀ ਬਾਪ ਦੀ ਮਰਦ ਲੁਟੌਣ ਲੱਗਾ।

ਮੁਰਸ਼ਦ ਅਤੇ ਗੁਰੂ ਦੀ ਮਹਿਮਾ ਸਤਾਈਵੇਂ ਸਾਲ ਵਿਚ ਇਉਂ ਹੈ –

ਬਿਨਾਂ ਪੂਰਿਆਂ ਕਾਮਲਾਂ ਮੁਰਸ਼ਦਾਂ ਤੋਂ, ਕਿਨੇ ਵਾਹਦਤੀ ਸ਼ਬਦ ਪੜ੍ਹਾਵਣਾ ਨਹੀਂ।

ਚੌਂਤੀਵਾਂ ਸਾਲ ਮਨ-ਇੰਦਰੇ ਕਾਬੂ ਕਰਨ ਦੀ ਨਸੀਹਤ ਦੇ ਲੇਖੇ ਹੈ –

ਏਸ ਚਿੱਤ ਨੂੰ ਆਪਣੇ ਵੱਸ ਕਰ ਲੈ, ਏਹੋ ਚਿੱਤ ਮੁਸੀਬਤਾਂ ਪਾਉਂਦਾ ਈ।

ਸੋਈ ਇੰਦਰੇ ਜੀਵ ਦੇ ਕਰਮ ਕਰਦੇ, ਜਿਹੜੇ ਕੰਮ ਨੂੰ ਚਿੱਤ ਫ਼ੁਰਮਾਉਂਦਾ ਈ।

ਪੰਜਤਾਲੀਵੇਂ ਸਾਲ ਅੰਦਰ ਗਿਆਨ ਪ੍ਰਾਪਤੀ ਦੇ ਸਹੀ ਤਰੀਕੇ ਦਾ ਚੱਜ ਦੱਸਿਆ ਹੈ –

ਮਤਲਬ ਏਸ ਦਾ ਪੁੱਛ ਲੈ ਮੁਰਸ਼ਦਾਂ ਤੋਂ, ਗੁੱਝੀ ਰਮਜ਼ ਕਿਤਾਬ ਤੋਂ ਬਾਹਰ ਮੀਆਂ।

ਸੱਚੇ ਸਿੱਖ ਦੇ ਕਿਰਦਾਰ ਬਾਰੇ ਸੱਠਵੇਂ ਸਾਲ ਵਿੱਚ ਮੱਤ ਦਿੱਤੀ ਹੈ –

ਸਿੱਖੀ ਵਿੱਚ ਤਾਂ ਉੱਤਰੇ ਉਹ ਪੂਰਾ, ਧਰਮ ਹੇਤ ਜੋ ਦੁਖੜੇ ਜਰੇ ਸਿੱਖਾ।

ਰੁਜ਼ਗਾਰ ਖ਼ਾਤਰ ਵਿਦੇਸ਼ੀਂ ਜਾਣ ਵਾਲਿਆਂ ਦੀ ਅਸਲੀਅਤ ਬਾਹਠਵੇਂ ਸਾਲ ਵਿੱਚ ਨਿਹਿਤ ਹੈ –

ਪੇਟ ਚੰਦਰਾ ਕੱਢ ਕੇ ਦੇਸ ਵਿੱਚੋਂ, ਜਾ ਕੇ ਦੇਸ-ਪ੍ਰਦੇਸ ਰੁਲਾਂਵਦਾ ਈ।

ਪੈਂਹਟਵੇਂ ਤੇ ਛਿਆਹਟਵੇਂ ਸਾਲ ਦੇ ਬਿਲਾਸ ਅੰਦਰ ਉਚੇਚੇ ਤੌਰ ਤੇ ਔਰਤਾਂ ਨੂੰ ਸੰਬੋਧਨ ਕਰ ਕੇ ਗਿਆਨ ਪਰੋਸਿਆ ਹੈ। ਔਰਤਾਂ ਨੂੰ ਵਿਰੱਕਤ ਹੋਣ ਬਾਰੇ ਨਹੀਂ ਸਗੋਂ ਕਾਰਜਸ਼ੀਲ ਰਹਿੰਦਿਆਂ ਸਾਰਥਕ ਤਰੀਕਾ ਅਖ਼ਤਿਆਰ ਕਰਨ ਦਾ ਉਪਦੇਸ਼ ਦੇ ਧਰਿਆ ਹੈ –

ਅੱਠੇ ਪਹਿਰ ਬੇਸ਼ੱਕ ਵਿਵਹਾਰ ਕਰੀਏ, ਵੱਜੇ ਅੰਦਰੋਂ ਨਾਮ ਦੀ ਤਾਰ ਮਾਈ ?।

ਚੁਰਾਸੀਵੇਂ ਸਾਲ ਅੰਦਰ ਮੁਰਸ਼ਦ ਤੇ ਸ਼ਗਿਰਦ ਦੇ ਕਿਰਦਾਰ ਦਾ ਵਧੀਆ ਚਿਤ੍ਰਣ ਹੈ –

ਸੰਤ ਮਹਾਤਮਾ ਮਾਸਟਰ ਜਾਣੋ, ਸਬਕ ਸ਼ਲੋਕ ਪੜ੍ਹਾਤੇ ਹੈਂ।
ਜੇ ਕੋਈ ਆਣ ਬਣੇ ਜਗਿਆਸੂ, ਦਿਲ ਦਾ ਭਰਮ ਮਿਟਾਤੇ ਹੈਂ।

ਛਿਆਸੀਵਾਂ ਸਾਲ ਬੁਢਾਪੇ ਦੀ ਬੇ-ਕਦਰੀ ਦਾ ਨਕਸ਼ਾ ਸਾਹਮਣੇ ਲਿਆ ਦਿੰਦਾ ਹੈ –

ਸਭ ਕੋਈ ਕਹਿੰਦਾ ਘਰ ਨਹੀਂ ਰੱਖਣੀ, ਸੁੱਟ ਦਿ? ਚੀਜ਼ ਪੁਰਾਣੀ ਨੂੰ।

ਨੱਬੇਵੇਂ ਸਾਲ ਵਿਚ ਬੁਢਾਪੇ ਦਾ ਦਰਦ ਅਤੇ ਮੌਤ ਦਾ ਅਹਿਸਾਸ ਬੇ-ਚੈਨ ਕਰੀ ਰੱਖਦੇ ਹਨ –

ਨਹੀਂ ਤੁਰਨ ਦੀ ਤਾਕਤ ਰਹਿ ਗਈ, ਹਾਰ ਗਿਆ ਬਲ ਬਾਂਹੀਂ ਦਾ।
ਦਯਾ ਸਿੰਘ ਘਰ ਦਰਜ਼ੀ ਬੈਠਾ ਹੁਣ ਤੇ ਕੱਫਣ ਸੁਆਈਂ ਦਾ।

ਇਸ ਤੋਂ ਅਗਲੇ ਸਾਲਾਂ ਵਿੱਚ ਬੁਢਾਪੇ ਦੀ ਤਰਸਯੋਗ ਹਾਲਤ, ਬੇ-ਕਦਰੀ, ਬੇ-ਬਸੀ ਅਤੇ ਮੌਤ ਦੇ ਨੇੜੇ ਸਰਕੀ ਜਾਣ ਦਾ ਦਿਲ-ਟੁੰਬਵਾਂ ਜ਼ਿਕਰ ਹੈ –

ਤੈਨੂੰ ਜਗ੍ਹਾ ਦਿੱਤੀ ਵਿਚ ਡਿਉਢੀ, ਬੈਠੇ ਸਾਂਭ ਅਟਾਰੀ ਨੂੰ।
ਪਕੜ ਉਤਾਰੇ ਬਸਤਰ ਸਾਰੇ, ਕੱਫ਼ਨ ਚਿੱਟੜਾ ਪਾਇਆ ਈ।

ਜ਼ਿੰਦਗੀ ਬਿਲਾਸ ਮਨੁੱਖ ਦੀ ਸੌ ਸਾਲ ਦੀ ਉਮਰ ਕਿਆਸ ਕੇ ਲਿਖਿਆ ਗਿਆ ਹੈ, ਪਰ ਇਸ ਤੋਂ ਮਗਰਲੀਆਂ ਉਪਦੇਸ਼ਾਤਮਕ ਬੈਂਤਾਂ ਵਿੱਚ 27, 28 ਤੇ 29 ਵਿੱਚ ਜ਼ਿਕਰ ਹੈ ਕਿ ਮੌਤ ਕਿਸੇ ਵੀ ਉਮਰ ਵਿੱਚ, ਕਿਸੇ ਵੀ ਵੇਲੇ ਆ ਸਕਦੀ ਹੈ। ਉਪਦੇਸ਼ ਦਿੱਤਾ ਗਿਆ ਹੈ ਕਿ ਹੁਣੇ ਚੰਗੇ ਕਰਮ ਕਮਾਉਣ ਤੇ ਕਰਤੇ ਨੂੰ ਯਾਦ ਕਰਨ ਦਾ ਵੇਲਾ ਹੈ —

ਦਯਾ ਸਿੰਘ ਨਾ ਇਲਮ ਤੇ ਅਮਲ ਕੀਤਾ, ਲੱਖ ਲਾਹਨਤਾਂ ਪੜ੍ਹਨ-ਪੜ੍ਹਾਉਣੇ ਨੂੰ।
— ਦਿਲਾ ਫ਼ਿਕਰ ਤੂੰ ਅਗਾਂਹ ਦਾ ਅੱਜ ਕਰ ਲੈ, ਖ਼ਬਰੇ ਚੱਲਣਾ ਛੱਡ ਜਹਾਨ ਭਲਕੇ।

ਮਹਾਨ ਸ਼ਾਇਰਾਂ ਵਿੱਚ ਇੱਕ ਗੁਣ ਸਾਂਝਾ ਵੇਖਿਆ ਗਿਆ ਹੈ ਕਿ ਉਹ ਕੋਈ ਉੱਤਮ ਰਚਨਾ ਕਰਨ ਤੋਂ ਬਾਦ ਵੀ ਨਿਮਰਤਾ ਦਾ ਪੱਲਾ ਨਹੀਂ ਛਡਦੇ। ਦਯਾ ਸਿੰਘ ਵੀ ਸਪੁੱਤਰ ਬਿਲਾਸ ਦੀ ਆਖ਼ਰੀ ਸਤਰ ਵਿੱਚ ਨਿਮਾਣਾ ਬਣ ਬਹਿੰਦਾ ਹੈ —

ਦਯਾ ਸਿੰਘ ਆਖੇ ਕਵੀ? ਮਾਫ਼ ਕਰਨਾ, ਅਸੀਂ ਨਹੀਂ ਜੇ ਕਿਸੇ ਦੇ ਪੈਰ ਵਰਗੇ।

ਦਯਾ ਸਿੰਘ ਦੀਆਂ ਰਚਨਾਵਾਂ ਵਿੱਚ ਜਿੱਥੇ ਗਿਆਨ ਦਾ ਭੰਡਾਰ ਕਾਵਿ-ਮਈ ਹੁਨਰ ਨਾਲ ਸਾਂਭਿਆ ਪਿਆ ਹੈ, ਉੱਥੇ ਇਹ ਰਚਨਾਵਾਂ ਸ਼ਾਇਰੀ ਦੇ ਪੱਖੋਂ ਵੀ ਉੱਤਮ ਨਮੂਨੇ ਦੀਆਂ ਹੋ ਨਿੱਬੜੀਆਂ ਹਨ। ਪਿੰਗਲ ਦੇ ਨਿਯਮਾ ਦੀਆਂ ਧਾਰਨੀ ਹਨ, ਪੰਜਾਬੀ ਦੇ ਸ਼ਬਦਾਂ ਦਾ ਵਡ-ਮੁੱਲਾ ਖ਼ਜ਼ਾਨਾ ਹਨ। ਲੰਮੀਆਂ ਬੈਂਤਾਂ ਕਮਾਲ ਦੇ ਹੁਨਰ ਨਾਲ ਅਸਚਰਜ ਜਨਕ ਢੁਕਵੇਂ ਤੁਕਾਤਾਂ ਨਾਲ ਨਿਭਾਈਆਂ ਹਨ। ਗਤੀ, ਸਰਲਤਾ, ਸਰੋਦ, ਸੰਗੀਤਕ ਲੈਅ ਵਜੋਂ ਆਪਣੀ ਮਿਸਾਲ ਆਪ ਹਨ। ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੀਆਂ ਅਮਰ ਰਚਨਾਵਾਂ ਦਾ ਕਰਤਾ, ਇਹ ਦਰਵੇਸ਼ ਸ਼ਾਇਰ, 6 ਅਗਸਤ, 1946 ਨੂੰ ਸਿਰਫ਼ 51 ਸਾਲ ਦੀ ਉਮਰ ਭੋਗ ਕੇ ਇਸ ਫ਼ਾਨੀ ਸੰਸਾਰ ਤੋਂ ਸਦਾ ਲਈ ਵਿਦਾ ਲੈ ਗਿਆ। ਉਸ ਦੀ ਬੇ-ਮਿਸਾਲ ਅਦੁਤੀ ਰਚਨਾਹਾਰ ਸ਼ਖ਼ਸੀਅਤ ਨੂੰ ਯਾਦ ਰੱਖਣ ਲਈ ਉਸ ਦੀਆਂ ਰਚਨਾਵਾਂ ਨੂੰ ਛਾਪਣਾ, ਪੜ੍ਹਨਾ, ਗਾਉਣਾ, ਰੀਕਾਰਡ ਕਰਵਾਉਣਾ, ਸੋਸ਼ਲ ਮੀਡੀਆ ਤੇ ਪਾਉਣਾ, ਇਨ੍ਹਾਂ ਤੇ ਖੋਜ-ਪੱਤਰ ਲਿਖਣਾ, ਪਾਠ-ਪੁਸਤਕਾਂ ਵਿੱਚ ਦੇ ਕੇ ਆਉਂਦੀਆਂ ਪੀੜ੍ਹੀਆਂ ਤੱਕ ਪੁਚਾਉਣਾ ਤੇ ਇੰਜ ਪੰਜਾਬੀ ਸੱਭਿਆਚਾਰ ਤੇ ਸਾਹਿਤ ਦੀ ਅਮੀਰੀ ਨੂੰ ਖੁਰਨ ਤੋਂ ਬਚਾਉਣਾ ਹੁਣ ਸਾਡੀ ਜ਼ਿੰਮੇਵਾਰੀ ਹੈ। ਜਦੋਂ ਤੱਕ ਅਜਿਹੇ ਸਾਰੇ ਸਰਮਾਏ ਨੂੰ ਸਾਂਭ ਕੇ ਰੱਖਿਆ ਜਾਵੇਗਾ, ਉਦੋਂ ਤੱਕ ਸਾਡੀ ਮਾਂ-ਬੋਲੀ ਨੂੰ ਕਿਸੇ ਪਾਸਿ? ਕੋਈ ਖ਼ਤਰਾ ਨਹੀਂ।

## ਸਿਆਸੀ ਝਰੋਖਿਆਂ ਵਿੱਚੋਂ ਦੀ

# ਬਣਾਂਵਾਲੀ ਆਲਾ ਐਮ ਐਲ ਏ : ਗੁਰਪ੍ਰੀਤ ਸਿੰਘ

**ਦਿਲਰਾਜ ਹਰ ਗਿਆ ਸਰਦੂਲਗੜ੍ਹੋਂ,ਚੇਤੰਨ ਸਿੰਘ ਸਮਾਓਂ ਜਿਤ ਗਿਆ ਬੁਢਲਾਢੇ ਤੋਂ , ਭੂੰਦੜ ਫਿਰ ਔਖਾ ਕਿ ਮੁੰਡਾ ਮੇਰਾ ਹਰ ਗਿਆ, ਮਿੱਤਲ ਤੇ ਸਮਾਓਂ ਜਿੱਤਗੇ, ਆਉਣ ਵਾਲੇ ਸਮੇਂ 'ਚ ਮੁੰਡੇ ਦਾ ਕੀ ਬਣੂੰ? ਏਹ ਤਾਂ ਜਮਾਂ ਈ ਪਿਛਾਂਹ ਰਹਿ ਜਾਣਾ, ਭੂੰਦੜ ਮਿੱਤਲ ਤੇ ਸਮਾਓਂ ਦੀਆਂ ਵੀ ਲੱਤਾਂ ਖਿੱਚਣ ਲੱਗਿਆ, ਮੇਰਾ ਮਾਨਸੇ ਦੀਆਂ ਸਟੇਜਾਂ ਉਤੇ ਚੜਨਾ ਬੋਲਣਾ ਬੰਦ, ਜੇ ਚੜ੍ਹਾਉਣਾ ਬੁਲਵਾਉਣਾ ਵੀ, ਤਾਂ ਉਦੋਂ ਜਦੋਂ ਬਾਦਲ ਹਾਲੇ ਸਟੇਜ ਉਤੇ ਆਉਣੇ ਹੋਣ,ਜਾਂ ਉਠਕੇ ਚਲੇ ਗਏ ਹੋਣ, ਕੁਰਸੀ ਵੀ ਪਰੇ ਜਿਹੇ ਲਗਵਾਉਣੀ, ਮੈਂ 14 ਸਾਲ ਕੰਮ ਕਰੀ ਗਿਆ।"**



ਨਿੰਦਰ ਘੁਗਿਆਣਵੀ
-9417421700

ਮਾਨਸੇ ਇਲਾਕੇ 'ਚ ਅਕਾਲੀ ਦਲ ਦੇ ਪੰਜ ਵਾਰੀ ਐਮ ਐਲ ਏ ਬਣੇ ਸੀ ਬਲਦੇਵ ਸਿੰਘ ਖਿਆਲਾ, ਗੁਰਪ੍ਰੀਤ ਬਣਾ ਵਾਲੀ ਬਾਰਵੀਂ 'ਚ ਪੜਦਾ ਸੀ ਤੇ ਉਹਨਾਂ ਸਾਹਮਣੇ ਉਹ ਇਕ ਸਿਆਸੀ ਸਟੇਜ ਉਤੇ ਬੋਲਿਆ, ਉਨਾਂ ਨੂੰ ਚੰਗਾ ਲੱਗਿਆ, ਪਾਸੇ ਕਰਕੇ ਕਹਿੰਦੇ ਕਿ ਕਾਕਾ, ਕੀ ਤੂੰ ਏਸੇ ਫੀਲਡ 'ਚ ਆਉਣਾ ਐਂ? ਉਹਨੇ ਕਿਹਾ ਕਿਹਾ ਕਿ ਅੰਕਲ ਜੀ, ਬਿਲਕੁਲ ਜੀ, ਪੱਕਾ ਆਉਣਾ ਐਂ ਜੀ,ਮੈਨੂੰ ਸ਼ੌਕ ਐ ਸਿਆਸਤ ਦਾ, ਤੇ ਉਹ ਕਹਿੰਦੇ, "ਕਾਕਾ, ਏਹ ਸਿਆਸਤ ਵਿਚ ਨੱਬੇ ਪ੍ਰਤੀਸ਼ਤ ਫੇਲ ਹੁੰਦੇ ਨੇ ਤੇ ਦਸ ਪ੍ਰਤੀਸ਼ਤ ਪਾਸ ਹੁੰਦੇ ਨੇ, ਇਹ ਸਿਆਸਤ ਰਾਮ ਗਊਆਂ ਦਾ ਵੱਗ ਆ, ਏਥੇ ਲੰਮੇ ਸਿੰਗਾਂ ਦੀ ਲੋੜ ਐ, ਤੁਰਦੇ ਵੱਗ 'ਚੋਂ ਜੇ ਕੋਈ ਸੱਜਿਓਂ ਮਾਰੂ ਤਾਂ ਸੱਜਾ ਸਿੰਗ ਮਾਰੀਂ ਜੇ ਖੱਬਿਓਂ ਮਾਰੂ, ਤਾਂ ਖੱਬਾ ਸਿੰਗ ਮਾਰੀਂ, ਜੇ ਕੋਈ ਸਾਹਮਣਿਓਂ ਟੱਕਰੂ ਤਾਂ ਦੋਵੇਂ ਸਿੰਗ ਮਾਰੀਂ,ਬੇਟਾ ਫੇਰ ਕਾਮਯਾਬ ਰਹੇਂਗਾ ਤੂੰ ਤੇ ਫੇਰ ਥਾਂ ਮਿਲੂਗੀ। ਬਾਰਵੀਂ 'ਚ ਪੜਦੇ ਹੀ ਬਣਾ ਵਾਲੀ ਨੇ ਬੜੀ ਗੱਲ ਪੱਲੇ ਬੰਨ ਲਈ ਸੀ ਖਿਆਲਾ ਸਾਹਬ ਦੀ।

****

ਬਣਾ ਵਾਲੀ ਨੂੰ ਮੈਂ ਆਖਿਆ ਕਿ ਆਪਣੀ ਕਹਾਣੀ ਸੁਣਾ। ਇਕ ਵਾਢਿਓਂ ਉਹਨੇ ਕਣਕ ਦੀ ਪਾਤ ਵੱਢਣ ਵਾਂਗ ਗੱਲ ਵਿੱਢੀ, " ਨਿੰਦਰ ਬਾਈ, ਮੈਂ 2002 ਵਿਚ ਅਕਾਲੀ ਦਲ ਦਾ ਯੂਥ ਦਾ ਜਿਲਾ ਪ੍ਰਧਾਨ ਬਣਿਆ, ਉਦੋਂ ਵਡੇ ਵਡੇ ਅਕਾਲੀ ਅੰਦਰ ਤੁੰਨਤੇ ਸੀ ਕੈਪਟਨ ਨੇ, ਮੈਂ ਵਕਾਲਤ ਵੀ ਕਰਦਾ ਸੀ, ਕੇਸ ਲੜਨੇ ਸੀ,ਇਸੇ ਲਈ ਬਣਾਇਆ ਯੂਥ ਪ੍ਰਧਾਨ ਮੈਨੂੰ ਕਿ ਸਾਡੇ ਕੇਸ ਲੜੂਗਾ, ਭੂੰਦੜ 'ਤੇ ਵੀ ਪਰਚਾ ਸੀ, ਲੰਗਾਹ,ਤੋਤਾ ਸਿੰਘ ਹੋਰ ਬਥੇਰੇ ਅੰਦਰ ਸਨ,ਮੈਂ ਆਪਣੇ ਸਮਰਥਕ ਮੁੰਡੇ ਲੈਕੇ ਹਰ ਥਾਂ ਧਰਨਿਆਂ ਉਤੇ ਜਾਂਦਾ,ਬੜਾ ਪਿਟ ਸਿਆਪਾ ਕਰਦੇ ਕੈਪਟਨ ਦਾ,ਬਾਲਾਸਰ ਰੇਡ ਪਈ,ਐਂ ਉਥੇ ਆਬਦੇ ਮੁੰਡੇ ਲੈ ਗਿਆ, ਦਿੱਲੀ ਬਾਦਲਾਂ ਦਾ ਔਰਬਿਟ ਰਿਜੋਰਟ ਚੈਕ ਕਰਨ ਆਏ, ਅਸੀਂ ਜਾ ਘੇਰਿਆ, ਮੈਂ ਅਫਸਰਾਂ ਨਾਲ ਬਹਿਸ ਕੀਤੀ ਕਿ ਰਿਜੋਰਟ ਦੇ ਅੰਦਰ ਵੜਨ ਤੋਂ ਪਹਿਲਾਂ ਆਪ ਸਾਰੇ ਤਲਾਸ਼ੀ ਦਿਓ, ਕੀ ਪਤੈ ਕੀ ਲੈਜੋਂ ਨਾਲ ਅੰਦਰ? ਸ਼ਰਨਜੀਤ ਸਿੰਘ ਢਿਲੋਂ ਪੰਜਾਬ ਯੂਥ ਦਾ ਪ੍ਰਧਾਨ ਸੀ,ਉਹਨੇ ਹਿਦਾਇਤ ਕੀਤੀ ਕਿ ਜੈਪੁਰ ਰੋਡ ਬਲੌਕ ਕਰਦੋ, ਅਸੀਂ ਕਰਤਾ,ਗਰਮੀ ਦਾ ਦਿਨ ਤੇ ਪਿੱਛੇ ਮੱਚਣ ਸਭਦੇ, ਅਸੀਂ ਮਾਨਸੇ ਆਲੇ ਬੋਰੀਆਂ ਦੇ ਝੋਲਿਆਂ ਆਲੇ ਸੀ, ਸਭ ਨੇ ਹੇਠਾਂ ਝੋਲੇ ਦੇ ਲਏ, ਬਾਕੀ ਵੱਡੇ ਵੱਡੇ ਅਕਾਲੀ ਹੋਟਲਾਂ 'ਚ ਠਹਿਰੇ ਵੇ,ਅਸੀਂ ਧਰਮਸ਼ਾਲਾ 'ਚ ਭੁੰਜੇ ਦਰੀਆਂ ਉਤੇ, ਸੁਖਬੀਰ ਬਾਦਲ ਨੂੰ ਪਤਾ ਲੱਗਿਆ ਤਾਂ ਕਹਿੰਦਾ ਕਿ ਮਾਨਸੇ ਆਲੇ ਰਹਿਣ ਬਾਕੀ ਜਾਣ ਸਾਰੇ, ਸੁਖਬੀਰ ਦੀ ਚੰਗੀ ਨਿਗਾ 'ਚ ਆ ਗਿਆ ਮੈਂ ਓਦਣ ਕਿ ਬਣਾ ਵਾਲੀ ਬੰਦਾ ਕੰਮ ਦਾ, ਇਓਂ ਸਿੱਧੀਆਂ ਤਾਰਾਂ ਜੁੜਗੀਆਂ, ਭੂੰਦੜ ਕੇ ਅੰਦਰੋਂ ਅੰਦਰੋਂ ਔਖੇ ਹੋਣ ਲਗਪੇ, ਮੈਂ ਕੰਮ ਕਰਦਾ ਰਿਹਾ ਤੇ ਬਾਦਲਾਂ ਨੂੰ ਮਿਲਦਾ ਗਿਲਦਾ ਰਿਹਾ ਤੇ ਮੇਰੇ ਅਰਗੇ ਸੁਪਨੇ ਲੈਣ ਕਿ ਹੁਣ 2012 ਆ ਗਈ ਐ, ਕੁਛ ਚੰਗਾ ਹੋ ਸਕਦਾ ਐ, ਬਾਦਲ ਟਿਕਟ ਦੇਣ ਲੱਗੇ ਤੇ ਮੈਂ ਵੀ ਮੰਗ 'ਲੀ ਮਾਨਸੇ ਤੋਂ, ਭੂੰਦੜ ਸੋਚੇ ਕਿ ਜੇ ਬਣਾ ਵਾਲੀ ਮਾਨਸੇ ਤੋਂ ਪਸਿਲੀ ਵਾਰੀ ਈ ਜਿੱਤ ਗਿਆ, ਤਾਂ ਮੇਰੇ ਮੁੰਡੇ ਦਾ ਪੱਕਾ ਸਿਆਸੀ ਸ਼ਰੀਕ ਬਣਜੂ, ਦਿਲਰਾਜ ਭੂੰਦੜ ਪਹਿਲੀ ਵਾਰੀ ਲੜ ਰਿਹਾ ਸੀ ਸਰਦੂਲਗੜ੍ਹੋਂ, ਭੂੰਦੜ ਨੇ ਕਿਸੇ ਨੂੰ ਇਹ ਵੀ ਕਿਹਾ ਕਿ ਜੇ ਮੇਰਾ ਮੁੰਡਾ ਹਰ ਗਿਆ ਤੇ ਬਣਾ ਵਾਲੀ ਜਿੱਤ ਗਿਆ ਤਾਂ ਫੇਰ ਕੀ ਬਣੂੰ? ਏਹੋ ਈ ਆਲ ਨਾਲ ਹੋਊ ਫਿਰ ਤਾਂ, ਤੇ ਫਿਰ ਭੂੰਦੜ ਨੇ ਠੋਕ ਕੇ ਭਾਨੀ ਮਾਰੀ, ਲੁਧਿਆਣਿਓਂ ਪ੍ਰੇਮ ਮਿੱਤਲ ਲਿਆ ਖੜਾ ਕੀਤਾ, ਉਹ ਜਿੱਤ ਗਿਆ,ਐਂ ਤਾਂ ਪਾਰਟੀ ਕਰਕੇ ਮਿੱਤਲ ਮਗਰ ਜੋਰ ਲਾਉਣਾ ਈ ਸੀ, ਤੇ ਦਿਲਰਾਜ ਪਿਛੇ ਵੀ ਜੋਰ ਲਾਉਣਾ ਹੀ ਕਿ ਜੇ ਏਹ ਅੱਗੇ ਵਧੂ ਫਿਰ ਈ ਮੇਰਾ ਕੁਛ ਬਣੂੰ? ਦਿਲਰਾਜ ਹਰ ਗਿਆ ਸਰਦੂਲਗੜ੍ਹੋਂ,ਚੇਤੰਨ ਸਿੰਘ ਸਮਾਓਂ ਜਿਤ ਗਿਆ ਬੁਢਲਾਢੇ ਤੋਂ , ਭੂੰਦੜ ਫਿਰ ਔਖਾ ਕਿ ਮੁੰਡਾ ਮੇਰਾ ਹਰ ਗਿਆ, ਮਿੱਤਲ ਤੇ ਸਮਾਓਂ ਜਿੱਤਗੇ, ਆਉਣ ਵਾਲੇ ਸਮੇਂ 'ਚ ਮੁੰਡੇ ਦਾ ਕੀ ਬਣੂੰ? ਏਹ ਤਾਂ ਜਮਾਂ ਈ ਪਿਛਾਂਹ ਰਹਿ ਜਾਣਾ,



ਭੂੰਦੜ ਮਿੱਤਲ ਤੇ ਸਮਾਓਂ ਦੀਆਂ ਵੀ ਲੱਤਾਂ ਖਿੱਚਣ ਲੱਗਿਆ, ਮੇਰਾ ਮਾਨਸੇ ਦੀਆਂ ਸਟੇਜਾਂ ਉਤੇ ਚੜਨਾ ਬੋਲਣਾ ਬੰਦ, ਜੇ ਚੜ੍ਹਾਉਣਾ ਬੁਲਵਾਉਣਾ ਵੀ, ਤਾਂ ਉਦੋਂ ਜਦੋਂ ਬਾਦਲ ਹਾਲੇ ਸਟੇਜ ਉਤੇ ਆਉਣੇ ਹੋਣ,ਜਾਂ ਉਠਕੇ ਚਲੇ ਗਏ ਹੋਣ, ਕੁਰਸੀ ਵੀ ਪਰੇ ਜਿਹੇ ਲਗਵਾਉਣੀ, ਮੈਂ 14 ਸਾਲ ਕੰਮ ਕਰੀ ਗਿਆ।"

ਗੁਰਪ੍ਰੀਤ ਬਣਾ ਵਾਲੀ ਦਾ ਸਿਆਸੀ ਕਿੱਸਾ ਬੜਾ ਰੌਚਕ ਸੀ। ਇਕੋ ਸਾਹੇ ਸੁਣਾ ਰਿਹਾ ਸੀ ਤੇ ਚਾਹ ਵੀ ਠੰਢੀ ਹੋ ਗਈ। ਉਸ ਗੱਲ ਅੱਗੇ ਤੋਰੀ, " ਨਿੰਦਰ ਬਾਈ, 2014 ਦੀ ਪਾਰਲੀਮੈਂਟ ਚੋਣ ਆਗੀ, ਦੇਵਰ ਭਰਜਾਈ ਦੀ ਸਿਆਸੀ ਲੜਾਈ ਬਠਿੰਡਿਓਂ, ਮੈਂ ਹਰਸਿਮਰਤ ਬੀਬੀ ਜੀ ਦੇ ਨੌਂ ਹਲਕਿਆਂ 'ਚ ਮੂਹਰੇ ਮੂਹਰੇ, ਬੀਬੀ ਜੀ ਦੇ ਬੋਲਣ ਤੋਂ ਪਹਿਲਾਂ ਮੈਂ ਬੋਲਿਆ ਕਰਾਂ, ਬੀਬੀ ਜੀ ਖੁਸ਼ ਸੀ ਕਿ ਸਪੀਚ ਪ੍ਰਭਾਵਿਤ ਕਰਦੀ ਏਹਦੀ ਲੋਕਾਂ ਨੂੰ ਤੇ ਜਾਣ ਪਛਾਣ ਵੀ ਵੱਧ ਬਣਾਈ ਬੈਠਾ ਐ, ਤੇ ਮਨਪ੍ਰੀਤ ਬਾਦਲ ਆਪਣੀ ਸਪੀਚ ਹਰ ਥਾਂ ਆਖਿਆ ਕਰੇ ਕਿ ਗਾਂ ਗਾਰ 'ਚ ਫਸਗੀ ਭਾਈ ਕਢ ਦਿਓ, ਓ ਲੋਕੋ,ਨਾ ਮੇਰਾ ਭਰਾ ਮੇਰਾ ਬਣਿਆ ਤੇ ਨਾ ਭਰਜਾਈ ਬਣੀ ਮੇਰੀ,ਗਊ ਗਾਰ 'ਚ ਫਸਗੀ ਕਢਦੋ, ਤੇ ਇਸ ਉਤੇ ਬਣਾ ਵਾਲੀ ਵਿਅੰਗ ਕੱਸਿਆ ਕਰ ਕਿ ਗਊ ਤਾਂ ਸੜਕੇ ਉਤੇ ਤੁਰੀ ਜਾਂਦੀ ਸੀ ਤੇ ਵਿਚਾਰੀ ਗਊ ਨੂੰ ਚੇਹਰਾ ਮੁਖ ਮੰਤਰੀ ਦਾ ਵਿਖਾਤਾ, ਤੇ ਗਊ ਨੇ ਗਾਰ ਤਾਂ ਵੇਖੀ ਹੀ ਨਹੀਂ, ਤੇ ਵਿਚਾਰੀ ਦੇ ਗਾਰ ਨਾਸਾਂ ਤੀਕ ਚੜਗੀ, ਤੇ ਗਊ ਨੂੰ ਤਾਂ ਲੋਕੋ ਉਦੋਂ ਈ ਪਤਾ ਲੱਗਾ ਜਦੋਂ ਪੇੜੇ ਦੇ ਸੁਆਦ 'ਚ ਫਸਗੀ, ਨਿੰਦਰ ਬਾਈ, ਲੋਕ ਬੜੇ ਹੱਸਿਆ ਕਰਨ ਸੁਣ ਕੇ, ਮੈਂ ਭੂੰਦੜ ਦੇ ਉਲਟ ਤੇ ਰੁੱਸੇ ਹੋਏ ਬਾਗੀ ਬੰਦੇ ਬਾਦਲਾਂ ਨੂੰ ਰਾਤਾਂ ਨੂੰ ਲਿਜਾ ਲਿਜਾ ਕੇ ਮਿਲਾਉਣ ਲੱਗਿਆ,ਬੀਬੀ ਜੀ ਤੇ ਸੁਖਬੀਰ ਨੂੰ ਅੰਦਰ ਖਾਤੇ ਮੇਰੇ ਮਿਲਣ ਮਿਲਾਉਣ ' ਤੇ ਭੂੰਦੜ ਕੇ ਪੂਰੇ ਔਖੇ ਹੋਏ ਪਏ ਸੀ, ਸੁਖਬੀਰ ਭੂੰਦੜ ਦੇ ਬੰਦਿਆਂ ਨੂੰ ਆਖਿਆ ਕਰੇ ਕਿ ਮੇਰੇ ਨਾਲ ਆੜਤ ਪਾਕੇ ਵੇਖੋ ਤੁਸੀਂ, ਤੇ ਅਗੋਂ ਵਰਕਰ ਆਖਿਆ ਕਰਨ ਕਿ ਬਾਦਲ ਜੀ, ਆੜਤ ਤੇਰੇ ਨਾਲ ਪਾਵਾਂਗੇ ਝੋਨੇ ਝੋਨੇ ਦੀ, ਤੇ ਅਗਾਂਹ ਕਣਕ ਨੂੰ ਗੱਲ ਨਾ ਕਰੀਂ ਸਾਡੇ ਨਾਲ, ਤੇ ਸੁਖਬੀਰ ਆਖਿਆ ਕਰੇ ਕਿ ਸਾਡਾ ਤਾਂ ਆਹ ਬੰਦਾ ਐ ਬਣਾ ਵਾਲੀ ਗੁਰਪ੍ਰੀਤ ਬਸ ਤੁਸੀਂ ਇਹਦੇ ਨਾਲ ਜਦੋਂ ਮਰਜੀ ਆਓ ਜਾਓ, ਤੇ ਬਾਈ ਜੀ, ਬੀਬੀ ਚੋਣ ਜਿੱਤਗੀ ਤੇ ਹੋਰ ਸਾਰੇ ਪਾਸੇ ਹਰੀ ਤੇ ਨੌਂ ਹਲਕਿਆਂ 'ਚ ਵੋਟ ਵਧੀ, ਹੁਣ ਭੂੰਦੜ ਕੇ ਔਖੇ ਕਿ ਸਾਡੇ ਬੰਦੇ ਪੱਟ ਪੱਟ ਕੇ ਸਿੱਧੇ ਬਾਦਲਾਂ ਕੋਲ ਲਿਜਾਈ ਜਾਂਦੈ ਕੀ ਕਰੀਏ? ਉਹ ਸਿੱਧਾ ਗਿਆ ਉਨਾਂ ਕੋਲ, ਵਾਹਵਾ ਬੋਲ ਕੇ ਆਇਆ,ਮੈਂ ਦੋ ਸਾਲ ਫਿਰ ਮਾਨਸਾ ਦਾ ਜਿਲਾ ਪ੍ਰਧਾਨ ਰਿਹਾ,ਪ੍ਰਧਾਨਗੀ ਮੁੱਕੀ ਤਾਂ ਮੈਨੂੰ ਕੋਰ ਕਮੇਟੀ ਯੂਥ ਵਿਚ ਲੈ ਲਿਆ ਤੇ ਦਿਲਰਾਜ ਭੂੰਦੜ ਵੀ ਇਸ ਕਮੇਟੀ 'ਚ ਸੀ, ਏਹ ਫਿਰ ਪ੍ਰੇਸ਼ਨ ਕਿ ਮੇਰੇ ਮੁੰਡੇ ਦੇ ਬਰੋਬਰ ਜਾ ਬੈਠਾ ਐ, ਅਸਲ ਵਿਚ ਸੁਖਬੀਰ ਜੀ ਭੂੰਦੜ ਤੇ ਢੀਂਡਸੇ ਵਰਗਿਆਂ ਨੂੰ ਵਿਖਾ ਰਿਹਾ ਸੀ ਕਿ ਘਬਰਾਓ ਨਾ, ਸਾਡੇ ਕੋਲ ਆਹ ਸਟਿੱਪਣੀਆਂ ਹੈਗੀਆਂ ਨੇ, ਜਦੋਂ ਮਰਜੀ ਤੇ ਜਿਥੇ ਮਰਜੀ ਫਿਟ ਕਰਲਾਂਗੇ, ਤੇ ਭੂੰਦੜ ਜੀ ਆਖਿਰ ਵੱਡੇ ਬਾਦਲ ਜੀ ਕੋਲ ਜਾਕੇ ਕਹਿੰਦੇ ਕਿ ਜਾਂ ਬਣਾ ਵਾਲੀ ਨੂੰ ਰੱਖਲੋ ਜਾਂ ਮੈਨੂੰ ਰੱਖਲੋ, ਇਓਂ ਨੀ ਚੱਲਣਾ, ਤੇ ਫਿਰ ਮੈਨੂੰ ਲਾਤਾ ਜੀ ਜਿਲਾ ਚੋਣ ਇੰਚਾਰਜ ਬਰਨਾਲੇ, ਇਹ ਫਿਰ ਨਾ ਟਿਕੇ ਤੇ ਆਖੇ ਕਿ ਏਹ ਤਾਂ ਬਰਨਾਲਿਓਂ ਬੈਠਾ ਮਾਨਸੇ ਦਖਲ ਦਿੰਦੈ, ਲੋਕਾਂ ਦੇ ਕੰਮ ਕਰਵਾਈ ਜਾਂਦੈ, ਆਖਿਰ ਫਿਰ ਸੁਖਬੀਰ ਜੀ ਕੋਲ ਗਿਆ ਤੇ ਅੱਖਾਂ ਵਿਖਾਈਆਂ।




# ‘ਮਾਨ’ ਅਰਮਾਨ ਕਿਰ ਗਏ ਸਾਰੇ ਚਾਵਾਂ ਤੇ ਅਦਾਵਾਂ ਥਾਣੀ ਛਣਕੇ

‘ਮਾਨ’ ਅਰਮਾਨ ਕਿਰ ਗਏ ਸਾਰੇ ਚਾਵਾਂ ਤੇ ਅਦਾਵਾਂ ਥਾਣੀ ਛਣਕੇ
ਦੀ ਵਿਆਖਿਆ ਇੱਥੇ ਨਹੀਂ ਕੀਤੀ ਜਾ ਸਕਦੀ ?

ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਿਆਂ ਦਾ ਤਕਰੀਬਨ ਅੱਧੀ ਸਦੀ ਪੁਰਾਣਾ ਇੱ;ਕ ਗੀਤ ਐ ਜੋ ਆਪਣੇ ਸਮੇਂ ਦੇ ਪ੍ਰਸਿੱਧ ਗਾਇਕ ਕਰਮਜੀਤ ਧੂਰੀ ਦੀ ਆਵਾਜ਼ ਵਿੱਚ ਰਿਕਾਰਡ ਹੋਇਆ । ਪੰਜਾਬ ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਹਰ ਪੰਜਾਬੀ ਨੂੰ ਇਹ ਗੀਤ ਅੱਖਾਂ ਮੀਟ ਕੇ ਸੁਣਨਾ ਪੈਂਦਾ ਹੈ। ਅੱਖਾਂ ਮੀਟ ਕੇ ਉਸ ਪੰਜਾਬ ਦੇ ਸ਼ਾਖਸ਼ਾਤ ਦਰਸ਼ਨ ਹੋ ਜਾਂਦੇ ਐ ਜਿਸਨੂੰ ਪੰਜਾਬ ਆਖਿਆ ਜਾਂਦਾ ਸੀ

> ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਿਆਂ ਦਾ ਤਕਰੀਬਨ ਅੱਧੀ ਸਦੀ ਪੁਰਾਣਾ ਇੱਕ ਗੀਤ ਐ ਜੋ ਆਪਣੇ ਸਮੇਂ ਦੇ ਪ੍ਰਸਿੱਧ ਗਾਇਕ ਕਰਮਜੀਤ ਧੂਰੀ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਪੰਜਾਬ ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਹਰ ਪੰਜਾਬੀ ਨੂੰ ਇਹ ਗੀਤ ਅੱਖਾਂ ਮੀਟ ਕੇ ਸੁਣਨਾ ਪੈਂਦਾ ਹੈ।

**ਭਾਗ ਦੂਜਾ**

ਲੱਸੀ ਦਾ ਚਟੂਰਾ ਸਿਰ ਤੇ,
ਭੱਤਾ ਲੈਕੇ ਤੁਰੀ ਬਣ ਠਣ ਕੇ
ਕਣਕਾਂ ਮਰੋੜਾ ਖਾ ਗਈਆਂ,
ਜਦੋਂ ਨਿੱਕਲੀ ਸਰੋਂ ਦਾ ਫੁੱਲ ਬਣਕੇ

ਚਟੂਰਾ -- ਛੋਟਾ ਘੜਾ, ਚਾਟੀ ਦਾ ਬੱਚਾ
ਭੱਤਾ --ਖੇਤ ਕੰਮ ਕਰਦੇ ਕਿਸਾਨ ਦਾ ਦੁਪਹਿਰ ਦਾ ਖਾਣਾ
ਬਣ ਠਣ ਕੇ --ਹਾਰ ਸ਼ਿੰਗਾਰ ਲਾ ਕੇ

ਕਣਕਾਂ ਦਾ ਮਰੋੜਾ ਖਾ ਗਈਆਂ -- ਕਣਕ ਦੀਆਂ ਬੱਲੀਆਂ ਦਾ ਰੰਗ ਪੱਕਣ ਤੋਂ ਪਹਿਲਾਂ ਹਰਾ ਹੰਦਾ ਹੈ ।ਪੱਕਣ ਵੇਲੇ ਉਹਨਾਂ ਬੱਲੀਆਂ ਚੋਂ ਸੋਨੇ ਰੰਗੀ ਭਾ ਮਾਰਨ ਲੱਗਦੀ ਹੈ। ਹਰੇ ਰੰਗ ਤੋਂ ਸੁਨਹਿਰੀ ਰੰਗ ਤਬਦੀਲ ਹੋਣ ਦੀ ਪ੍ਰਕਿਰਿਆ ਨੂੰ ਹੀ ਕਣਕਾਂ ਦਾ ਮਰੋੜਾ ਖਾਣਾ ਕਿਹਾ ਜਾਂਦਾ ਹੈ ।

ਸਰੋਂ ਦਾ ਫੁੱਲ- -ਇੱਥੇ ਕਵੀ ਨੇ ਉਸ ਮੁਟਿਆਰ ਦੇ ਹੁਸਨ ਦੀ ਤਾਰੀਫ਼ ਸਰੋਂ ਦੇ ਫੁੱਲ ਨਾਲ ਕੀਤੀ ਐ ਕਿਉਂਕਿ ਸਰੋਂ ਦੇ ਫੁੱਲਾਂ ਦਾ ਰੰਗ ਪੀਲਾ ਹੁੰਦਾ ਹੈ, ਜੋ ਬਹੁਤ ਖੂਬਸੂਰਤ ਲੱਗਦਾ ਹੈ।

ਸੂਰਜੇ ਨੂੰ ਹੌਲ ਪਾ ਗਿਆ
ਤਿੱਲੇਦਾਰ ਘੱਗਰੇ ਦਾ ਨਾਲਾ
ਜਾਵੇ ਨਾ ਵਿਚਾਰਾ ਪੱਟਿਆ
ਕੋਈ ਚੰਦਰੇ ਨਸੀਬਾਂ ਵਾਲਾ
ਪੌਣ ਦੇ ਹਵਾਸ ਗੁੰਮ ਗਏ,
ਜਦੋਂ ਝਾਂਜਰ ਛਣਾ ਛਣ ਛਣਕੇ

ਹੌਲ -- ਹੌਲ ਸਹੀ ਮਾਅਨਿਆਂ ਵਿੱਚ ਦਿਲ ਦੀ ਧੜਕਣ ਤੇਜ ਹੋਣ ਨੂੰ ਕਿਹਾ ਜਾਂਦਾ ਹੈ,,


ਮਿੱਟੀ ਨੂੰ ਫਰੋਲ ਜੋਗੀਆ ਆਲਾ
ਅਸ਼ੋਕ ਬਾਂਸਲ ਮਾਨਸਾ
ਸਵ: ਗਾਇਕ ਕਰਮਜੀਤ ਧੂਰੀ
ਪੰਜਾਬੀ ਗੀਤਕਾਰੀ ਦਾ ਬਾਬਾ ਬੋਹੜ
ਬਾਬੂ ਸਿੰਘ ਮਾਨ ਮਰਾੜਾਂ ਵਾਲਾ

ਕਵਿਤਾ ਜਾਂ ਗੀਤ ਦੀ ਭਾਸ਼ਾ ਵਿੱਚ ਇਹ ਅਤਿਕਥਨੀ ਅਲੰਕਾਰ ਹੈ,, ਅਲੰਕਾਰਾਂ ਬਾਰੇ ਵਿਸਥਾਰ ਪੂਰਵਕ ਗੱਲ ਕਿਸੇ ਹੋਰ ਪੋਸਟ ਵਿੱਚ ਕਰਾਂਗਾ

ਤਿੱਲੇਦਾਰ ਘੱਗਰਾ -- ਘੱਗਰਾ ਸੁਆਣੀਆਂ ਦੇ ਤੇੜ ਦਾ ਪਹਿਰਾਵਾ, ਘਗਰੇ ਤੋਂ ਉਸ ਘਰ ਦੇ ਆਰਥਿਕ ਪੱਧਰ ਦਾ ਵੀ ਪਤਾ ਲੱਗ ਜਾਂਦਾ ਸੀ ।ਉਸ ਸਮੇਂ ਤਿੱਲੇਦਾਰ ਘੱਗਰਾ ਤਾਂ ਕਿਸੇ ਸਰਦੇ ਪੁੱਜਦੇ ਪ੍ਰੀਵਾਰ ਦੀ ਸੁਆਣੀ ਹੀ ਪਹਿਣਦੀ ਸੀ, ਜੋ ਘੱਗਰਾ ਤਿੱਲੇ ਨਾਲ ਮੜ੍ਹਿਆ ਹੁੰਦਾ।

ਪੌਣ ਦੇ ਹਵਾਸ ਗੁੰਮ ਗਏ -- ਇਹ ਵੀ ਅੱਤਕਥਨੀ ਅਲੰਕਾਰ ਹੈ। ਭਾਵ ਵਗਦੀਆਂ ਹਵਾਵਾਂ ਵੀ ਉਸ ਸੁਆਣੀ ਦੇ ਘੱਗਰੇ ਵਿਚਲੇ ਨਾਲੇ ਨੂੰ ਵੇਖ ਕੇ ਹੋਸ਼ ਗੁਆ ਬੈਠੀਆਂ, ਕਿਉਂਕਿ ਘੱਗਰੇ ਵਿਚਲਾ ਨਾਲਾ ਵੀ ਬੜੀ ਰੀਝ ਨਾਲ ਹੱਥੀਂ ਬੁਣਿਆ ਹੋਇਆ ਹੁੰਦਾ ਸੀ । ਜਾਂ ਬੰਨ੍ਹ ਕੇ ਘਗਰੇ ਦਾ ਨਾਲ ਬਾਹਰ ਲਮਕਾ ਲਿਆ ਜਾਂਦਾ ਸੀ, ਜਦੋਂ ਤੁਰੀ ਜਾਂਦੀ ਉਸ ਨਾਰ ਦੇ ਪੈਰਾਂ ਵਿੱਚ ਪਾਈ ਝਾਂਜਰ ਛਣਕਦੀ ਤਾਂ ਪੌਣ ਦੇ ਹਵਾਸ ਗੁੰਮ ਗਏ।

ਮਣ੍ਹੇ ਉੱਤੇ ਮਾਰੇ ਹੋਕਰੇ,
ਹੱਥ ਗੋਪੀਆ ਉਡਾਵੇ ਚਿੜੀਆਂ
ਕੱਲਰਾਂ ਦੇ ਭਾਗ ਜਾਗ ਪਏ,
ਜਦੋਂ ਹੱਸੀ ਤਾ ਕਪਾਹਾਂ ਖਿੜੀਆਂ
ਤੋਤਿਆਂ ਨੂੰ ਪੈ ਗਏ ਮਾਮਲੇ,
ਮਾਰੇ ਗੋਪੀਆ ਕਮਾਨ ਵਾਂਗੂੰ ਤਣਕੇ

ਮਣ੍ਹਾ -- ਫਸਲਾਂ ਦੀ ਚਿੜੀਆਂ , ਤੋਤਿਆਂ ਜਨੌਰਾਂ ਤੋਂ ਰਾਖੀ ਕਰਨ ਲਈ ਫਸਲਾਂ ਦੇ ਕੱਦ ਤੋਂ ਉੱਚੇ ਟੰਬੇ ਗੱਡ ਕੇ ਉਹਨਾਂ ਉੱਤੇ ਮੰਜਾ ਜਿਹਾ ਬੰਨ ਦਿੱਤਾ ਜਾਂਦਾ ਸੀ ਜਿਸ ਉੱਤੇ ਚੜ੍ਹ ਕੇ ਫਸਲਾਂ ਨੂੰ ਠੂੰਗ ਰਹੇ ਜਾਨਵਰਾਂ ਨੂੰ ਹੋਕਰੇ ਮਾਰ ਕੇ ਉਡਾਇਆ ਜਾ ਸਕੇ।

ਕੱਲਰ -- ਬੰਜਰ ਜ਼ਮੀਨ

ਗੋਪੀਆ -- ਬਰੀਕ ਰੱਸੀ ਨਾਲ ਬਣਾਈ ਲੰਮੀ ਗੁਲੇਲ ।ਉਸਦੀ ਮੁਸਕਰਾਹਟ ਤੋਂ ਪ੍ਰਭਾਵਿਤ ਹੋਏ ਕਪਾਹ ਦੇ ਟੀਂਡੇ ਵੀ ਖਿੜ ਪਏ । ਜਦੋਂ ਕਮਾਣ ਵਾਂਗੂੰ ਤਣਕੇ ਗੋਪੀਆ ਮਾਰਦੀ ਤਾਂ ਫਸਲਾਂ ਤੇ ਬੈਠੇ ਤੋਤਿਆਂ ਦੀ ਜਾਣ ਨੂੰ ਬਣ ਜਾਂਦੀ ।

ਚੂੜੀਆਂ ਦੇ ਸਾਜ਼ ਸੁਣ ਕੇ,
ਟੀਂਡੇ ਹੱਸ ਪਏ ਖੇਤ ਦੇ ਸਾਰੇ
ਕੂਲਾ ਪੱਟ ਹੋ ਗਿਆ ਨਰਮਾ,
ਤੈਨੂੰ ਛੋਹਦਿਆਂ ਸਾਰ ਮੁਟਿਆਰੇ
ਛੱਲੀਆਂ ਚ ਕਿਵੇਂ ਪੁੜ ਗਏ
ਤੇਰੀ ਗਾਨੀ ਦੇ ਗੁਆਚੇ ਮਣਕੇ

ਨਵ ਵਿਆਹੁਤਾ ਦੇ ਹੱਥਾਂ ਵਿੱਚ ਪਾਈਆਂ ਚੂੜੀਆਂ ਜਦੋਂ ਆਪਸ ਵਿੱਚ ਖਹਿੰਦੀਆਂ ਤਾਂ ਉਹਨਾਂ ਵਿੱਚ ਪੈਦਾ ਹੁੰਦਾ ਸੰਗੀਤ ਸੁਣ ਕੇ ਕਪਾਹ ਦੀ ਟੀਂਡੇ ਵੀ ਆਨੰਦ ਵਿੱਚ ਆਉਂਦੇ ਜਦੋਂ ਉਹਦੇ ਨਾਲ ਨਰਮਾ ਛੋਹ ਜਾਂਦਾ ਤਾਂ ਹੋਰ ਵੀ ਕੂਲਾ ਹੋ ਜਾਂਦਾ

ਕਵੀ ਨੇ ਉਸਦੀ ਗਾਨੀ ਦੇ ਮਣਕਿਆਂ ਦੀ ਤੁਲਣਾ ਛੱਲੀ ਦੇ ਦਾਣਿਆਂ ਦੀ ਚਿਣਤੀ ਨਾਲ ਕੀਤੀ ਐ !

ਕਹਿੰਦਾ ਹਾਲੀ ਹਲ ਛੱਡ ਕੇ,
ਆਈਆਂ ਹੁਸਨ ਦੀਆਂ ਸਰਕਾਰਾਂ
ਲਾਲ ਗੇਰੂ ਵਾਂਗ ਹੋ ਗਈ ਓਂ
ਤੇਰੇ ਸਿਰ ਤੋਂ ਸਰਘੀਆਂ ਵਾਰਾਂ
‘ਮਾਨ’ ਅਰਮਾਨ ਕਿਰ ਗਏ
ਸਾਰੇ ਚਾਵਾਂ ਤੇ ਅਦਾਵਾਂ ਥਾਣੀ ਛਣਕੇ

ਆਪਣੀ ਹੂਰ ਪਰੀ ਨੂੰ ਦੇਖ ਕੇ ਗੱਭਰੂ ਨੇ ਹਲ ਛੱਡ ਦਿੱਤਾ।ਆਪਣੇ ਮਾਹੀ ਦੇ ਦੀਦਾਰ ਕਰਕੇ ਨਾਰ ਦਾ ਰੰਗ ਵੀ ਗੇਰੂ ਵਰਗਾ ਲਾਲ ਸੂਹਾ ਹੋ ਗਿਆ ।

ਸਰਘੀ -- ਸਵੇਰ ਦਾ ਵੇਲਾ ਜਦੋਂ ਸੂਰਜ ਦੀ ਪਹਿਲੀ ਕਿਰਨ ਨਿਕਲਣੀ ਹੁੰਦੀ ਐ ਅਸਮਾਨ ਵਿੱਚੋਂ ਇਕ ਸੁਨਹਿਰੀ ਰੰਗ ਦੀ ਭਾਅ ਮਾਰਦੀ ਹੁੰਦੀ ਐ।

ਹੁਣ ਆਖਰੀ ਗੱਲ ਕਿ ‘ਮਾਨ’ ਅਰਮਾਨ ਕਿਰ ਗਏ ਸਾਰੇ ਚਾਵਾਂ ਤੇ ਅਦਾਵਾਂ ਥਾਣੀ ਛਣਕੇ ਦੀ ਵਿਆਖਿਆ ਇੱਥੇ ਨਹੀਂ ਕੀਤੀ ਜਾ ਸਕਦੀ। ਇਹ ਤਾਂ ਆਥਣ ਵੇਲੇ ਹਾਣੀਆਂ ਦੀ ਢਾਣੀ ਵਿੱਚ ਹੀ ਕੀਤੀ ਜਾ ਸਕਦੀ ਐ। ਕਿਉਂਕਿ ਇਸ ਦ੍ਰਿਸ਼ ਨੂੰ ਸ਼ਬਦਾਂ ਰਾਹੀਂ ਤੇ ਰੂਪਮਾਨ ਕੀਤਾ ਹੀ ਨਹੀਂ ਜਾ ਸਕਦਾ.

# *ਬੈਕ ਗੇਅਰ ਜਾਂ ਇਉਂ ਸਮਝ ਲਵੋ ਕਿ ਉਦੋਂ ਤੇ ਹੁਣ ਕੀ ਹੋ ਰਿਹਾ ਐ !

facebook
ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

(ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ ਪੰਜਾਬੀ ਅਖਬਾਰ ਦੇ ਪਾਠਕਾਂ ਲਈ ਕਾਪੀ ਕੀਤਾ)

(1)ਕੋਈ ਸਮਾਂ ਸੀ ਜਦੋਂ ਵਲੈਤਾ ਵਿੱਚ ਗਏ ਮੁੰਡੇ,ਆਪਣੇ ਦੇਸ਼ ਆ ਕੇ ਅਮੀਰ ਘਰਾਂ ਦੀਆਂ ਖੂਬਸੂਰਤ ਕੁੜੀਆਂ ਨਾਲ ਵਿਆਹ ਕਰਵਾ ਕੇ ਠੱਗੀ ਮਾਰਦੇ ਸਨ।

.......ਪਰੰਤੂ ਹੁਣ ਆਈਲੈਟਸ ਦਾ ਸਮਾਂ ਆਉਣ ਕਰਕੇ,ਬੈਂਡਾਂ ਵਾਲੀਆਂ ਕੁੜੀਆਂ ਮੁੰਡਿਆਂ ਨਾਲ ਵਿਆਹ ਕਰਵਾ ਕੇ ਵਿਦੇਸ਼ ਚਲੇ ਜਾਦੀਆ ਹਨ। ਮੁੰਡਿਆਂ ਤੋਂ ਵੀਹ ਲੱਖ ਲੈ ਕੇ ਠੱਗੀ ਮਾਰ ਜਾਦੀਆਂ ਹਨ।

(2)ਕੋਈ ਸਮਾਂ ਸੀ ਜਦੋਂ ਕੁੜੀ ਦੇ ਘਰ ਦਿਆਂ ਤੋ ਚੰਗੀ ਗੱਡੀ,ਮਨਮਰਜ਼ੀ ਦਾ ਦਾਜ ਅਤੇ ਵੱਡੀ ਰਕਮ ਨਕਦੀ ਮੰਗੀ ਜਾਦੀ ਸੀ।

.......ਪਰੰਤੂ ਹੁਣ ਆਈਲੈਟਸ ਪਾਸ ਕੁੜੀ ਨਾਲ ਵਿਦੇਸ਼ ਜਾਣ ਦਾ ਕਰਕੇ ਚੁੰਨੀ ਚੜਾਵਾ ਕਰਨ ਲਈ ਮੁੰਡੇ ਤਰਲੋਮੱਛੀ ਹੋ ਰਹੇ ਹਨ ।

(3)ਕੋਈ ਸਮਾਂ ਸੀ ਜਦੋਂ ਮੂੰਹ ਤੇ ਨਕਾਬ ਪਾਉਣ ਕਰਕੇ ਪੁਲੀਸ ਵੱਲੋ ਪਰਚਾ ਦਰਜ ਕੀਤਾ ਜਾਦਾ ਸੀ ।

.......ਪਰੰਤੂ ਪਿਛਲੇ ਸਮਾਂ ਕਰੋਨੇ ਦਾ ਕਰਕੇ ਮੂੰਹ ਤੇ ਨਕਾਬ ਪਾਉਣਾ ,ਸਰਕਾਰ ਵੱਲੋ ਜਰੂਰੀ ਕਰ ਦਿੱਤਾ ਗਿਆ ਸੀ ਨਕਾਬ ਨਾ ਪਾਉਣ ਵਾਲੇ ਨੂੰ ਜੁਰਮਾਨਾ ਵੀ ਕੀਤਾ ਜਾਦਾ ਸੀ

(4) ਕੋਈ ਸਮਾਂ ਸੀ, ਜਦੋਂ ਬਿਮਾਰ ਤੇ ਪ੍ਰਹਾਉਣੇ ਨੂੰ ਹੀ ਖੰਡ ਦੀ ਚਾਹ ਦਿੱਤੀ ਜਾਂਦੀ ਸੀ । ਗਰੀਬ ਜਨਤਾ ਖੰਡ ਦੀ ਚਾਹ ਨੂੰ ਤਰਸਦੀ ਰਹਿਦੀ ਸੀ ।

.......ਪਰੰਤੂ ਅੱਜ ਕੱਲ ਮਾਹਿਰਾ ਵੱਲੋ ਖੰਡ ਦੇ ਵਿੱਚ (16) ਕੈਮੀਕਲ ਦੱਸੇ ਜਾਂਦੇ ਹਨ। ਖੰਡ ਸਿਹਤ ਲਈ ਜ਼ਹਿਰ ਬਣ ਚੁੱਕੀ ਹੈ । ਇਸ ਕਰਕੇ ਗੁੜ ਦੀ ਚਾਹ ਪੀਣ ਦੀ ਸਲਾਹ ਦਿਤੀ ਜਾਦੀ ਹੈ।

(5) ਕੋਈ ਸਮਾਂ ਸੀ ਜਦੋਂ ਕਣਕ ਦੀ ਰੋਟੀ ਪ੍ਰਹਾਉਣੇ ਤੇ ਬਿਮਾਰਾਂ ਨੂੰ ਦਿੱਤੀ ਜਾਦੀ ਸੀ । ਗਰੀਬ ਤੇ ਪੇਂਡੂ ਲੋਕ ਮੱਕੀ ਦੀ ਰੋਟੀ ਜਿਆਦਾਤਰ ਖਾਦੇਂ ਸਨ ।

.......ਪਰੰਤੂ ਅੱਜ ਕੱਲ ਮਾਹਿਰਾਂ ਵੱਲੋ ਮੱਕੀ ਤੇ ਬਾਜਰੇ ਦੀ ਰੋਟੀ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ । ਜੋ ਸਿਹਤ ਲਈ ਲਾਭਦਾਇਕ ਹੈ ॥

(6) ਅੱਜ ਤੋ ਕਾਫੀ ਸਮਾਂ ਪਹਿਲਾ ਡਾਕਟਰ ਘਰ ਦਾ ਘਿਓ ਵਰਤਣ ਤੋ ਮਨਾਹੀ ਕਰਦੇ ਸਨ । ਰਿਫਾਇੰਡ ਤੇਲ ਵਰਤਣ ਦੀ ਸਲਾਹ ਦਿੰਦੇ ਸਨ ।

.......ਪ੍ਰੰਤੂ ਅੱਜ ਕੱਲ ਰਿਫਾਈਂਡ ਤੇਲ ਜ਼ਹਿਰ ਦੇ ਬਰਾਬਰ ਦੱਸਿਆ ਜਾਂਦਾ ਹੈ। ਦੇਸੀ ਘਿਓ ਤੇ ਸਰੋਂ ਦਾ ਤੇਲ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ ।

(7) ਕੋਈ ਸਮਾਂ ਸੀ ਜਦੋਂ ਦੇਸੀ ਇਲਾਜ ਕੀਤਾ ਜਾਦਾ ਸੀ । ਫੇਰ ਅੰਗਰੇਜੀ ਦਵਾਈਆਂ ਕਬਜ਼ਾ ਕਰ ਲਿਆ ।

.......ਪਰੰਤੂ ਅੱਜ ਕੱਲ੍ਹ ਫਿਰ ਅੰਗਰੇਜੀ ਦਵਾਈਆ ਦੇ ਸਾਈਡਇਫੈਕਟ ਨੂੰ ਵੇਖਦਿਆ, ਮੁੜ ਦੇਸੀ ਦਵਾਈਆ ਤੇ ਹੋਮਿਓਪੈਥਿਕ ਦਵਾਈ ਖਾਣ ਦੀ ਸਲਾਹ ਦਿੱਤੀ ਗਈ ਹੈ ।

(8) ਕੋਈ ਸਮਾਂ ਸੀ ਜਦੋ ਲੋਕ ਪੈਦਲ ਜਾਂ ਸਾਈਕਲ ਤੇ ਚਲਦੇ ਸਨ । ਫੇਰ ਗੱਡੀਆਂ ਤੇ ਮੋਟਰਸਾਈਕਲ ਨੇ ਸਾਈਕਲ ਖੂੰਜੇ ਲਾ ਦਿੱਤੇ ।

.......ਪਰੰਤੂ ਅੱਜ ਕੱਲ੍ਹ ਫਿਰ ਡਾਕਟਰਾਂ ਵੱਲੋ ਪੈਦਲ ਜਾ ਸਾਈਕਲ ਚਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ । ਜੋ ਸਿਹਤ ਦੀ ਤੰਦਰੁਸਤੀ ਲਈ ਫਾਇਦੇਮੰਦ ਹੈ ।

(9) ਕੋਈ ਸਮਾਂ ਸੀ ਜਦੋਂ ਲੋਕ ਘੜੇ ਦਾ ਪਾਣੀ ਪੀਂਦੇ ਸਨ ਤੇ ਫਰਿੱਜ ਦੇ ਪਾਣੀ ਨੂੰ ਤਰਸਦੇ ਸਨ ।

ਪਰੰਤੂ ਅੱਜ ਕੱਲ੍ਹ ਫਿਰ ਬਹੁਤ ਲੋਕਾਂ ਨੇ ਘੜੇ ਦਾ ਪਾਣੀ ਪੀਣਾ ਸ਼ੁਰੂ ਕਰ ਦਿੱਤਾ ਹੈ ।ਜੋ ਸਿਹਤ ਲਈ ਲਾਭਦਾਇਕ ਹੈ ।

(10)ਕੋਈ ਸਮਾਂ ਸੀ ਜਦੋ ਲੋਕ ਨਲਕੇ ਦਾ ਤਾਜਾ ਪਾਣੀ ਪੀਂਦੇ ਸਨ । ਫਿਲਟਰ ਦੇ ਪਾਣੀ ਨੂੰ ਤਰਸਦੇ ਸਨ ।

.......ਪਰੰਤੂ ਅੱਜ ਕੱਲ੍ਹ ਫਿਲਟਰ ਦਾ ਪਾਣੀ ਹਾਨੀਕਾਰਕ ਦੱਸਿਆ ਜਾਂਦਾ ਹੈ । ਜੋ ਜਰੂਰੀ ਤੱਤ ਖਤਮ ਕਰ ਦਿੰਦਾ ਹੈ।

(11) ਕੋਈ ਸਮਾਂ ਸੀ ਜਦੋਂ ਲੋਕ ਏਅਰ ਕੰਡੀਸਨਰ, ਰੂਮ ਵਿੱਚ ਬੈਠ ਕੇ ਆਨੰਦ ਮਹਿਸੂਸ ਕਰਦੇ ਸਨ । ਗਰੀਬ ਲੋਕ ਏ, ਸੀ, ਕਮਰੇ ਨੂੰ ਤਰਸਦੇ ਸਨ ।

.......ਪਰੰਤੂ ਹੁਣ ਫਿਰ ਏ,ਸੀ, ਕਮਰੇ ਸਰੀਰ ਦੇ ਲਈ ਹਾਨੀਕਾਰਕ ਦੱਸੇ ਜਾ ਰਹੇ ਹਨ । ਕਿਉਂਕਿ ਏ, ਸੀ, ਕਮਰੇ ਵਿੱਚ ਆਕਸੀਜਨ ਦੀ ਘਾਟ ਆ ਜਾਂਦੀ ਹੈ । ਕਈ ਬਿਮਾਰੀਆਂ ਨੂੰ ਜਨਮ ਦਿੰਦੀ ਹੈ।

(12) ਕੋਈ ਸਮਾਂ ਸੀ ਜਦੋਂ ਮਾਹਿਰ ਕਿਸਾਨਾਂ ਨੂੰ ਵਿਗਿਆਨਕ ਢੰਗ ਨਾਲ ਖੇਤੀ ਕਰਨ ਲਈ ਪ੍ਰੇਰਿਤ ਕਰਦੇ ਸਨ

.......ਪਰੰਤੂ ਅੱਜ ਕੱਲ੍ਹ ਫਿਰ ਮਾਹਿਰਾਂ ਦੇ ਵੱਲੋ ਕੁਦਰਤੀ ਖੇਤੀ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ । ਕਈ ਲੋਕ ਕੁਦਰਤੀ ਖੇਤੀ ਕਰਨ ਲੱਗ ਪਏ ਹਨ।

(13)ਕੋਈ ਸਮਾਂ ਸੀ ਜਦੋਂ ਡਾਕਟਰਾਂ ਦੇ ਵੱਲੋ ਮੀਟ ਆਂਡਾ ਖਾਣ ਦੀ ਸਲਾਹ ਦਿੱਤੀ ਜਾਂਦੀ ਸੀ ।ਕਿਉਂਕਿ ਮੀਟ ਆਂਡੇ ਦੇ ਵਿੱਚ ਪੌਸ਼ਟਿਕ ਖੁਰਾਕ ਹੁੰਦੀ ਹੈ ।

.......ਪਰੰਤੂ ਅੱਜ ਕੱਲ੍ਹ ਡਾਕਟਰਾਂ ਦੇ ਵੱਲੋ ਮੀਟ ਤੇ ਆਂਡੇ ਨੂੰ ਅਟੈਕ ਦੀ ਬਿਮਾਰੀ,ਯੂਰੀਆ ਐਸਿਡ,ਕਲਸਟਰੋਲ,ਮੋਟਾਪਾ ਆਦਿ ਦੀ ਬਿਮਾਰੀ ਦਾ ਮੁੱਖ ਕਾਰਨ ਦੱਸਿਆ ਗਿਆ ਹੈ ।

(14) ਕੋਈ ਸਮਾਂ ਸੀ ਜਦੋਂ ਲੋਕਾਂ ਨੇ ਜਾਨਾਂ ਕੁਰਬਾਨ ਕਰਕੇ ਬਦੇਸੀਆ ਨੂੰ (ਗੋਰਿਆਂ ਨੂੰ) ਦੇਸ਼ ਦੇ ਵਿੱਚੋਂ ਬਾਹਰ ਕੱਢਿਆ ਸੀ।

.......ਪਰੰਤੂ ਅੱਜ ਕੱਲ੍ਹ ਦੇਸ਼ ਦੀਆਂ ਸਰਕਾਰਾਂ ਰਾਤ ਦਿਨ ਲੇਲੜੀਆ ਕੱਢ ਕੇ, ਬਦੇਸੀਆਂ ਨੂੰ ਕਾਰਖਾਨੇ ਲਾਉਣ ਲਈ ਸੱਦ ਰਹੀਆਂ ਹਨ । ਬੱਚੇ ਜਾਇਦਾਦਾਂ ਵੇਚ ਕੇ ਗੋਰਿਆ ਦੇ ਦੇਸ਼ ਜਾ ਰਹੇ ਹਨ ।

(15) ਕੋਈ ਸਮਾਂ ਸੀ ਜਦੋਂ ਮਾਹਿਰਾਂ ਦੇ ਵੱਲੋ ਆਇਓਡੀਨ ਲੂਣ ਵਰਤਣ ਦੀ ਸਲਾਹ ਦਿੱਤੀ ਜਾਦੀ ਸੀ

.......ਪਰੰਤੂ ਅੱਜ ਕੱਲ੍ਹ ਫਿਰ ਇਹ ਲੂਣ ਸਿਹਤ ਦੇ ਲਈ ਹਾਨੀਕਾਰਕ ਦੱਸਿਆ ਜਾਂਦਾ ਹੈ । ਸਿੱਧਾ ਨਮਕ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ।

(16) ਕੋਈ ਸਮਾਂ ਸੀ ਜਦੋਂ ਲੋਕ ਦਾਤਣ ਕਰਦੇ ਸਨ । ਬਾਅਦ ਵਿੱਚ ਬੁਰਸ਼ ਅਤੇ ਕੋਲਗੇਟ ਨੇ ਦਾਤਣ ਦਾ ਰਿਵਾਜ ਬੰਦ ਕਰ ਦਿੱਤਾ ਸੀ ।

.......ਪਰੰਤੂ ਹੁਣ ਫਿਰ ਦਾਤਣ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ, ਅਤੇ ਦਾਤਣਾ ਸ਼ਹਿਰਾਂ ਦੇ ਵਿੱਚ ਮੁੱਲ ਵਿਕਦੀਆਂ ਹਨ ।

( 17) ਕੋਈ ਸਮਾਂ ਸੀ ਜਦੋ ਸ੍ਰੋਮਣੀ ਅਕਾਲੀ ਦਲ ਰਾਜਾਂ ਨੂੰ ਵੱਧ ਅਧਿਕਾਰਾ ਦਿਵਾਉਣ ਲਈ ਮੋਰਚੇ ਲਾਉਂਦਾ ਸੀ ।

.......ਪਰੰਤੂ ਹੁਣ ਬਾਦਲ ਅਕਾਲੀ ਦਲ ਨੇ ਜੰਮੂ ਕਸ਼ਮੀਰ ਦੇ ਵੱਧ ਅਧਿਕਾਰ ਖੋਹਣ ਦੇ ਹੱਕ ਵਿੱਚ ਵੋਟ ਪਾਈ ਹੋਈ ਹੈ ।

(18) ਕੋਈ ਸਮਾਂ ਸੀ ਜਦੋਂ ਆਪਸ ਵਿੱਚ ਇੱਕਠੇ ਬਹਿ ਕੇ ਸਲਾਹ ਮਸ਼ਵਰੇ ਗੱਲਾਂ ਬਾਤਾਂ ਕੀਤੀਆਂ ਜਾਂਦੀਆਂ ਸਨ।

.......ਪਰੰਤੂ ਹੁਣ ਫੇਸਬੁੱਕ ਤੇ ਲੰਬੇ-ਲੰਬੇ ਲੈਕਚਰਾਂ ਰਾਹੀਂ ਬਹੁਤ ਸੋਹਣੀਆਂ ਗੱਲਾਂ ਹਜ਼ਾਰਾਂ ਲੋਕਾਂ ਤੱਕ ਪਹੁੰਚ ਜਾਂਦੀਆ ਹਨ।ਪਰ ਮਨੋਵਿਗਿਆਨਕ ਡਾਕਟਰ ਮੋਬਾਈਲ ਦਾ ਘੱਟ ਤੋਂ ਘੱਟ ਇਸਤੇਮਾਲ ਕਰਨ ਦੀ ਸਲਾਹ ਦਿੰਦੇ ਹਨ।



Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca

# ਉਹ ਵੇਲਾ ਯਾਦ ਕਰ




ਬਲਵਿੰਦਰ ਕੌਰ ਬਰਾੜ
403 590 9629

## ਛੋਟੇ ਹੁੰਦੇ ਅਸੀਂ ਕਿਤਾਬ ਨੂੰ ਪੈਰ ਲੱਗ ਜਾਣ ਤੇ ਮੱਥਾ ਟੇਕ ਕੇ ਮੁਆਫ਼ੀ ਮੰਗਦੇ ਸੀ

ਬੇ-ਅਕਲੇ ਬੇ-ਹੁਨਰੇ ਹੱਥ ਵਿਚ ਫੁੱਲ ਵੀ ਖੰਜਰ ਲਗਦਾ ਹੈ,
ਖੁਭ ਨਾ ਜਾਵੇ ਕਿਧਰੇ ਮਨ ਦੀ ਮੈਨਾ ਨੂੰ ਡਰ ਲਗਦਾ ਹੈ।

ਮੈਂ ਓਦੋਂ ਛੋਟੀ ਬਾਲੜੀ ਸੀ ਜਦ ਮੇਰੇ ਮਾਂ ਜੀ (ਦਾਦੀ) ਨੇ ਜ਼ਿੰਦਗੀ ਨੂੰ ਸਲੀਕੇ ਨਾਲ ਜਿਉਣ ਦੀਆਂ ਹਦਾਇਤਾਂ ਦੀ ਝੜੀ ਪੈਰ ਪੈਰ ਤੇ ਲਾਈ ਸੀ। ਮੇਰੇ ਅਪਹੁਦਰੇ ਕਦਮਾਂ ਨੂੰ ਹਰ ਸਮੇ ਇਹ ਸੰਦੇਸ਼ ਔਖ ਚਾੜ੍ਹਦੇ। ਤੁਰਨ ਦਾ, ਉੱਠਣ-ਬੈਠਣ, ਰੋਣ-ਹੱਸਣ, ਗੱਲ ਕੀ ਹਰ ਹਰਕਤ ਤੇ ਸਲੀਕਾ ਪਹਾੜੇ ਵਾਂਗ ਰਟਣਾ ਪਿਆ। ਕਿਵੇਂ ਜਿਉਣਾ ਹੈ, ਇੱਥੋਂ ਤਕ ਕਿ ਨਹਾ ਕੇ ਤਾਰ ਤੇ ਕੱਪੜੇ ਕਿਵੇਂ ਸੁੱਕਣੇ ਪਾਉਣੇ ਹਨ, ਜਿਹੀਆਂ ਨਸੀਹਤਾਂ ਪਿੱਛਾ ਕਰਦੀਆਂ ਰਹੀਆਂ। ਉਸ ਸਮੇ ਇਹ ਸਭ ਗੱਲਾਂ ਵਿਹੁ ਵਰਗੀਆਂ ਲਗਦੀਆਂ ਸੀ। ਜਿਵੇਂ ਮੇਰੀ ਆਜ਼ਾਦ ਜਿਉਣ ਦੀ ਲਾਲਸਾ ਦੀ ਸੰਘੀ ਨੱਪੀ ਜਾ ਰਹੀ ਹੋਵੇ। ਅੱਜ ਓਹੀ ਸਭ ਇਬਾਰਤਾਂ ਮੇਰੇ ਚੇਤਿਆਂ ਤੇ ਤੈਰਨ ਲਗਦੀਆਂ ਹਨ ਕਿ ਮੈਂ ਰੁਖ਼ਸਤ ਹੋਣ ਤੋਂ ਪਹਿਲਾਂ ਇਹ ਸਭ ਆ ਰਹੀ ਪੀੜ੍ਹੀ ਨੂੰ ਵਿਰਾਸਤ ਵਜੋਂ ਸੌਂਪ ਜਾਵਾਂ।

ਇੱਕ ਵਾਰੀ ਮੈਂ ਪੈਰਾਂ ਭਾਰ ਬੈਠੀ ਮਾਂ ਜੀ ਨੂੰ ਆਲੂ ਛਿਲਦਿਆਂ ਪੂਰੀ ਨੀਝ ਲਾ ਕੇ ਵੇਖ ਰਹੀ ਸੀ। ਉਹ ਹੱਥ ਵਿਚਲੇ ਆਲੂ ਨੂੰ ਚਾਕੂ ਦੁਆਲ਼ੇ ਘੁਮਾ ਕੇ ਸਾਰੇ ਆਲੂ ਦਾ ਬੱਸ ਇੱਕੋ ਛਿਲਕਾ ਉਤਾਰ ਰਹੇ ਸਨ, ਜੋ ਮੈਨੂੰ ਕੌਤਕੀ ਕ੍ਰਿਤ ਵਾਂਗ ਲੱਗ ਰਿਹਾ ਸੀ। ਫੇਰ ਸਾਰੇ ਛਿੱਲੜ ਇਕੱਠੇ ਕਰ ਕੇ ਮੈਨੂੰ ਬਾਹਰ ਸੁੱਟਣ ਦਾ ਆਦੇਸ਼ ਹੋਇਆ। ਜਦੋਂ ਮੈਂ ਭੱਜ ਕੇ ਕੱਚੇ ਤੇ ਸਾਫ਼ ਕੀਤੇ ਵਿਹੜੇ ਵਿਚ ਵਗਾਹ ਮਾਰੇ ਤਾਂ ਝਿੜਕਾਂ ਪਈਆਂ - ਆਹ ਕੀ ਕਰਤਾ। ਮੈਨੂੰ ਰੋਹ ਚੜ੍ਹੀ ਜਾਵੇ ਭਲਾ ਫ਼ਜ਼ੂਲ ਛਿੱਲੜਾਂ ਨੂੰ ਕੀ ਗੌਲਣਾ ਹੋਇਆ। ਸੁੰਭਰੇ-ਸੰਵਾਰੇ ਵਿਹੜੇ ਵਿਚ ਦੂਰ ਤੱਕ ਬਿਖਰੇ ਛਿੱਲੜ ਮੇਰਾ ਮਜ਼ਾਕ ਉਡਾ ਰਹੇ ਸਨ। ਮਾਂ ਜੀ ਨੇ ਕਿਹਾ,- ਕੁੜੇ ਬੀਰ, ਕੂੜਾ ਵੀ ਇਉਂ ਸਿੱਟੀਏ, ਬਈ ਪਿਆ ਸੋਹਣਾ ਲੱਗੇ। ਮੈਨੂੰ ਸਾਰੇ ਛਿਲਕੇ ਮੁੜ ਇਕੱਠੇ ਕਰ ਕੇ ਖੁਰਲੀ ਵਿਚ ਪਾਉਣੇ ਪਏ।




ਸਾਰੇ ਹੀ ਧਰਮਾਂ ਨੇ ਸਾਡੇ ਥਿੜਕਦੇ ਕਦਮਾਂ ਨੂੰ ਜੀਵਨ-ਜਾਚ ਨਾਲ ਸਲੀਕਾ ਸਿਖਾਇਆ ਹੈ। ਪਰ ਸਾਡੀ ਇਹ ਬਦਕਿਸਮਤੀ ਰਹੀ ਹੈ ਕਿ ਅਸੀਂ ਰੱਬ ਨੂੰ ਇੱਕ ਮੰਨਦੇ ਹੋਏ ਵੀ ਰੱਬ ਦੀ ਇੱਕ ਨੀਂ ਮੰਨਦੇ। ਗੁਰੂ ਸਾਹਿਬ ਨੇ ਫ਼ੁਰਮਾਇਆ ਹੈ,- ਸਚਹੁ ਓਰੈ ਸਭ ਕੋ ਊਪਰ ਸਚ ਆਚਾਰ। ਇਉਂ ਰੱਬ ਤੋਂ ਵੀ ਉਪਰ ਸ਼ੁਭ ਵਿਵਹਾਰ, ਚੱਜ-ਆਚਾਰ, ਸ਼ਊਰ, ਲਿਆਕਤ, ਢੰਗ-ਤਰੀਕਾ ਜਾਂ ਸਿਆਣਪ ਨਾਲ ਹੀ ਜ਼ਿਦਗੀ ਨੂੰ ਖ਼ੂਬਸੂਰਤੀ ਨਾਲ ਢਾਲਣ ਜਹੇ ਗੁਣ ਹਨ। ਜਿਵੇਂ ਦੇਹੀ ਨੂੰ ਖਾਸ ਖ਼ੁਰਾਕ ਜਾਂ ਕਸਰਤ ਦੀ ਲੋੜ ਹੈ ਉਵੇਂ ਹੀ ਜ਼ਿੰਦਗੀ ਨੂੰ ਵਿਸ਼ੇਸ਼ ਤਰਤੀਬ ਜਾਂ ਅਨੁਸ਼ਾਸਨ ਦੀ ਲੋੜ ਹੈ। ਜੇ ਸਾਡੇ ਖਾਣੇ ਦੀ ਮੇਜ਼ ਤੇ ਕੋਈ ਮਹਿਮਾਨ ਪਚਾਕੇ ਮਾਰ ਕੇ ਖਾਂਦਾ ਜਾਂ ਸੜ੍ਹਾਕੇ ਮਾਰ ਕੇ ਚਾਹ ਪੀਂਦਾ ਹੈ ਤਾਂ ਉਸ ਤੇ ਮੁਕੱਦਮਾ ਨਹੀਂ ਚਲਾ ਸਕਦੇ ਪਰ ਅੱਖਾਂ-ਅੱਖਾਂ ਵਿਚ ਹੀ ਸੋਚਦੇ ਹਾਂ ਕਿ ਅੱਗੇ ਤੋਂ ਇਸ ਦੀ ਮੇਜ਼ਬਾਨੀ ਨਹੀਂ ਕਰਾਂਗੇ। ਇਉਂ ਹੀ ਬੇ-ਤਰਤੀਬਾ ਇਨਸਾਨ ਹੋਰਨਾ ਦੀ ਸੂਚੀ ਵਿੱਚੋਂ ਹੀ ਮਨਫ਼ੀ ਹੋ ਜਾਂਦਾ ਹੋਵੇਗਾ। ਕਈ ਲੋਕ ਗੱਲਾਂ ਕਰਦੇ ਗਾਲ੍ਹਾਂ ਕੱਢੀ ਜਾਂਦੇ ਹਨ, ਤਨਜ਼ ਕਸਦੇ ਹਨ, ਆਪਣੀ ਹੀ ਸਿਫ਼ਤ ਕਰਦੇ ਹਨ ਜਾਂ ਠਹਾਕੇ ਮਾਰ ਕੇ ਹਸਦੇ ਹਨ, ਉਹ ਬੇ-ਤਰਤੀਬੇ ਹਨ। ਕਿਹਾ ਜਾਂਦਾ ਹੈ ਕਿਸੇ ਵੀ ਸਭਾ ਵਿਚ ਬੈਠੋ ਬਾ-ਅਦਬ ਹੋ ਕਰ, ਉੱਠੋ ਬਾ-ਖ਼ਬਰ ਹੋ ਕਰ।ਮਹਿੰਗੇ ਕੱਪੜੇ ਗਹਿਣੇ ਪਾ ਕੇ ਉਹ ਲੋਕ ਹੋਰ ਵੀ ਬੇ-ਤਰਤੀਬੇ ਹੋ ਜਾਂਦੇ ਹਨ ਜੋ ਹੋਰਾਂ ਨੂੰ ਨਹੀਂ ਗੌਲ਼ਦੇ। ਕਿਹਾ ਜਾਂਦਾ ਹੈ ਕਾਨੂੰਨ, ਨੇਮ, ਰਿਵਾਜ ਜਾਂ ਬੰਧਨ ਸਮਾਜ ਸਾਡੇ ਤੇ ਥੋਪਦਾ ਹੈ ਪਰ ਅਸੂਲ, ਸੰਜਮ ਤੇ ਸਲੀਕਾ ਅਸੀਂ ਆਪ ਹੀ ਸਿਖਦੇ ਹਾਂ। ਕਿਸੇ ਕੌਮ ਨੂੰ ਵਿਕਾਸ ਕਰਨ ਲਈ ਲਿੱਬੜੇ ਹੱਥਾਂ ਤੇ ਸਾਫ਼ ਦਿਮਾਗ ਦੀ ਲੋੜ ਪੈਂਦੀ ਹੈ। ਕਈ ਲੋਕ ਉਪਰੋਂ ਪੂਰੇ ਫ਼ੈਸ਼ਨ-ਏਬਲ, ਲਿਸ਼ਕੇ-ਪੁਸ਼ਕੇ ਅਤੇ ਮਾਡਰਨ ਦਿੱਖ ਵਾਲੇ ਹੋ ਕੇ ਵੀ ਅੰਦਰੋਂ ਪੂਰੇ ਸੰਕਾਰਨ, ਨਿੱਜ-ਕੇਂਦਰਿਤ, ਥੋਥੇ ਅਤੇ ਖੋਖਲੇ ਵੀ ਹੋ ਸਕਦੇ ਹਨ। ਉਨ੍ਹਾਂ ਦੇ ਗ਼ਰੂਰ ਭਰੇ ਵਿਵਹਾਰ ਵਿਚ ਦੂਜਿਆਂ ਲਈ ਕੁੜੱਤਣ ਹੁੰਦੀ ਹੈ। ਲੋਕਾਂ ਵਿਚ ਫੋਕੀ ਸ਼ੁਹਰਤ ਜਾਂ ਦਿਖਾਵਾ ਕਰ ਕੇ ਸਲੀਕਾ ਕਿਰ ਜਾਂਦਾ ਹੈ। ਸਲੀਕੇਦਾਰ ਫੱਕਰ ਤੇ ਬਹੁਤ ਫ਼ਕੀਰ ਲੋਕ ਅੰਦਰੋਂ ਮੋਕਲ਼ੇ, ਨਿਮਰ ਵਿਚਾਰਾਂ ਵਾਲੇ ਹੋ ਸਕਦੇ ਹਨ ਜਿਨ੍ਹਾਂ ਦੀਆਂ ਪੈੜਾਂ ਹੀ ਚਿਤਰ ਬਣਦੀਆਂ ਹਨ। ਕੁੱਝ ਲੋਕ ਬੰਦੂਕ ਵੀ ਬੰਸਰੀ ਵਾਂਗ ਫੜਦੇ ਹਨ ਪਰ ਕਈ ਲੋਕ ਛਤਰੀ ਵੀ ਬੰਦੂਕ ਵਾਂਗ ਤਾਣ ਕੇ ਤੁਰਦੇ ਹਨ। ਕਈ ਲੋਕ ਆਪਣੇ ਵਿਵਹਾਰ ਤੇ ਖ਼ੂਬਸੂਰਤ ਬੋਲਾਂ ਨਾਲ ਹੀ ਔਰਤ \ ਮਰਦ ਵਿਚ ਪਲਰਦੀ ਧੁੱਪ-ਛਾਂ ਵਾਲੀ ਤਮੀਜ਼ ਬਰਕਰਾਰ ਰਖਦੇ ਹਨ। ਸਾਹ ਲੈਣ ਜੋਗੀ ਥਾਂ ਹਰ ਰਿਸ਼ਤੇ ਨੂੰ ਲੋੜੀਂਦੀ ਹੈ। ਛੋਟੇ ਹੁੰਦੇ ਅਸੀਂ ਕਿਤਾਬ ਨੂੰ ਪੈਰ ਲੱਗ ਜਾਣ ਤੇ ਮੱਥਾ ਟੇਕ ਕੇ ਮੁਆਫ਼ੀ ਮੰਗਦੇ ਸੀ। ਕਈ ਲੋਕ ਪੜ੍ਹਦੇ-ਪੜ੍ਹਦੇ ਕਿਤਾਬ ਨੂੰ ਮੂਧੀ ਮਾਰ ਕੇ ਸੌਂ ਜਾਂਦੇ ਹਨ। ਸਾਨੂੰ ਜਾਪਦਾ ਹੈ ਕਿਤਾਬ ਨੂੰ ਦੁੱਖ ਲਗਦਾ ਹੋਣੈ। ਜਿਵੇਂ ਕਹਿੰਦੇ ਹਨ ਕਿ ਪਿੰਡ ਗੁਹਾਰਿਆਂ ਤੋਂ ਹੀ ਪਰਖਿਆ ਜਾਂਦਾ ਹੈ, ਇਉਂ ਹੀ ਸਲੀਕੇ ਤੋਂ ਹੀ ਕਿਸੇ ਇਨਸਾਨ ਦਾ ਸੱਭਿਅਕ ਹੋਣਾ, ਉਸ ਦਾ ਮਾਨਸਿਕ ਪੱਧਰ ਤੇ ਉਸ ਦੀ ਪਰਵਰਿਸ਼ ਜਾਂ ਘਰਾਣੇ ਦਾ ਪਤਾ ਲਗਦਾ ਹੈ। ਇਨ੍ਹਾਂ ਮੁਲਕਾਂ ਵਿਚ ਮੁਸਕਰਾ ਰਿਹਾ ਚਿਹਰਾ ਇੱਥੋਂ ਦੀ ਤਹਿਜ਼ੀਬ ਹੈ। ਹੁਣ ਆ ਕੇ ਸਮਝ ਲੱਗੀ ਹੈ ਕਿ ਕੂੜਾ ਪਿਆ ਵੀ ਸੁਹਣਾ ਲੱਗਣਾ ਚਾਹੀਦਾ ਹੈ। ਸਾਡੇ ਵਿਵਹਾਰ, ਠਰ੍ਹੰਮੇ, ਨਿਮਰਤਾ, ਮੁਆਫ਼ੀ ਅਤੇ ਸਹਿਨਸ਼ੀਲਤਾ ਦੀ ਵਾਰ-ਵਾਰ ਪਰਖ ਹੀ ਸਾਡਾ ਅਨੁਸ਼ਾਸਨ ਹੋ ਨਿੱਬੜਦਾ ਹੈ। ਗੁਰਦੁਆਰਾ ਸਾਹਿਬ ਜਾ ਬੈਠਣਾ ਵੀ ਇੱਕ ਅਨੁਸ਼ਾਸਨ ਲਈ ਪਾਠਸ਼ਾਲਾ ਹੈ। ਸੋ ਹਰ ਬੰਦਾ ਇੱਕ ਭੀੜ ਸਿਰਜੇ ਪਰ ਭੀੜ ਦਾ ਹਿੱਸਾ ਹੋ ਕੇ ਵੀ ਵੱਖਰਾ ਹੀ ਦਿੱਸੇ ਤਾਂ ਹੀ ਗੱਲ ਬਣਦੀ ਹੈ। ਚੱਲੋ ਫੇਰ ਸਲੀਕੇ ਨਾਲ ਗੱਲ ਬਣਾਉਣ ਬਾਰੇ ਸੋਚੀਏ।

# ਬੈਂਕ ਆਫ਼ ਕੈਨੇਡਾ ਨੇ ਵਿਆਜ਼ ਦਰਾਂ ਵਧਾਕੇ 4.25 ਫ਼ੀਸਦੀ ਕਰ ਦਿੱਤੀਆਂ ਹਨ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੈਂਕ ਆਫ ਕੈਨੇਡਾ ਵੱਲੋਂ ਇੱਕ ਵਾਰ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਕਰ ਦਿੱਤਾ ਗਿਆ ਹੈ। ਕੇਂਦਰੀ ਬੈਕ ਵੱਲੋਂ ।50 ਬੇਸਿਸ ਅੰਕਾਂ ਦਾ ਵਾਧਾ ਕੀਤਾ ਗਿਆ ਹੈ। ਜਿਸ ਨਾਲ ਵਿਆਜ਼ ਦਰਾਂ ਵਧਕੇ 4।25 ਫ਼ੀਸਦ ‘ਤੇ ਪਹੁੰਚ ਗਈਆਂ ਹਨ। ਬੈਂਕ ਵੱਲੋਂ ਇਸ ਸਾਲ ਲਗਾਤਾਰ ਕੀਤਾ ਗਿਆ ਇਹ ਸੱਤਵਾਂ ਵਾਧਾ ਸੀ । ਇੱਥੇ ਇਹ ਵੀ ਦੱਸਣਯੋਗ ਹੈ ਕਿ ਬੈਂਕ ਆਫ ਕੈਨੇਡਾ ਦੀਆਂ ਵਿਆਜ਼ ਦਰਾਂ ਸਾਲ 2008 ਤੋਂ ਬਾਅਦ ਸਭ ਤੋਂ ਉੱਪਰਲੇ ਪੱਧਰ ‘ਤੇ ਪਹੁੰਚ ਗਈਆਂ ਹਨ । ਜ਼ਿਕਰਯੋਗ ਹੈ ਕਿ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਬੈਂਕ ਆਫ ਕੈਨੇਡਾ ਵੱਲੋਂ ਮਾਰਚ ਵਿੱਚ ਵਿਆਜ਼ ਦਰਾਂ ਵਿੱਚ ਵਾਧੇ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਸੀ। ਜੁਲਾਈ ਵਿੱਚ ਮਹਿੰਗਾਈ ਦਰ 8·1 ਫੀ ਸਦੀ ਉੱਤੇ ਪਹੁੰਚਣ ਤੋਂ ਬਾਅਦ ਅਕਤੂਬਰ ਵਿੱਚ ਮਹਿੰਗਾਈ ਦਰ 6।9 ਫੀ ਸਦੀ ਉੱਤੇ ਆ ਗਈ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ ਕੈਨੇਡਾ ਵਿੱਚ ਹਰ ਸਾਲ ਲੱਖਾਂ ਨਵੇਂ ਲੋਕ ਇੰਮੀਗ੍ਰੈਂਟ ਦੇ ਤੌਰ ਤੇ ਆਉਂਦੇ ਹਨ ਅਤੇ ਇਥੇ ਆਉਣ ਵਾਲੇ ਹਰੇਕ ਵਿਅਕਤੀ ਦਾ ਸੁਪਨਾ ਹੁੰਦਾ ਹੈ ਕਿ ਉਸ ਦਾ ਆਪਣਾ ਘਰ ਹੋਵੇ ਪਰ ਜਿਸ ਤਰ੍ਹਾਂ ਹਾਲਾਤ ਬਦਲ ਰਹੇ ਹਨ ਅਤੇ ਬੈਂਕ ਆਫ ਕੈਨੇਡਾ ਵੱਲੋਂ ਵਿਆਜ਼ ਦਰਾਂ ਵਿਚ ਵੀ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ ਤਾਂ ਇਸ ਨਾਲ ਮੌਰਗੇਜ ਪਾਸ ਕਰਵਾਉਣਾ ਇੱਕ ਵੱਡੀ ਚਨੌਤੀ ਬਣਦੀ ਜਾ ਰਹੀ ਹੈ ਜਿਸ ਕਾਰਨ ਹੁਣ ਹਾਲਾਤ ਇਹ ਬਣਦੇ ਜਾ ਰਹੇ ਹਨ ਕਿ ਆਪਣਾ ਘਰ ਖਰੀਦਣ ਵਾਲਿਆਂ ਨਾਲੋਂ ਕਿਰਾਏ ਦੇ ਘਰਾਂ ਵਿੱਚ ਰਹਿਣ ਵਾਲਿਆਂ ਦੀ ਗਿਣਤੀ ਰਿਕਾਰਡ ਪੱਧਰ ਤੇ ਪਹੁੰਚ ਗਈ ਹੈ ਜੋ ਇਸ ਤੋਂ ਪਹਿਲਾਂ ਕਦੇ ਵੀ ਕੈਨੇਡਾ ਵਿਚ ਮਹਿਸੂਸ ਨਹੀਂ ਕੀਤੀ ਗਈ।

# ਆਰ ਐਸ ਐਸ ਨਾਂ ਦੀ ਨਾ-ਮੁਰਾਦ ਬਿਮਾਰੀ ਨੇ ਕਨੇਡਾ ਦੇ ਬੱਚਿਆਂ ਉੱਪਰ ਹਮਲਾ ਬੋਲ ਦਿੱਤਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਇਸ ਵਕਤ ਬੱਚਿਆਂ ਅੰਦਰ ਸਾਹ ਨਾਲ ਸਬੰਧਤ ਵਾਇਰਸ ਜਿਸ ਨੂੰ ਆਰ ਐਸ ਐਸ ਵੀ ਦੇ ਤੌਰ ਤੇ ਜਾਣਿਆ ਜਾਂਦਾ ਹੈ ਤੋਂ ਇਲਾਵਾ ਫਲੂ ਕਾਰਣ ਬਿਮਾਰ ਹੋਣ ਵਾਲੇ ਬੱਚਿਆਂ ਦੀ ਗਿਣਤੀ ਦਿਨੋਂ-ਦਿਨ ਤੇਜ਼ ਗਤੀ ਨਾਲ ਵਧ ਰਹੀ ਹੈ। ਬੱਚਿਆਂ ਦੇ ਹਸਪਤਾਲਾਂ ਵਿੱਚ ਬਿਮਾਰ ਬੱਚਿਆਂ ਲਈ ਜਗ੍ਹਾ ਦਾ ਇੰਤਜ਼ਾਮ ਵੀ ਨਹੀਂ ਹੋ ਪਾ ਰਿਹਾ। ਬੱਚਿਆਂ ਦੇ ਹਸਪਤਾਲਾਂ ਵਿੱਚ ਆਪਣੇ ਬਿਮਾਰ ਬੱਚਿਆਂ ਨੂੰ ਲੈ ਕੇ ਜਾਣ ਬਾਰੇ ਮਾਪੇ ਜਦੋਂ ਉੱਥੋਂ ਦੇ ਹਾਲਾਤ ਦੇਖਦੇ ਹਨ ਤਾਂ ਉਹ ਹੋਰ ਜ਼ਿਆਦਾ ਚਿੰਤਤ ਹੋ ਜਾਂਦੇ ਹਨ। ਵਾਇਰਸ ਕਾਰਨ ਹੁਣ ਤੱਕ ਕਈ ਬੱਚਿਆਂ ਦੀ ਮੌਤ ਵੀ ਹੋ ਚੁੱਕੀ ਹੈ। ਜਿਸ ਤੇ ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਬਚਾਇਆ ਜਾ ਸਕਦਾ ਸੀ ਬਸ਼ਰਤੇ ਉਨ੍ਹਾਂ ਦਾ ਸਹੀ ਢੰਗ ਨਾਲ ਇਲਾਜ ਦਾ ਪ੍ਰਬੰਧ ਹੁੰਦਾ। ਉਧਰ ਬੱਚਿਆਂ ਵਿੱਚ ਵਧ ਰਹੇ ਆਰ ਐਸ ਐਸ ਵੀ ਅਤੇ ਫਲੂ ਦੇ ਮਾਮਲਿਆਂ ਕਾਰਨ ਹਸਪਤਾਲਾਂ ਵਿੱਚ ਬੱਚਿਆਂ ਦੀ ਵਧ ਰਹੀ ਗਿਣਤੀ ਦੇ ਮੱਦੇਨਜ਼ਰ ਐਨ ਡੀ ਪੀ ਲੀਡਰ ਜਗਮੀਤ ਸਿੰਘ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਪਰ ਸ਼ਬਦੀ ਹਮਲੇ ਕਰਦਿਆਂ ਆਖਿਆ ਕਿ ਇਹ ਮਸਲਾ ਕਿਸੇ ਸੂਬੇ ਜਾਂ ਖੇਤਰ ਦਾ ਨਹੀਂ ਬਲਕਿ ਪੂਰੇ ਦੇਸ਼ ਦਾ ਮਸਲਾ ਹੈ ਤੇ ਪ੍ਰਧਾਨ ਮੰਤਰੀ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਉਨਾਂ ਅਲਬਰਟਾ ਦੇ ਚਿਲਡਰਨ ਹਸਪਤਾਲ ਦੇ ਬਾਹਰ ਟਰੇਲਰ ਲਗਾਏ ਜਾਣ ਅਤੇ ਔਟਵਾ ਵਿੱਚ ਰੈਡ ਕਰਾਸ ਨੂੰ ਮੱਦਦ ਲਈ ਸੱਦੇ ਜਾਣ ਦੀਆਂ ਉਦਾਹਰਨਾਂ ਦਿੰਦਿਆਂ ਆਖਿਆ ਕੀ ਪ੍ਰਧਾਨ ਮੰਤਰੀ ਟਰੂਡੋ ਨੂੰ ਆਪਣੇ ਮੰਤਰੀਆਂ ਅਤੇ ਸੂਬਿਆਂ ਦੇ ਪ੍ਰੀਮੀਅਰਾਂ ਨਾਲ ਮੀਟਿੰਗ ਕਰਕੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਯਤਨ ਕਰਨਾ ਚਾਹੀਦਾ ਹੈ ਇਸ ਦੇ ਨਾਲ ਹੀ ਜਗਮੀਤ ਸਿੰਘ ਨੇ ਮਸ਼ਵਰਾ ਦਿੰਦਿਆਂ ਆਖਿਆ ਕਿ ਵਿਦੇਸ਼ਾਂ ਵਿੱਚੋ ਹੈਲਥ ਵਰਕਰਾਂ ਨੂੰ ਲਿਆਉਣ ਲਈ ਇੰਮੀਗ੍ਰੇਸ਼ਨ ਦੇ ਕੰਮ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ ਅਤੇ ਜੋ ਹੈਲਥ ਵਰਕਰ ਇਸ ਵਕਤ ਕੈਨੇਡਾ ਵਿੱਚ ਮੌਜੂਦ ਹਨ ਉਨ੍ਹਾਂ ਦੇ ਸਟੇਟਸ ਨੂੰ ਵੀ ਬਦਲਨਾ ਚਾਹੀਦਾ ਹੈ।





















ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8




Vermilion Hill
ਵਰਮਿਲੀਅਨ ਵਿੱਚ ਤੁਹਾਨੂੰ ਜੀ ਆਇਆਂ ਨੂੰ
ਪੜਚੋਲ ਕਰਨ ਲਈ ਜੀਓ
ਸ਼ੋਅ ਹੋਮ ਹੁਣ ਖੁੱਲ੍ਹ ਗਏ ਹਨ
ਸਾਊਥ ਵੈਸਟ ਕੈਲਗਰੀ ਵਿੱਚ ਨਵੀਂ ਕਮਿਊਨਿਟੀ.
ਵਰਮਿਲੀਅਨ ਹਿੱਲ, ਕੁਦਰਤ ਨਾਲ ਘਿਰਿਆ, ਫਿਸ਼ ਕ੍ਰੀਕ ਪਾਰਕ ਤੋਂ, ਕੁੱਝ ਕੁ ਕਦਮ ਦੂਰ ਹੈ । ਜਿਸ ਦਾ ਏਰੀਆ ਪੱਕੇ ਅਤੇ ਬੱਜਰੀ ਵਾਲੇ ਰਸਤੇ, ਪਿਕਨਿਕ ਖੇਤਰ,ਪਾਰਕ, ਅਤੇ ਹੋਰ ਬਹੁਤ ਕੁਝ ਨਾਲ ਭਰਿਆ ਹੋਇਆ ਹੈ। ਇੱਥੇ ਰਹਿਣ ਵਾਲੇ ਭਾਈਚਾਰੇ ਲਈ ਰੌਕੀ ਪਹਾੜਾਂ ਦੇ ਦ੍ਰਿਸ਼ ਅਤੇ ਆਸਾਨੀ ਨਾਲ ਬ੍ਰੈਗ ਕ੍ਰੀਕ ਅਤੇ ਕਨਨਾਸਕਿਸ ਤੱਕ ਪਹੁੰਚ ਹੈ।
ਵਰਮਿਲੀਅਨ ਹਿੱਲ ਉਹਨਾਂ ਪਰਿਵਾਰਾਂ ਲਈ ਸੰਪੂਰਨਸਥਾਨ ਹੈ ਜੋ ਬਾਹਰ ਦੇ ਖੁੱਲੇ-ਡੁੱਲੇ ਵਾਤਾਵਰਣ ਨੂੰ ਪਸੰਦ ਕਰਦੇ ਹਨ।
ਅੱਜ ਹੀ ਰਜਿਸਟਰ ਕਰੋ liveinvermilionhill.com
ਡੁਪਲੈਕਸ ਹੋਮ ਫਰੌਮ ਦੀ ਲੋਅ $500s
ਲੇਨਡ ਹੋਮ ਫਰੌਮ ਦੀ ਮਿਡ $500s
ਫਰੰਟ ਗੈਰਾਜ ਫਰੌਮ ਦੀ ਮਿਡ $600s
ਪਹਿਲੇ 30 ਘਰਾਂ ਦੇ ਖਰੀਦਦਾਰਾਂ ਵਿੱਚੋਂ ਤੁਸੀਂ ਇੱਕ ਬਣੋ ਅਤੇ ਇਨਾਮ ਲਵੋ
ਐਵਾਰਡ ਜੇਤੂ ਬਿਲਡਰ: Homes by Avi | Genesis Builds | Shane Homes Sterling Homes | Broadview Homes | NuVista Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




$ ਸਾਡੇ ਅਫਸਰਾਂ ਨੂੰ ਚੰਗੀ ਤਨਖਾਹ ਦਿੱਤੀ ਜਾਂਦੀ ਹੈ, $67,885 ਦੀ ਸ਼ੁਰੂਆਤੀ ਤਨਖਾਹ ਦੇ ਨਾਲ ਜੋ ਪੰਜ ਸਾਲਾਂ ਦੀ ਸੇਵਾ ਤੋਂ ਬਾਅਦ ਵੱਧ ਕੇ $104,439 ਹੋ ਜਾਂਦੀ ਹੈ।

CPS ਵਿੱਚ ਸਾਡੀ ਸਭ ਤੋਂ ਵੱਡੀ ਸੰਪਤੀ ਸਾਡੇ ਲੋਕ ਹਨ। ਉਹ ਸਾਡੀ ਰੋਜ਼ਾਨਾ ਦੀ ਪ੍ਰੇਰਨਾ ਅਤੇ ਮਾਣ ਵਜੋਂ ਕੰਮ ਕਰਦੇ ਹਨ, ਸਾਰੇ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਦੇ ਸਮੂਹਿਕ ਟੀਚੇ ਨਾਲ ਬੰਨ੍ਹੇ ਹੋਏ ਹਨ।

ਅਸੀਂ ਤੁਹਾਡੇ ਪੂਰੇ ਕਰੀਅਰ ਦੇ ਦੌਰਾਨ ਸਿਖਲਾਈ, ਸਿੱਖਿਆ, ਕਰੀਅਰ ਵਿਕਾਸ ਅਤੇ ਤਰੱਕੀ ਪ੍ਰਦਾਨ ਕਰਦੇ ਹਾਂ।

ਅਸੀਂ ਭਰਤੀ ਕਰ ਰਹੇ ਹਾਂ
@calgarypolice
join.calgarypolice.ca

# ਦੁਨੀਆਂ ਭਰ ਸਮੇਤ ਅਲਬਰਟਾ, ਸੈਸਕੈਚਵਾਨ ਅਤੇ ਮੈਨੀਟੋਬਾ ਦੇ ਇਹਨਾਂ ਸਿਨੇਮਿਆਂ ਅੰਦਰ 2 ਦਸੰਬਰ 2022 ਤੋਂ ਦੇਖ ਸਕਦੇ ਹੋ !

**Calgary**
Sunridge Spectrum 14 Calgary
Landmark Country Hills Calgary

**Edmonton**
Movie 12 Edmonton
South Edmonton Cinemas

**Winipeg**
Cinema City
Northgate Winipeg

**Regina**
Cineplex Cinemas
Norman View



# ਮੈਨੀਟੋਬਾ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਸ਼ੁਰੂ ਕਰਨ ਲਈ ਪਟੀਸ਼ਨ ਪਾਈ ਗਈ ਹੈ

## ਐਮ ਐਲ ਏ ਦਿਲਜੀਤ ਪਾਲ ਸਿੰਘ ਬਰਾੜ ਵੱਲੋਂ ਇਸ ਪਟੀਸ਼ਨ ਨੂੰ ਵਿਧਾਨ ਸਭਾ ਅੰਦਰ ਪੜ੍ਹਿਆ ਗਿਆ

ਵਿਨੀਪੈਗ (ਸੁਰਿੰਦਰ ਮਾਵੀ)ਪਿਛਲੀ ਦਿਨੀਂ ਮੈਨੀਟੋਬਾ ਵਿਧਾਨ ਸਭਾ (ਲੈਜਿਸਲੈਟਿਵ ਅਸੈਂਬਲੀ) ਵਿੱਚ ਬਰਰੋਜ਼ ਵਿਧਾਨ ਸਭਾ ਹਲਕੇ ਦੇ ਐਮ ਐਲ ਏ ਦਿਲਜੀਤ ਪਾਲ ਸਿੰਘ ਬਰਾੜ ਵੱਲੋਂ ਮੈਨੀਟੋਬਾ ਦੇ ਵਿੱਦਿਅਕ ਅਦਾਰਿਆਂ ਵਿੱਚ ਪੰਜਾਬੀ ਜ਼ੁਬਾਨ ਪੜ੍ਹਾਏ ਜਾਣ ਦੇ ਹੱਕ ਵਿੱਚ ਇੱਕ ਪਟੀਸ਼ਨ ਪੜੀ ਗਈ, ਜਿਸ ਵਿੱਚ ਉਨ੍ਹਾਂ ਨੇ ਦੱਸਿਆ ਕਿ ਮਰਦਮਸ਼ੁਮਾਰੀ 2021 ਦੇ ਅਨੁਸਾਰ, ਪੰਜਾਬੀ ਕੈਨੇਡਾ ਵਿੱਚ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਮੈਨੀਟੋਬਾ ਵਿੱਚ 33,315 ਲੋਕ ਹਨ ਜਿਨ੍ਹਾਂ ਦੀ ਮੂਲ ਭਾਸ਼ਾ ਪੰਜਾਬੀ ਹੈ। ਹਜ਼ਾਰਾਂ ਪੰਜਾਬੀ ਵਿਦਿਆਰਥੀ ਆਏ ਦਿਨ ਮੈਨੀਟੋਬਾ ਸੂਬੇ ਨੂੰ ਆ ਰਹੇ ਹਨ ਅਤੇ ਪਰਵਾਸੀ ਪੰਜਾਬੀ ਏਥੇ ਆ ਕੇ ਵਸ ਰਹੇ ਹਨ। ਪੰਜਾਬੀ ਮੂਲ ਦੇ ਲੋਕ ਸਿੱਖਿਆ, ਵਿਗਿਆਨ, ਸਿਹਤ, ਵਪਾਰ ਅਤੇ ਰਾਜਨੀਤੀ ਵਰਗੇ ਖੇਤਰਾਂ ਵਿੱਚ ਕੈਨੇਡਾ ਅਤੇ ਮੈਨੀਟੋਬਾ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਮੈਨੀਟੋਬਾ ਵਿੱਚ ਆ ਕੇ ਵਸਣ ਦੇ ਵਰਤਾਰੇ ਦੌਰਾਨ ਨਵੇਂ ਆਏ ਪੰਜਾਬੀ ਬਹੁਤ ਕੁਰਬਾਨੀਆਂ ਕਰਦੇ ਹਨ ਜਿਹਨਾਂ ਵਿੱਚੋਂ ਇੱਕ ਆਪਣੀਆਂ ਸੱਭਿਆਚਾਰਕ ਜੜ੍ਹਾਂ ਅਤੇ ਭਾਸ਼ਾ ਤੋਂ ਦੂਰ ਹੋਣਾ ਵੀ ਸ਼ਾਮਿਲ ਹੈ। ਬਹੁਤ ਸਾਰੇ ਪੰਜਾਬੀ ਮਾਪੇ ਅਤੇ ਪਰਿਵਾਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਆਪਣੀ ਭਾਸ਼ਾ ਨੂੰ ਬਰਕਰਾਰ ਰੱਖਣ ਅਤੇ ਸੱਭਿਆਚਾਰਕ ਨਾਲ ਜੁੜੇ ਰਹਿਣ। ਮੈਨੀਟੋਬਾ ਦੇ ਪਬਲਿਕ ਸਕੂਲਾਂ ਵਿੱਚ ਬੱਚਿਆਂ ਅਤੇ ਨੌਜੁਆਨ ਲੋਕਾਂ ਨੂੰ ਫ੍ਰੈਂਚ, ਯੂਕਰੇਨੀ, -ਜਿਬਵੇ, ਫਿਲੀਪੀਨੋ, ਕ੍ਰੀ, ਹੈਬਰਿਊ ਅਤੇ ਸਪੇਨਿਸ਼ ਭਾਸ਼ਾਵਾ ਦੁਭਾਸ਼ੀ ਪ੍ਰੋਗਰਾਮਾਂ ਤਹਿਤ ਪੜ੍ਹਾਈਆਂ ਜਾਂਦੀਆਂ ਹਨ ਪਰ ਪੰਜਾਬੀ ਦਾ ਕੋਈ ਅਜਿਹਾ ਪ੍ਰੋਗਰਾਮ ਉਪਲੱਬਧ ਨਹੀਂ ਹੈ। ਸਕੂਲੀ ਬੱਚਿਆਂ ਲਈ ਇਸੇ ਤਰਾਂ ਦੇ ਪੰਜਾਬੀ ਦੁਭਾਸ਼ੀ ਪ੍ਰੋਗਰਾਮਾਂ ਦੇ ਨਾਲ-ਨਾਲ ਕਾਲਜ ਅਤੇ ਯੂਨੀਵਰਸਿਟੀ ਪੱਧਰ 'ਤੇ ਪੰਜਾਬੀ ਭਾਸ਼ਾ ਪੜ੍ਹਾਉਣ ਨਾਲ ਪੰਜਾਬੀ ਬੋਲੀ ਅਤੇ ਸੱਭਿਆਚਾਰ ਸਾਂਭਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਦੁਭਾਸ਼ੀ ਪ੍ਰੋਗਰਾਮ ਲਾਗੂ ਹੋਣ ਨਾਲ ਵੱਖ ਵੱਖ ਕੌਮਾਂ ਦੇ ਲੋਕਾਂ ਵਿਚਾਲੇ ਦੋਸਤੀਆਂ, ਰਿਸ਼ਤੇ ਅਤੇ ਵਿਆਹ ਸੁਖ਼ਾਲੇ ਹੋਣਗੇ ਅਤੇ ਨੌਜਵਾਨਾਂ ਨੂੰ ਬਹੁ-ਭਾਸ਼ਾਈ ਪੇਸ਼ੇਵਾਰ ਬਣਨ ਲਈ ਤਿਆਰ ਕੀਤਾ ਜਾ ਸਕੇਗਾ। ਉਨ੍ਹਾਂ ਨੇ ਸੂਬਾਈ ਸਰਕਾਰ ਨੂੰ ਮੌਜੂਦਾ ਦੁਭਾਸ਼ੀ ਪ੍ਰੋਗਰਾਮਾਂ ਵਾਂਗ ਹੀ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਦੁਭਾਸ਼ੀ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਕਦਮ ਚੁੱਕਣ ਅਤੇ ਮੈਨੀਟੋਬਾ ਵਿੱਚ ਸਿੱਖਿਆ ਦੇ ਹੋਰ




ਵਿਧਾਇਕ ਦਲਜੀਤ ਪਾਲ ਬਰਾੜ ਵਿਧਾਨ ਸਭਾ ਵਿੱਚ ਪਟੀਸ਼ਨ ਪੜਦੇ ਹੋਏ।

ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਦੀ ਸਿੱਖਿਆ ਨੂੰ ਲਾਗੂ ਕਰਨ ਲਈ ਕਦਮ ਚੁੱਕਣ ਦੀ ਅਪੀਲ ਕੀਤੀ।

ਤਾਜ਼ਾ ਅੰਕੜਿਆਂ ਅਨੁਸਾਰ ਮੈਨੀਟੋਬਾ ਵਿੱਚ, ਕੇਵਲ ਤਾਗਾਲੋਗ ਤੋਂ ਬਾਅਦ ਪੰਜਾਬੀ ਗੈਰ-ਸਰਕਾਰੀ ਭਾਸ਼ਾਵਾਂ ਵਿੱਚ ਦੂਜੇ ਨੰਬਰ 'ਤੇ ਹੈ ਜੋ ਘਰ ਵਿੱਚ ਸਭ ਤੋਂ ਵੱਧ ਬੋਲੀਆਂ ਜਾਂਦੀਆਂ ਹਨ। ਮਾਪਿਆਂ ਦਾ ਕਹਿਣਾ ਹੈ ਕਿ "ਸਾਨੂੰ ਅਹਿਸਾਸ ਹੋਇਆ ਕਿ ਸਾਡੇ ਬੱਚੇ, ਜਿਵੇਂ, ਸਾਡੀ ਭਾਸ਼ਾ ਨਹੀਂ ਬੋਲ ਰਹੇ ਹਨ। ਸਾਨੂੰ ਉਨ੍ਹਾਂ ਨੂੰ ਸਿਖਾਉਣਾ ਚਾਹੀਦਾ ਹੈ," ਤਾਂ ਜੋ ਉਹ ਰਿਸ਼ਤੇਦਾਰਾਂ ਨਾਲ ਗੱਲ ਕਰ ਸਕਣ। ਬਹੁਤ ਸਾਰੇ ਨੌਜਵਾਨ ਲੋਕ ਅਜੇ ਵੀ ਭਾਰਤ ਵਿੱਚ ਰਹਿ ਰਹੇ ਦਾਦਾ-ਦਾਦੀ ਨਾਲ ਗੱਲ ਕਰਨ ਦੇ ਯੋਗ ਨਹੀਂ ਹਨ। "ਸਿੱਖ ਦਾ ਇਤਿਹਾਸ ਬਹੁਤ ਹੀ ਮਾਣਮੱਤਾ ਹੈ। ਪਰ ਅੱਜ, ਲੋਕਾਂ ਦੀ ਦਿਲਚਸਪੀ ਨਹੀਂ ਹੈ। ਪੰਜਾਬੀ ਨਾਲੋਂ ਹੋਰ ਭਾਸ਼ਾਵਾਂ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਸਕੂਲੀ ਬੱਚੇ ਪੰਜਾਬੀ ਭਾਸ਼ਾ ਦੀ ਚੋਣ ਨਹੀਂ ਕਰ ਰਹੇ, ਜਿਸ ਕਾਰਨ ਉਹ ਪੰਜਾਬੀ ਇਤਿਹਾਸ ਅਤੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਇੱਕ ਬਹੁਤ ਹੀ ਜਾਣੀ-ਪਛਾਣੀ ਅਤੇ ਬੋਲੀ ਜਾਣ ਵਾਲੀ ਭਾਸ਼ਾ ਹੈ ਪਰ ਲੋਕ ਪੱਛਮੀ ਸੱਭਿਆਚਾਰ ਤੋਂ ਪ੍ਰਭਾਵਿਤ ਹੁੰਦੇ ਹਨ 'ਤੇ ਉਹ ਕਿਸੇ ਨਾ ਕਿਸੇ ਤਰ੍ਹਾਂ ਆਪਣੀਆਂ ਜੜ੍ਹਾਂ ਨੂੰ ਭੁੱਲ ਜਾਂਦੇ ਹਨ (ਜ਼ਿਆਦਾਤਰ) ਮਾਪੇ ਆਪਣੇ ਬੱਚਿਆਂ ਨੂੰ ਉਨ੍ਹਾਂ ਦੀ ਆਪਣੀ ਮਾਂ-ਬੋਲੀ ਪੰਜਾਬੀ ਸਿਖਾਉਣ ਵਿੱਚ ਅਸਫਲ ਰਹਿੰਦੇ ਹਨ। ਲੋਕਾਂ ਦੀ ਇਹ ਗਲਤ ਧਾਰਨਾ ਹੈ ਕਿ ਜੇ ਉਹ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਅੰਗਰੇਜ਼ੀ ਸਿਖਾਉਣਾ ਸ਼ੁਰੂ ਕਰ ਦੇਣਗੇ ਤਾਂ ਉਹ ਚੰਗੇ ਬੁਲਾਰੇ ਹੋਣਗੇ ਪਰ ਮਾਂ ਬੋਲੀ ਦਾ ਕੀ ਹੋਵੇਗਾ ?

ਜ਼ਿਕਰਯੋਗ ਹੈ ਕਿ ਸੈਵਨ -ਕਸ ਸਕੂਲ ਡਿਵੀਜ਼ਨ ਵਿਚਲੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਤੋਂ ਇਲਾਵਾ ਚਾਰ ਹੋਰ ਭਾਸ਼ਾਵਾਂ ਵਿੱਚੋਂ ਕਿਸੇ ਇੱਕ ਵਿੱਚ ਪੜ੍ਹਾਈ ਕਰਵਾਉਣ ਦੀ ਚੋਣ ਕਰ ਸਕਦੇ ਹਨ। ਇਹਨਾਂ ਪ੍ਰੋਗਰਾਮਾਂ ਦੀ ਪੇਸ਼ਕਸ਼ ਸਕੂਲ ਡਿਵੀਜ਼ਨ ਵਿਚਲੇ ਕਈ ਸਾਰੇ ਸਕੂਲਾਂ ਵਿੱਚ ਕੀਤੀ ਜਾਂਦੀ ਹੈ। ਐਂਬਰ ਟ੍ਰੇਲਜ਼ ਕਮਿਊਨਿਟੀ ਸਕੂਲ ਦੀ ਪ੍ਰਿੰਸੀਪਲ ਨਵਜੀਤ ਕੌਰ ਕੰਬੋ ਨੇ ਦੱਸਿਆ ਕਿ ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ 5 ਜਨਵਰੀ, 2023 ਨੂੰ ਅੰਬਰ ਟ੍ਰੇਲਜ਼ ਕਮਿਊਨਿਟੀ ਸਕੂਲ ਵਿਖੇ ਗ੍ਰੇਡ 3 ਤੋਂ 5 ਤੱਕ ਦੇ ਵਿਦਿਆਰਥੀਆਂ ਲਈ ਇੱਕ ਮੁਫ਼ਤ ਸਕੂਲ ਤੋਂ ਬਾਅਦ ਪੰਜਾਬੀ ਵਿਰਾਸਤੀ ਭਾਸ਼ਾ ਪ੍ਰੋਗਰਾਮ ਦੀ ਪੇਸ਼ਕਸ਼ ਕਰ ਰਹੇ ਹਾਂ। ਪੰਜਾਬੀ ਦੀਆਂ ਕਲਾਸਾਂ ਹਰ ਹਫ਼ਤੇ ਮੰਗਲਵਾਰ ਅਤੇ ਵੀਰਵਾਰ ਨੂੰ ਸ਼ਾਮ 4:00 ਵਜੇ ਤੋਂ ਸ਼ਾਮ 5:00 ਵਜੇ ਤੱਕ ਦਿੱਤੀਆਂ ਜਾਣਗੀਆਂ। ਵਿਦਿਆਰਥੀਆਂ ਨੂੰ ਦੁਪਹਿਰ 3:30 ਵਜੇ ਸਕੂਲ ਛੱਡਣ ਦੀ ਲੋੜ ਨਹੀਂ ਹੈ ਕਿਉਂਕਿ ਉਹ ਆਪਣੀ ਵਿਰਾਸਤੀ ਭਾਸ਼ਾ ਦੀ ਕਲਾਸ ਸ਼ੁਰੂ ਹੋਣ ਤੋਂ ਪਹਿਲਾਂ ਬਾਲਗ ਨਿਗਰਾਨੀ ਦੇ ਨਾਲ ਲਰਨਿੰਗ ਕਾਮਨਜ਼ (ਡਾਂਸ ਸਟੂਡੀ-) ਵਿੱਚ ਰਹਿ ਸਕਦੇ ਹਨ। ਅਸੀਂ ਸਿਰਫ਼ ਇਹ ਕਹਿੰਦੇ ਹਾਂ ਕਿ ਬੱਚੇ ਵਾਧੂ ਸਨੈਕਸ ਪੈਕ ਕਰਨ ਕਿਉਂਕਿ ਉਹ ਸਕੂਲ ਵਿੱਚ ਆਮ ਸਮੇਂ ਨਾਲੋਂ ਜ਼ਿਆਦਾ ਸਮਾਂ ਰਹਿਣਗੇ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਪ੍ਰੋਗਰਾਮ ਦੇ ਬਹੁਤ ਸਾਰੇ ਫ਼ਾਇਦੇ ਹਨ। ਵਿਦਿਆਰਥੀ ਪੰਜਾਬੀ ਭਾਸ਼ਾ ਬੋਲਣਾ, ਪੜ੍ਹਨਾ ਅਤੇ ਲਿਖਣਾ ਸਿੱਖਣ ਦੇ ਨਾਲ-ਨਾਲ ਹੋਰ ਅਮੀਰ ਸੱਭਿਆਚਾਰਕ ਅਨੁਭਵ ਜਿਵੇਂ ਕਿ ਸੱਭਿਆਚਾਰਕ ਖੇਡਾਂ ਅਤੇ ਡਾਂਸ ਵੀ ਸਿੱਖਣਗੇ। ਵਿਰਾਸਤੀ ਭਾਸ਼ਾਵਾਂ ਅਤੇ ਸੱਭਿਆਚਾਰ ਨਾਲ ਜੁੜੇ ਰਹਿਣਾ ਇਹ ਯਕੀਨੀ ਬਣਾਉਣ ਲਈ ਬਹੁਤ ਜ਼ਰੂਰੀ ਹੈ ਕਿ ਸਾਡੇ ਬੱਚੇ ਆਪਣੀ ਮਾਤ ਭਾਸ਼ਾ 'ਤੇ ਆਪਣੀ ਜ਼ਮੀਨ ਨਾਲ ਜੁੜੇ ਰਹਿਣ ਅਤੇ ਉਨ੍ਹਾਂ 'ਤੇ ਉਨ੍ਹਾਂ ਨੂੰ ਆਪੇ ਆਪ 'ਤੇ ਮਾਣ ਰਹੇ। ਵਿਦਿਆਰਥੀ ਹਾਈ ਸਕੂਲ ਪਹੁੰਚਣ 'ਤੇ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਕਰ ਕੇ ਚਾਰ ਹਾਈ ਸਕੂਲ ਕਰੈਡਿਟ ਹਾਸਲ ਕਰਨ ਦੀ ਸਮਰੱਥਾ ਰੱਖਦੇ ਹਨ। ਜਿਵੇਂ ਕਿ ਕੰਮ ਦੇ ਸਥਾਨ ਹੋਰ ਵੀ ਵਿਭਿੰਨ ਹੋ ਜਾਂਦੇ ਹਨ, ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਭਵਿੱਖ ਵਿਚ ਰੁਜ਼ਗਾਰ ਦੇ ਵਧੀਆ ਮੌਕੇ ਪ੍ਰਦਾਨ ਕਰਨ ਵਿਚ ਮਦਦ ਕਰਨਾ ਹੈ।

ਵਧਾਇਕ ਸ੍ਰੀ ਦਲਜੀਤ ਪਾਲ ਸਿੰਘ ਬਰਾੜ ਵੱਲੋਂ ਟ੍ਰੇਲਜ਼ ਕਮਿਊਨਿਟੀ ਸਕੂਲ ਦੀ ਪ੍ਰਿੰਸੀਪਲ ਨਵਜੀਤ ਕੌਰ ਕੰਬੋ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੂੰ ਭਾਸ਼ਾ ਦੀ ਸਿੱਖਿਆ ਦੇਣ ਲਈ ਇਹ ਇੱਕ ਚੰਗੀ ਸ਼ੁਰੂਆਤ ਹੈ। ਆ- ਇਸ ਦਿਸ਼ਾ ਵਿੱਚ ਹੋਰ ਕੰਮ ਕਰਨ ਲਈ ਮਿਲ ਕੇ ਕੰਮ ਕਰਦੇ ਰਹੀਏ। ਖ਼ਾਸ ਤੌਰ 'ਤੇ ਮੈਨੀਟੋਬਾ ਵਿੱਚ ਜਿੱਥੇ ਪੰਜਾਬੀ ਸਟੈਟਿਸਟਿਕਸ ਕੈਨੇਡਾ ਤੋਂ ਤਾਜ਼ਾ ਜਾਰੀ ਕੀਤੇ ਗਏ ਅੰਕੜਿਆਂ ਦੇ ਆਧਾਰ 'ਤੇ ਘਰ ਵਿੱਚ ਬੋਲੀ ਜਾਣ ਵਾਲੀ ਤੀਜੀ ਸਭ ਤੋਂ ਵੱਡੀ ਭਾਸ਼ਾ ਹੈ। ਉਨ੍ਹਾਂ ਕਿਹਾ ਕਿ ਹਜ਼ਾਰਾਂ ਮੈਨੀਟੋਬਾ ਵਾਸੀਆਂ ਦੀ ਮੂਲ ਭਾਸ਼ਾ ਪੰਜਾਬੀ ਹੈ ਜਿਨ੍ਹਾਂ ਦੇ ਬੱਚੇ ਪੰਜਾਬੀ ਪੜ੍ਹਨਾ ਚਾਹੁੰਦੇ ਹਨ। ਇਸ ਦੇ ਬਾਵਜੂਦ ਵੀ ਸਰਕਾਰੀ ਸਕੂਲਾਂ ਕਾਲਜਾਂ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾ ਰਹੀ। ਇਸ ਮੁੱਦੇ ਤੇ ਹਜ਼ਾਰ ਤੋਂ ਵੱਧ ਲੋਕਾਂ ਨੇ ਇੱਕ ਪਟੀਸ਼ਨ ਤੇ ਦਸਤਖ਼ਤ ਕਰ ਕੇ ਪੰਜਾਬੀ ਭਾਸ਼ਾ ਲਾਗੂ ਕਰਨ ਦੀ ਮੰਗ ਰੱਖੀ ਹੈ। ਮੈਨੀਟੋਬਾ ਵਿਧਾਨ ਸਭਾ ਵਿੱਚ ਇਹ ਪਟੀਸ਼ਨ ਪਹਿਲੀ ਵਾਰੀ ਪੜ੍ਹੀ ਗਈ। ਜੇ ਤੁਸੀ ਵੀ ਇਸ ਪਟੀਸ਼ਨ ਦੇ ਹੱਕ ਵਿੱਚ ਹੋ ਤਾਂ ਮੇਰੇ ਦਫ਼ਤਰ ਫ਼ੋਨ ਕਰ ਕੇ ਇਸ ਤੇ ਦਸਤਖ਼ਤ ਕਰ ਸਕਦੇ ਹੋ। ਮੇਰੇ ਦਫ਼ਤਰ ਦਾ ਫ਼ੋਨ ਨੰਬਰ 204-415-7621 ਹੈ।

# ਪੰਜਾਬ ਮੰਤਰੀ ਮੰਡਲ ਵੱਲੋਂ ਅਹਿਮ ਫ਼ੈਸਲੇ, ਅਗਲੇ ਚਾਰ ਸਾਲਾਂ 'ਚ 8400 ਪੁਲਿਸ ਮੁਲਾਜਮ ਕੀਤੇ ਜਾਣਗੇ ਭਰਤੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਸਿਰਜਣ ਦੇ ਉਦੇਸ਼ ਨਾਲ ਅਹਿਮ ਫੈਸਲਾ ਲੈਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਮੰਤਰੀ ਮੰਡਲ ਨੇ ਆਉਂਦੇ ਚਾਰ ਸਾਲਾਂ ਵਿਚ 1200 ਸਬ-ਇੰਸਪੈਕਟਰਾਂ ਅਤੇ 7200 ਕਾਂਸਟੇਬਲਾਂ ਸਮੇਤ 8400 ਪੁਲਿਸ ਮੁਲਾਜ਼ਮਾਂ ਦੀ ਭਰਤੀ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ।

ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਮੰਤਰੀ ਦਫਤਰ ਵਿਚ ਮੁੱਖ ਮੰਤਰੀ ਦੀ ਅਗਵਾਈ ਵਿਚ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਅਗਲੇ ਚਾਰ ਸਾਲਾਂ ਵਿਚ ਹਰੇਕ ਸਾਲ 1800 ਕਾਂਸਟੇਬਲ ਅਤੇ 300 ਸਬ-ਇੰਸਪੈਕਟਰਾਂ ਦੀ ਭਰਤੀ ਕੀਤੀ ਜਾਵੇਗੀ ਤਾਂ ਕਿ ਆਉਂਦੇ ਸਾਲਾਂ ਵਿਚ ਪੁਲਿਸ ਮੁਲਾਜ਼ਮਾਂ ਦੇ ਸੇਵਾ-ਮੁਕਤ ਨਾਲ ਖਾਲੀ ਹੋਣ ਵਾਲੀਆਂ ਅਸਾਮੀਆਂ ਨੂੰ ਭਰਿਆ ਜਾ ਸਕੇ। ਬੁਲਾਰੇ ਮੁਤਾਬਕ ਹਰੇਕ ਸਾਲ 2100 ਅਸਾਮੀਆਂ ਲਈ ਤਕਰੀਬਨ ਢਾਈ ਲੱਖ ਉਮੀਦਵਾਰਾਂ ਦੇ ਅਪਲਾਈ ਕਰਨ ਦੀ ਉਮੀਦ ਹੈ। ਇਹ ਸਾਰੇ ਉਮੀਦਵਾਰ ਲਿਖਤੀ ਪ੍ਰੀਖਿਆ ਪਾਸ ਕਰਨ ਦੇ ਨਾਲ-ਨਾਲ ਆਪਣੀ ਸਰੀਰਕ ਤੰਦਰੁਸਤੀ ਦੇ ਇਮਤਿਹਾਨ ਵਿੱਚੋਂ ਵੀ ਗੁਜ਼ਰਨਗੇ। ਭਰਤੀ ਪ੍ਰਕਿਰਿਆ ਨਾਲ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਾਕਾਰਤਮਕ ਪਾਸੇ ਲਾਇਆ ਜਾਵੇਗਾ ਅਤੇ ਨਸ਼ਿਆਂ ਅਤੇ ਮਾੜੀ ਸੰਗਤ ਤੋਂ ਦੂਰ ਰੱਖਣ ਵਿਚ ਮਦਦ ਮਿਲੇਗੀ। ਇਸੇ ਤਰ੍ਹਾਂ ਇਹ ਭਰਤੀ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਦਿਸਹੱਦੇ ਸਿਰਜੇਗੀ। ਬੁਲਾਰੇ ਮੁਤਾਬਕ ਭਰਤੀ ਸਬੰਧੀ ਇਸ਼ਤਿਹਾਰ, ਇਮਤਿਹਾਨ ਕਰਵਾਉਣ ਅਤੇ ਨਤੀਜਿਆਂ ਦੇ ਐਲਾਨ ਲਈ ਤੈਅ ਪ੍ਰਕਿਰਿਆ ਹੋਵੇਗੀ। ਇਸ ਪ੍ਰਕਿਰਿਆ ਦੇ ਤਹਿਤ ਜਨਵਰੀ ਮਹੀਨੇ ਵਿਚ ਇਸ਼ਤਿਹਾਰ ਜਾਰੀ ਕੀਤਾ ਜਾਵੇਗਾ ਅਤੇ ਲਿਖਤੀ ਪ੍ਰੀਖਿਆ ਮਈ-ਜੂਨ ਮਹੀਨੇ 'ਚ ਕਰਵਾਈ ਜਾਵੇਗੀ। ਇਸੇ ਤਰ੍ਹਾਂ ਸਤੰਬਰ ਮਹੀਨੇ ਵਿਚ ਫਿਜ਼ੀਕਲ ਟੈਸਟ ਹੋਵੇਗਾ ਅਤੇ ਨਵੰਬਰ ਵਿਚ ਨਤੀਜਾ ਐਲਾਨਿਆ ਜਾਵੇਗਾ।



**ਮਾਲ ਵਿਭਾਗ ਵਿਚ ਪਟਵਾਰੀਆਂ ਦੀਆਂ 710 ਅਸਾਮੀਆਂ ਭਰਨ ਦੀ ਪ੍ਰਵਾਨਗੀ**

ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਮੰਤਰੀ ਮੰਡਲ ਨੇ ਵਿਭਾਗ ਵਿਚ ਮਾਲ ਪਟਵਾਰੀਆਂ ਦੀ 710 ਅਸਾਮੀਆਂ ਭਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਕਦਮ ਨਾਲ ਮਾਲ ਰਿਕਾਰਡ ਤਿਆਰ ਕਰਨ, ਰੱਖ-ਰਖਾਵ ਅਤੇ ਪੁਰਾਣੇ ਰਿਕਾਰਡ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣਾ ਹੈ ਤਾਂ ਕਿ ਆਮ ਲੋਕਾਂ ਨੂੰ ਇਹ ਸੇਵਾਵਾਂ ਸਮੇਂ ਸਿਰ ਮੁਹੱਈਆ ਹੋ ਸਕਣ।

**ਐਨ.ਸੀ.ਸੀ. ਦੇ ਕੰਮਕਾਜ ਲਈ ਪੈਸਕੋ ਰਾਹੀਂ 203 ਮੁਲਾਜ਼ਮ ਨਿਯੁਕਤ ਕਰਨ ਦੀ ਪ੍ਰਵਾਨਗੀ**

ਨੈਸ਼ਨਲ ਕੈਡਿਟ ਕੋਰ (ਐਨ.ਸੀ.ਸੀ.) ਦੀਆਂ ਗਤੀਵਿਧੀਆਂ ਸੁਚਾਰੂ ਢੰਗ ਨਾਲ ਚਲਾਉਣ ਲਈ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ ਨੂੰ ਐਨ.ਸੀ.ਸੀ., ਮੁੱਖ ਦਫਤਰ, ਯੂਨਿਟਾਂ ਤੇ ਕੇਂਦਰਾਂ ਲਈ ਪੈਸਕੋ ਰਾਹੀਂ ਆਊਟਸੋਰਸਿੰਗ ਤਹਿਤ 203 ਮੁਲਾਜਮ ਨਿਯੁਕਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਫੈਸਲਾ ਐਨ.ਸੀ.ਸੀ. ਯੂਨਿਟਾਂ ਵਿਚ ਰੈਗੂਲਰ ਭਰਤੀ ਹੋਣ ਤੱਕ ਮਨੁੱਖੀ ਸ਼ਕਤੀ ਦੀ ਗੰਭੀਰ ਘਾਟ ਦੇ ਮੁੱਦੇ ਨੂੰ ਫੌਰੀ ਤੌਰ ਉਤੇ ਹੱਲ ਕਰਨ ਵਿਚ ਸਹਾਈ ਸਿੱਧ ਹੋਵੇਗਾ। ਇਸ ਨਾਲ ਐਨ.ਸੀ.ਸੀ. ਯੂਨਿਟਾਂ ਨੂੰ ਪ੍ਰਭਾਵੀ ਢੰਗ ਨਾਲ ਚਲਾਉਣ ਵਿਚ ਹੋਰ ਮਦਦ ਮਿਲੇਗੀ ਜਿਸ ਨਾਲ ਐਨ.ਸੀ.ਸੀ. ਕੈਡਿਟਾਂ ਦੇ ਰੂਪ ਵਿਚ ਵਿਦਿਆਰਥੀਆਂ ਦੇ ਦਾਖਲਿਆਂ ਵਿਚ ਵਾਧਾ ਹੋਵੇਗਾ।

**ਈ.ਐਮ.ਐਫ. ਦੀ ਦੋਹਰੀ ਅਦਾਇਗੀ ਬੰਦ ਕਰਨ ਲਈ ਨਵੀਂ ਕਰੱਸ਼ਰ ਨੀਤੀ ਵਿੱਚ ਸੋਧ ਨੂੰ ਪ੍ਰਵਾਨਗੀ :** ਕਰੱਸ਼ਰ ਮਾਲਕਾਂ ਦੇ ਨਾਲ-ਨਾਲ ਖਪਤਕਾਰਾਂ ਨੂੰ ਵੱਡੀ ਰਾਹਤ ਦਿੰਦਿਆਂ ਕੈਬਨਿਟ ਨੇ ਵਾਤਾਵਰਨ ਪ੍ਰਬੰਧਨ ਫੰਡ (ਈ.ਐਮ.ਐਫ.) ਦੀ ਦੋਹਰੀ ਅਦਾਇਗੀ ਰੋਕਣ ਲਈ ਨਵੀਂ ਕਰੱਸ਼ਰ ਨੀਤੀ ਵਿੱਚ ਸੋਧ ਨੂੰ ਪ੍ਰਵਾਨਗੀ ਦਿੱਤੀ ਹੈ। ਪਹਿਲਾਂ ਹੀ ਨੋਟੀਫਾਈ ਹੋ ਚੁੱਕੀ ਨਵੀਂ ਕਰੱਸ਼ਰ ਨੀਤੀ ਮੁਤਾਬਕ ਈ.ਐਮ.ਐਫ. ਦੀ ਅਦਾਇਗੀ ਇਕ ਰੁਪਏ ਪ੍ਰਤੀ ਕਿਊਬਿਕ ਫੁੱਟ ਦੀ ਦਰ ਨਾਲ ਕਰਨੀ ਲਾਜ਼ਮੀ ਹੈ, ਜਿਹੜੀ ਕਰੱਸ਼ਰ ਮਾਲਕਾਂ ਨੂੰ ਆਪਣੀਆਂ ਰਿਟਰਨਾਂ ਨਾਲ ਜਮ੍ਹਾਂ ਕਰਵਾਉਣੀ ਹੁੰਦੀ ਹੈ। ਨਵੀਂ ਨੀਤੀ ਮੁਤਾਬਕ ਇਕੋ ਰੇਤੇ ਉਤੇ ਸਕਰੀਨਿੰਗ ਪਲਾਂਟਾਂ ਤੇ ਕਰੱਸ਼ਰਾਂ ਨੂੰ ਦੋ ਵਾਰ ਈ.ਐਮ.ਐਫ. ਦੀ ਅਦਾਇਗੀ ਕਰਨੀ ਪੈਂਦੀ ਹੈ। ਇਸ ਕਾਰਨ ਅੰਤਮ ਉਤਪਾਦ ਸਮੱਗਰੀ ਦੀ ਲਾਗਤ ਵਿੱਚ ਵੱਡਾ ਵਾਧਾ ਹੁੰਦਾ ਹੈ ਅਤੇ ਤਿਆਰ ਉਤਪਾਦ ਦੀ ਵਿਕਰੀ ਕੀਮਤ, ਇਨਪੁਟ ਲਾਗਤ ਵਿੱਚ ਵਾਧਾ ਹੋ ਜਾਣ ਕਾਰਨ ਸਰਕਾਰ ਦੁਆਰਾ ਨਿਰਧਾਰਤ ਦਰਾਂ ਉਤੇ ਵਿਹਾਰਕ ਨਹੀਂ ਹੁੰਦੀ। ਇਸ ਤੋਂ ਇਲਾਵਾ ਇਹ ਸਮੱਗਰੀ ਨੂੰ ਦੋ ਵਾਰ ਚਾਰਜ ਕਰਨ ਦੇ ਬਰਾਬਰ ਹੈ। ਇਸ ਲਈ ਕਰੱਸ਼ਰ ਮਾਲਕਾਂ ਦੀ ਮੰਗ ਉਤੇ ਵਿਚਾਰ ਕਰਦੇ ਹੋਏ ਫੈਸਲਾ ਕੀਤਾ ਗਿਆ ਕਿ ਜੇ ਤਸਦੀਕ ਕਰਨ ਉਤੇ ਇਹ ਪਾਇਆ ਜਾਂਦਾ ਹੈ ਕਿ ਵਾਤਾਵਰਨ ਪ੍ਰਬੰਧਨ ਫੰਡ ਦੀ ਰਕਮ ਸਕਰੀਨਿੰਗ ਪਲਾਂਟ ਦੁਆਰਾ ਪਹਿਲਾਂ ਹੀ ਉਸ ਮਾਤਰਾ ਲਈ ਅਦਾ ਕੀਤੀ ਜਾ ਚੁੱਕੀ ਹੈ, ਜੋ ਖੁੱਲ੍ਹੇ ਬਾਜ਼ਾਰ ਵਿੱਚ ਵੇਚੀ ਗਈ ਅਤੇ ਸਿੱਧੀ ਖਪਤਕਾਰਾਂ ਨੂੰ ਨਹੀਂ ਵੇਚੀ ਗਈ ਤਾਂ ਅਜਿਹੀ ਸਥਿਤੀ ਵਿੱਚ ਵਾਤਾਵਰਨ ਪ੍ਰਬੰਧਨ ਫੰਡ ਦੀ ਰਕਮ ਨੂੰ ਸਕਰੀਨਿੰਗ ਪਲਾਂਟ ਨੂੰ ਦੋ ਮਹੀਨਿਆਂ ਦੇ ਅੰਦਰ-ਅੰਦਰ ਵਾਪਸ ਕੀਤਾ ਜਾਵੇਗਾ।

**ਕਰੱਸ਼ਰ ਯੂਨਿਟਾਂ ਨੂੰ ਤਿੰਨ ਕਿਸ਼ਤਾਂ ਵਿੱਚ ਸਿਕਿਉਰਿਟੀ ਰਾਸ਼ੀ ਜਮ੍ਹਾਂ ਕਰਵਾਉਣ ਦੀ ਛੋਟ :** ਕੈਬਨਿਟ ਨੇ ਕਰੱਸ਼ਰ ਯੂਨਿਟਾਂ ਨੂੰ ਆਪਣੀ ਸਿਕਿਉਰਿਟੀ ਰਾਸ਼ੀ ਦੀ ਅਦਾਇਗੀ ਛੇ ਮਹੀਨਿਆਂ ਵਿੱਚ ਤਿੰਨ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਉਣ ਦੀ ਛੋਟ ਵੀ ਦੇ ਦਿੱਤੀ ਹੈ।

**ਉੱਤਰੀ ਭਾਰਤ ਨਹਿਰ ਤੇ ਡਰੇਨੇਜ਼ ਐਕਟ, 1873 ਵਿੱਚ ਸੋਧ ਦਾ ਫੈਸਲਾ:** ਕੈਬਨਿਟ ਨੇ ਗੈਰ-ਸਿੰਜਾਈ ਮੰਤਵ ਲਈ ਨਹਿਰਾਂ/ਦਰਿਆਵਾਂ ਦੇ ਪਾਣੀ ਦੀ ਵਰਤੋਂ ਦੇ ਖਰਚਿਆਂ ਸਬੰਧੀ ਉੱਤਰੀ ਭਾਰਤ ਨਹਿਰੀ ਅਤੇ ਡਰੇਨੇਜ਼ ਨਿਯਮ, 1873 ਦੀ ਧਾਰਾ 75 ਨਾਲ ਪੜ੍ਹੀ ਗਈ ਧਾਰਾ 75 ਵਿੱਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ। ਇਸ ਫੈਸਲੇ ਨਾਲ ਸੂਬਾ ਸਰਕਾਰ ਨੂੰ ਹਰ ਸਾਲ 186 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਵੇਗਾ।

**'ਦਿ ਸੈਲਰੀਜ਼ ਐਂਡ ਅਲਾਊਂਸਿਜ਼ ਆਫ ਦਿ ਚੀਫ ਵਿੱਪ੍ਹ ਇਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਐਕਟ, 2022' ਬਣਾਉਣ ਦੀ ਮਨਜ਼ੂਰੀ :** ਕੈਬਨਿਟ ਨੇ 'ਦਿ ਸੈਲਰੀਜ਼ ਐਂਡ ਅਲਾਊਂਸਿਜ਼ ਆਫ ਦਿ ਚੀਫ ਵਿੱਪ੍ਹ ਇਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਐਕਟ, 2022' ਬਣਾਉਣ ਦੀ ਮਨਜ਼ੂਰੀ ਵੀ ਦੇ ਦਿੱਤੀ। ਭਾਰਤੀ ਸੰਸਦੀ ਪ੍ਰਣਾਲੀ ਵਿੱਚ ਪਾਰਟੀ ਦਾ ਚੀਫ ਵਿੱਪ੍ਹ ਅਹਿਮ ਰੋਲ ਨਿਭਾਉਂਦਾ ਹੈ ਅਤੇ ਸਦਨ ਦੀ ਕਾਰਵਾਈ ਸੁਚਾਰੂ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਚੱਲਣੀ ਯਕੀਨੀ ਬਣਾਉਂਦਾ ਹੈ। ਇਸ ਲਈ ਸਰਕਾਰ ਨੇ ਬਹੁਮਤ ਵਾਲੀ ਪਾਰਟੀ ਦੇ ਚੀਫ ਵਿੱਪ੍ਹ ਨੂੰ ਸੂਬਾ ਸਰਕਾਰ ਦੇ ਮੰਤਰੀਆਂ ਦੇ ਬਰਾਬਰ ਦਰਜਾ, ਤਨਖਾਹ, ਭੱਤੇ ਤੇ ਹੋਰ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਹੈ।

# ਭੁਪਿੰਦਰ ਪਟੇਲ ਨੇ ਗੁਜਰਾਤ ਦੇ ਮੁੱਖ ਮੰਤਰੀ ਵੱਜੋਂ ਸਹੁੰ ਚੁੱਕੀ

ਅਹਿਮਦਾਬਾਦ (ਪੰਜਾਬੀ ਅਖਬਾਰ ਬਿਊਰੋ) : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾ ਭੁਪਿੰਦਰ ਪਟੇਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ 'ਚ ਗਾਂਧੀਨਗਰ 'ਚ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਗੁਜਰਾਤ ਦੇ ਮੁੱਖ ਮੰਤਰੀ ਵਜੋਂ ਪਟੇਲ ਦਾ ਇਹ ਲਗਾਤਾਰ ਦੂਜਾ ਕਾਰਜਕਾਲ ਹੈ। ਰਾਜਪਾਲ ਆਚਾਰੀਆ ਦੇਵਵਰਤ ਨੇ ਨਵੇਂ ਸਕੱਤਰੇਤ ਕੋਲ ਹੈਲੀਪੈਡ ਗਰਾਊਂਡ 'ਚ ਆਯੋਜਿਤ ਇਕ ਸਮਾਰੋਹ 'ਚ ਪਟੇਲ ਨੂੰ ਸੂਬੇ ਦੇ 18ਵੀਂ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ। ਇਸ ਤੋਂ ਬਾਅਦ ਰਾਜਪਾਲ ਨੇ ਕੈਬਨਿਟ ਮੰਤਰੀਆਂ ਨੂੰ ਸਹੁੰ ਚੁਕਾਈ। ਕਨੂਭਾਈ ਦੇਸਾਈ, ਰਿਸ਼ੀਕੇਸ਼ ਪਟੇਲ, ਰਾਘਵਜੀ ਪਟੇਲ, ਬਲਵੰਤ ਸਿੰਘ ਰਾਜਪੂਤ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ। ਇਸ ਤੋਂ ਬਾਅਦ



ਕੁੰਵਰਜੀ ਬਾਵਾਲੀਆ, ਮੂਲੂਭਾਈ ਬੇਰਾ, ਭਾਨੂਬੇਨ ਬਾਬਰੀਥ ਅਤੇ ਕੁਬੇਰ ਦੀਡੋਰ ਨੂੰ ਮੰਤਰੀ ਵਜੋਂ ਸਹੁੰ ਚੁਕਾਈ ਗਈ। ਇਸ ਦੇ ਨਾਲ ਹੀ ਭਾਜਪਾ ਵਿਧਾਇਕਾਂ ਹਰਸ਼ ਸੰਘਵੀ ਅਤੇ ਜਗਦੀਸ਼ ਵਿਸ਼ਵਕਰਮਾ ਨੇ ਰਾਜ ਮੰਤਰੀ (ਸੁਤੰਤਰ ਚਾਰਜ) ਵਜੋਂ ਸਹੁੰ ਚੁੱਕੀ। ਇਸ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ, ਯੂਪੀ ਦੇ ਸੀ.ਐਮ. ਯੋਗੀ ਆਦਿਤਿਆਨਾਥ, ਐਮ.ਪੀ. ਸੀਐਮ ਸ਼ਿਵਰਾਜ ਸਿੰਘ ਚੌਹਾਨ, ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਅਤੇ ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸ਼ਰਮਾ ਸਮੇਤ ਭਾਜਪਾ ਸ਼ਾਸਿਤ ਰਾਜਾਂ ਦੇ ਕਈ ਨੇਤਾ ਮੌਜੂਦ ਸਨ। ਹਾਲ ਹੀ 'ਚ ਸੰਪੰਨ ਹੋਈਆਂ ਗੁਜਰਾਤ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੇ 182 'ਚੋਂ ਰਿਕਾਰਡ 156 ਸੀਟਾਂ ਜਿੱਤੀਆਂ ਹਨ। ਇਹ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਲਗਾਤਾਰ 7ਵੀਂ ਜਿੱਤ ਹੈ। ਕਾਂਗਰਸ ਨੂੰ 17 ਅਤੇ ਆਮ ਆਦਮੀ ਪਾਰਟੀ (ਆਪ) ਨੂੰ 5 ਸੀਟਾਂ 'ਤੇ ਜਿੱਤ ਮਿਲੀ। ਪਟੇਲ (60) ਨੇ ਆਪਣੇ ਪੂਰੇ ਮੰਤਰੀ ਮੰਡਲ ਨਾਲ ਸ਼ੁੱਕਰਵਾਰ ਨੂੰ ਅਸਤੀਫ਼ਾ ਦੇ ਦਿੱਤਾ ਸੀ ਤਾਂ ਕਿ ਸੂਬੇ 'ਚ ਨਵੀਂ ਸਰਕਾਰ ਦਾ ਗਠਨ ਦਾ ਰਸਤਾ ਸਾਫ਼ ਹੋ ਸਕੇ। ਉਨ੍ਹਾਂ ਨੂੰ ਸ਼ਨੀਵਾਰ ਨੂੰ ਭਾਜਪਾ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਰਾਜਪਾਲ ਨਾਲ ਮੁਲਾਕਾਤਕਰ ਕੇ ਅਗਲੀ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ ਸੀ। ਪਟੇਲ ਨੇ ਘਾਟਲੋਡੀਆ ਸੀਟ 'ਤੇ 1.92 ਲੱਖ ਵੋਟਾਂ ਦੇ ਅੰਤਰ ਨਾਲ ਆਪਣੇ ਮੁਕਾਬਲੇਬਾਜ਼ ਨੂੰ ਹਰਾਇਆ। ਪਟੇਲ ਨੂੰ ਪਿਛਲੇ ਸਾਲ ਸਤੰਬਰ 'ਚ ਵਿਜੇ ਰੂਪਾਨੀ ਦੇ ਅਸਤੀਫ਼ੇ ਤੋਂ ਬਾਅਦ ਸੂਬੇ ਦੀ ਕਮਾਨ ਮਿਲੀ ਸੀ।




# ਪੰਜਾਬ 'ਚ ਨਹਿਰੀ ਪਾਣੀ ਦੀ ਕਮੀ ਤੇ ਵੱਧ ਤਾਪਮਾਨ ਕਾਰਨ ਇਸ ਸਾਲ ਕਿੰਨੂ ਪੈਦਾਵਾਰ 25 ਫ਼ੀਸਦ ਘਟਣ ਦੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ, ਦੇਸ਼ ਵਿੱਚ ਕਿੰਨੂ ਦੀ ਫਸਲ ਦਾ ਪ੍ਰਮੁੱਖ ਉਤਪਾਦਕ ਹੈ। ਇਸ ਵਾਰ ਕਿੰਨੂ ਤੋਂ ਚੰਗੀ ਆਮਦਨ ਹੋ ਰਹੀ ਹੈ ਪਰ ਪੈਦਾਵਾਰ ਘੱਟੋ ਘੱਟ 25 ਫ਼ੀਸਦ ਘਟਣ ਕਾਰਨ ਕਾਸ਼ਤਕਾਰ ਚਿੰਤਾ ਵਿੱਚ ਹਨ। ਬਾਗਬਾਨ ਘੱਟ ਝਾੜ ਲਈ ਨਹਿਰੀ ਪਾਣੀ ਦੀ ਕਮੀ ਤੇ ਵੱਧ ਤਾਪਮਾਨ ਨੂੰ ਇਸ ਲਈ ਜ਼ਿੰਮੇਦਾਰ ਮੰਨ ਰਹੇ ਹਨ। ਪੰਜਾਬ ਦੇਸ਼ ਵਿੱਚ ਕਿੰਨੂ ਦਾ ਸਭ ਤੋਂ ਵੱਡਾ ਉਤਪਾਦਕ ਹੈ, ਜਿਸ ਹੇਠ 59,000 ਹੈਕਟੇਅਰ ਰਕਬਾ ਹੈ। ਇਸ ਤੋਂ ਕਰੀਬ 12 ਲੱਖ ਟਨ ਸਾਲਾਨਾ ਉਤਪਾਦਨ ਹੁੰਦਾ ਹੈ। ਅਬੋਹਰ ਸੂਬੇ ਦਾ ਇਲਾਕਾ ਹੈ, ਜਿੱਥੇ ਕਿੰਨੂ ਦੀ ਫ਼ਸਲ ਹੇਠ ਸਭ ਤੋਂ ਵੱਧ 35,000 ਹੈਕਟੇਅਰ ਰਕਬਾ ਹੈ। ਪੰਜਾਬ ਬਾਗਬਾਨੀ ਵਿਭਾਗ ਦੇ



ਅਧਿਕਾਰੀ ਨੇ ਦੱਸਿਆ ਕਿ ਇਸ ਦੀ ਪੈਦਾਵਾਰ ਹੁਸ਼ਿਆਰਪੁਰ, ਮੁਕਤਸਰ, ਬਠਿੰਡਾ ਅਤੇ ਕੁਝ ਹੋਰ ਜ਼ਿਲ੍ਹਿਆਂ ਵਿੱਚ ਹੁੰਦੀ ਹੈ। ਬਾਗਬਾਨੀ ਵਿਭਾਗ ਦੇ ਨੋਡਲ ਅਫਸਰ (ਨਿੰਬੂ ਜਾਤੀ) ਬਲਵਿੰਦਰ ਸਿੰਘ ਨੇ ਕਿਹਾ, 'ਇਸ ਸਾਲ ਕਿੰਨੂ ਦੇ ਉਤਪਾਦਨ ਵਿੱਚ 25 ਪ੍ਰਤੀਸ਼ਤ ਦੀ ਗਿਰਾਵਟ ਆਉਣ ਵਾਲੀ ਹੈ। 12 ਲੱਖ ਟਨ ਦੀ ਔਸਤ ਪੈਦਾਵਾਰ ਦੇ ਮੁਕਾਬਲੇ ਇਸ ਵਾਰ ਕਿੰਨੂ ਦਾ ਝਾੜ 9 ਲੱਖ ਟਨ ਹੋਣ ਦੀ ਸੰਭਾਵਨਾ ਹੈ।' ਅਬੋਹਰ, ਜਿੱਥੇ ਕਿੰਨੂ ਦੀ ਫ਼ਸਲ ਹੇਠ ਸਭ ਤੋਂ ਵੱਧ ਰਕਬਾ ਹੈ, ਬਾਗਬਾਨਾਂ ਅਨੁਸਾਰ ਝਾੜ ਵਿੱਚ ਘੱਟੋ-ਘੱਟ 50 ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ। ਅਧਿਕਾਰੀ ਨੇ ਕਿਹਾ ਕਿ ਹੋਰ ਖੇਤਰਾਂ ਵਿੱਚ ਫਸਲ ਦੀ ਆਮ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਉਤਪਾਦਕਾਂ ਨੇ ਕਿਹਾ ਕਿ ਅਬੋਹਰ ਜ਼ਿਲ੍ਹੇ ਦੇ ਵੱਡੇ ਖੇਤਰ ਨੂੰ ਫਰਵਰੀ ਅਤੇ ਮਈ ਦਰਮਿਆਨ ਸਿੰਜਈ ਲਈ ਨਹਿਰੀ ਪਾਣੀ ਦੀ ਲੋੜੀਂਦੀ ਸਪਲਾਈ ਨਹੀਂ ਮਿਲ ਸਕੀ। ਜਿਵੇਂ ਕਿ ਕਿਸਾਨਾਂ ਨੂੰ ਫਲਾਂ ਦੀ ਫਸਲ ਨੂੰ ਪਾਣੀ ਦੇਣ ਲਈ ਪਾਣੀ ਦੀ ਸਪਲਾਈ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਮਾਰਚ ਵਿੱਚ ਫੁੱਲਾਂ ਦੀ ਅਵਸਥਾ ਦੌਰਾਨ ਅਚਾਨਕ ਉੱਚ ਤਾਪਮਾਨ ਨੀਲੇ ਤੋਂ ਇੱਕ ਬੋਲਟ ਦੇ ਰੂਪ ਵਿੱਚ ਆਇਆ। ਕਿਸਾਨਾਂ ਨੇ ਕਿਹਾ ਕਿ ਜ਼ਿਆਦਾ ਤਾਪਮਾਨ ਅਤੇ ਸਿੰਜਾਈ ਲਈ ਪਾਣੀ ਦੀ ਕਮੀ ਦੇ ਦੋਹਰੇ ਪ੍ਰਭਾਵਾਂ ਕਾਰਨ ਕਈ ਕਿਸਾਨਾਂ ਨੂੰ ਆਪਣੇ ਪੌਦੇ ਪੁੱਟਣੇ ਪਏ।

# ਅੱਤਵਾਦੀਆਂ ਨੂੰ 'ਮਾੜੇ ਜਾਂ ਚੰਗੇ' ਦੀ ਸ਼੍ਰੇਣੀ 'ਚ ਵੰਡਣ ਦਾ ਦੌਰ ਖ਼ਤਮ ਹੋਣਾ ਚਾਹੀਦੈ-ਭਾਰਤ

ਸੰਯੁਕਤ ਰਾਸ਼ਟਰ (ਪੰਜਾਬੀ ਅਖਬਾਰ ਬਿਊਰੋ)- : ਭਾਰਤ ਨੇ ਇੱਥੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਕਿਹਾ ਕਿ ਅੱਤਵਾਦੀਆਂ ਨੂੰ 'ਸਿਆਸੀ ਸਹੂਲਤ' ਦੇ ਆਧਾਰ 'ਤੇ 'ਮਾੜੇ' ਜਾਂ 'ਚੰਗੇ' ਵਜੋਂ ਸ਼੍ਰੇਣੀਬੱਧ ਕਰਨ ਦਾ ਦੌਰ ਤੁਰੰਤ ਖ਼ਤਮ ਹੋਣਾ ਚਾਹੀਦਾ ਹੈ। ਇਸ ਨੇ ਇੱਕ ਸੰਕਲਪ ਪੱਤਰ ਜਾਰੀ ਕਰਦੇ ਹੋਏ ਕਿਹਾ ਕਿ ਅੱਤਵਾਦੀ ਕਾਰਵਾਈਆਂ ਨੂੰ ਧਾਰਮਿਕ ਜਾਂ ਵਿਚਾਰਧਾਰਕ ਦੇ ਰੂਪ ਵਿੱਚ ਸ਼੍ਰੇਣੀਬੱਧ ਕਰਨ ਨਾਲ ਅੱਤਵਾਦ ਨਾਲ ਲੜਨ ਦੀ ਸਾਂਝੀ ਵਿਸ਼ਵ ਵਚਨਬੱਧਤਾ ਘੱਟ ਹੋ ਜਾਵੇਗੀ। ਸੰਯੁਕਤ ਰਾਸ਼ਟਰ ਦੀ 15 ਮੈਂਬਰੀ ਸੁਰੱਖਿਆ ਪ੍ਰੀਸ਼ਦ ਦੇ ਮੌਜੂਦਾ ਪ੍ਰਧਾਨ ਹੋਣ ਦੇ ਨਾਤੇ ਭਾਰਤ ਬਹੁ-ਪੱਖੀ ਸੁਧਾਰ, 2 ਮਹੱਤਵਪੂਰਨ ਪ੍ਰੋਗਰਾਮਾਂ ਦਾ ਆਯੋਜਨ ਕਰੇਗਾ, ਜਿਸ ਦੀ ਪ੍ਰਧਾਨਗੀ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਕਰਨਗੇ। ਮੀਟਿੰਗ ਤੋਂ ਪਹਿਲਾਂ, ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਰਾ ਕੰਬੋਜ ਨੇ ਸਕੱਤਰ-ਜਨਰਲ ਐਂਟੋਨੀਓ ਗੁਤਾਰੇਸ ਨੂੰ ਇੱਕ ਪੱਤਰ ਲਿਖ ਕੇ ਕਿਹਾ ਕਿ ਇਸ ਵਿਸ਼ੇ 'ਤੇ ਚਰਚਾ ਲਈ ਇੱਕ ਸੰਕਲਪ ਪੱਤਰ ਸੁਰੱਖਿਆ ਪਰਿਸ਼ਦ ਦੇ ਦਸਤਾਵੇਜ਼ ਵਜੋਂ ਪ੍ਰਸਾਰਿਤ ਕੀਤਾ ਜਾਵੇ। ਪਿਛਲੇ ਹਫ਼ਤੇ ਲਿਖੇ ਗਏ ਸੰਕਲਪ ਪੱਤਰ ਵਿੱਚ ਕਿਹਾ ਗਿਆ ਹੈ, 'ਨਿਊਯਾਰਕ ਵਿੱਚ 11 ਸਤੰਬਰ, 2001 ਨੂੰ ਹੋਏ ਅੱਤਵਾਦੀ ਹਮਲੇ ਨੇ ਅੱਤਵਾਦ ਦਾ ਮੁਕਾਬਲਾ ਕਰਨ ਲਈ ਵਿਸ਼ਵਵਿਆਪੀ ਰੁਖ਼ ਨੂੰ ਬਦਲ ਦਿੱਤਾ। ਇਸ ਤੋਂ ਬਾਅਦ ਲੰਡਨ, ਮੁੰਬਈ, ਪੈਰਿਸ, ਪੱਛਮੀ ਸ਼ੀਆ ਅਤੇ ਅਫਰੀਕਾ ਦੇ ਕਈ ਹਿੱਸਿਆਂ ਵਿੱਚ ਅੱਤਵਾਦੀ ਹਮਲੇ ਹੋਏ।'ਇਸ ਵਿਚ ਕਿਹਾ ਗਿਆ ਹੈ ਕਿ ਇਹ ਹਮਲੇ ਦਰਸਾਉਂਦੇ ਹਨ ਕਿ ਅੱਤਵਾਦ ਦਾ ਖ਼ਤਰਾ ਗੰਭੀਰ ਅਤੇ ਵਿਸ਼ਵਵਿਆਪੀ ਹੈ ਅਤੇ ਦੁਨੀਆ ਦੇ ਇਕ ਹਿੱਸੇ ਵਿਚ ਅੱਤਵਾਦ ਦਾ ਦੁਨੀਆ ਦੇ ਦੂਜੇ ਹਿੱਸਿਆਂ ਵਿਚ ਸ਼ਾਂਤੀ ਅਤੇ ਸੁਰੱਖਿਆ ਲਈ ਗੰਭੀਰ ਪ੍ਰਭਾਵ ਪੈਂਦਾ ਹੈ। ਪੱਤਰ ਵਿੱਚ ਕਿਹਾ ਗਿਆ ਹੈ, ਅੱਤਵਾਦ ਦਾ ਖ਼ਤਰਾ ਅੰਤਰਰਾਸ਼ਟਰੀ ਹੈ। ਅੱਤਵਾਦੀ ਤੱਤ ਅਤੇ ਉਨ੍ਹਾਂ ਦੇ ਸਮਰਥਕ ਅਤੇ ਵਿੱਤ ਪੋਸ਼ਕ ਵੱਖ-ਵੱਖ ਖੇਤਰਾਂ ਵਿੱਚ ਰਹਿੰਦੇ ਹੋਏ ਦੁਨੀਆ ਵਿਚ ਕਿਤੇ ਵੀ ਆਪਣੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਇਕੱਠੇ ਹੁੰਦੇ ਹਨ।